SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ
PHONE: 209-855-6938

ਹਫਤਾਵਾਰੀ

# ਦੇਸ਼ ਦੁਆਬਾ


VOL - 8 ISSUE - 40
January 15, 2020

Postal Address
Desh Doaba
5101 Doe Hollow Pl., Antelope, CA-95843

www.deshdoaba.com
www.ambedkartimes.com

Golden State Truck Sales Inc.
ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ ਅਸੀਂ ਤੁਹਾਡੀ ਮਦਦ ਕਰਾਂਗੇ
Call : Dharminder Singh
Cell : 530-870-6600
Email: myfuturetruck@gmail.com

ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ




"The function of education is to teach one to think intensively and to think critically. Intelligence plus character – that is the goal of true education."
Martin Luther King Jr.



ਗਦਰੀ ਬਾਬਾ ਬਾਬੂ ਮੰਗੂ ਰਾਮ ਮੁੱਗੋਵਾਲੀਆ ਜੀ 134ਵੇਂ ਜਨਮ ਦਿਨ 'ਤੇ ਅਦਾਰਾ 'ਅੰਬੇਦਕਰ ਟਾਈਮਜ਼' ਅਤੇ 'ਦੇਸ਼ ਦੁਆਬਾ' ਵੱਲੋਂ ਕੋਟਿਨ-ਕੋਟਿ ਪ੍ਰਣਾਮ

## ਖ਼ਰਾਬ ਮੌਸਮ ਦੇ ਬਾਵਜੂਦ ਲੱਖਾਂ ਸ਼ਰਧਾਲੂ ਮਾਘੀ ਮੇਲੇ 'ਤੇ ਪੁੱਜੇ

ਸ੍ਰੀ ਮੁਕਤਸਰ ਸਾਹਿਬ- ਦੋ ਦਿਨਾਂ ਦੌਰਾਨ ਮੁਕਤਸਰ 'ਚ 26.2 ਐੱਮ.ਐੱਮ. ਬਾਰਸ਼ ਹੋਣ ਅਤੇ ਖ਼ਰਾਬ ਮੌਸਮ ਦੇ ਬਾਵਜੂਦ ਅੱਜ 40 ਮੁਕਤਿਆਂ ਨੂੰ ਸ਼ਰਧਾ ਸੁਮਨ ਭੇਟ ਕਰਨ ਲਈ ਲੱਖਾਂ ਸ਼ਰਧਾਲੂ ਮੁਕਤਸਰ ਪੁੱਜੇ ਅਤੇ ਗੁਰਦੁਆਰਾ ਸ੍ਰੀ ਟੁੱਟੀ ਗੰਢੀ ਸਾਹਿਬ ਦੇ ਸਰੋਵਰ ਵਿਚ ਇਸ਼ਨਾਨ ਕੀਤਾ। ਲੋਹੜੀ ਵਾਲੀ ਰਾਤ 12 ਵਜੇ ਤੋਂ ਇਸ਼ਨਾਨ ਸ਼ੁਰੂ ਹੋ ਗਿਆ ਸੀ ਤੇ ਸਾਰਾ ਦਿਨ ਸੰਗਤਾਂ ਦੀ ਆਮਦ ਬਣੀ ਰਹੀ। ਸ੍ਰੀ ਦਰਬਾਰ ਸਾਹਿਬ ਦੇ ਮੈਨੇਜਰ ਬਲਦੇਵ ਸਿੰਘ ਨੇ ਦੱਸਿਆ ਕਿ ਮੌਸਮ ਦੀ ਖ਼ਰਾਬੀ ਦੇ ਬਾਵਜੂਦ ਸ਼ਰਧਾਲੂਆਂ ਦੀ ਆਮਦ 'ਚ ਕੋਈ ਕਮੀ ਨਹੀਂ ਆਈ। ਦਰਬਾਰ ਸਾਹਿਬ ਵਿਖੇ ਪ੍ਰਦਰਸ਼ਨੀ ਵੀ ਲਾਈ ਗਈ ਹੈ। ਸਕਾਊਟਸ ਦੇ ਕੈਡਿਟ ਜੋੜਿਆਂ ਦੀ ਸੇਵਾ ਕਰ ਰਹੇ ਹਨ। ਵੱਡੀ ਗਿਣਤੀ 'ਚ ਲੋਕ ਪੈਦਲ, ਟਰੈਕਟਰ-ਟਰਾਲੀਆਂ ਅਤੇ ਹੋਰ ਵਾਹਨਾਂ ਉੱਪਰ ਆਏ ਪਰ ਇਸ ਦੌਰਾਨ ਪ੍ਰਸ਼ਾਸਨ ਨੇ ਢਿੱਲੇ ਪ੍ਰਬੰਧਾਂ ਨੇ ਸ਼ਰਧਾਲੂਆਂ ਨੂੰ ਭਾਰੀ ਬਿਪਤਾ ਵਿਚ ਪਾਈ ਰੱਖਿਆ। ਗੁਰਦੁਆਰੇ ਦੇ ਆਸੇ-ਪਾਸੇ ਦੀਆਂ ਸਾਰੀਆਂ ਸੜਕਾਂ 'ਤੇ ਗੰਦਾ ਪਾਣੀ ਭਰਿਆ ਹੋਇਆ ਸੀ। ਸੜਕਾਂ 'ਤੇ ਰੌਸ਼ਨੀ ਦੀ ਘਾਟ ਸੀ। ਸ਼ਹਿਰੋਂ ਬਾਹਰਵਾਰ ਬਣਾਈਆਂ ਪਾਰਕਿੰਗਾਂ ਵਿਚ ਗੱਡੀਆਂ ਖੜ੍ਹਾਉਣ ਦਾ ਕੋਈ ਠੀਕ ਪ੍ਰਬੰਧ ਨਹੀਂ ਸੀ। ਪ੍ਰਸ਼ਾਸਨ ਵੱਲੋਂ ਪਾਰਕਿੰਗਾਂ ਤੋਂ ਲਿਆਉਣ ਲਈ ਵੈਨਾਂ ਭੇਜਣ ਦਾ ਦਾਅਵਾ ਕੀਤਾ ਗਿਆ ਸੀ ਪਰ ਕੋਈ ਵੈਨ ਵਿਖਾਈ ਨਹੀਂ ਦਿੱਤੀ। ਆਰਜ਼ੀ ਪਿਸ਼ਾਬਘਰਾਂ ਦੀ ਹਾਲਤ ਮਾੜੀ ਸੀ। ਆਵਾਜਾਈ ਦਾ ਪ੍ਰਬੰਧ ਇੰਨਾ ਮਾੜਾ ਸੀ ਕਿ ਘੰਟਿਆਂ ਬੱਧੀ ਆਵਾਜਾਈ ਠੱਪ ਰਹੀ। ਬਾਈਪਾਸ ਉੱਪਰ ਵੀ ਜਾਮ ਲੱਗੇ ਰਹੇ। ਇਕ ਕਾਂਗਰਸੀ ਆਗੂ ਨੇ ਦੱਸਿਆ ਕਿ ਕੋਟਕਪੂਰਾ ਰੋਡ ਉੱਪਰ ਸ਼ਹਿਰ ਦੇ ਰਹਿਣ ਵਾਲਿਆਂ ਤੇ ਕਾਰਡ ਹੋਲਡਰਾਂ ਨੂੰ ਸ਼ਹਿਰ ਵਿਚ ਵੜਨ ਨਹੀਂ ਦਿੱਤਾ ਗਿਆ, ਜਿਸ ਕਰਕੇ ਲੋਕਾਂ ਨੂੰ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪਿਆ। ਭੀੜ 'ਚ ਫਸੇ ਬਜ਼ੁਰਗਾਂ, ਬੱਚਿਆਂ ਤੇ ਔਰਤਾਂ ਦੀ ਹਾਲਤ ਮਾੜੀ ਸੀ।



### ਤਖ਼ਤ ਸ੍ਰੀ ਦਮਦਮਾ ਸਾਹਿਬ ਵਿਖੇ ਸ਼ਰਧਾ ਨਾਲ ਮਨਾਇਆ ਮਾਘੀ ਮੇਲਾ

ਤਲਵੰਡੀ ਸਾਬੋ- ਤਖ਼ਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਵਿਖੇ ਮਾਘੀ ਮੇਲਾ ਸ਼ਰਧਾ ਨਾਲ ਮਨਾਇਆ ਗਿਆ। ਸਵੇਰੇ ਤਖ਼ਤ ਸਾਹਿਬ ਦੇ ਗੁਰਦੁਆਰਾ ਮਾਤਾ ਸਾਹਿਬ ਕੌਰ ਸੁੰਦਰ ਕੌਰ ਸਮੇਤ ਹੋਰਨਾਂ ਗੁਰਦੁਆਰਿਆਂ ਵਿਚ ਮਾਘ ਮਹੀਨੇ ਦੀ ਸੰਗਰਾਂਦ ਦੇ ਭੋਗ ਪਾਏ ਗਏ ਤੇ ਅਰਦਾਸ ਕੀਤੀ ਗਈ।

ਤਖ਼ਤ ਸਾਹਿਬ ਦੇ ਮੁੱਖ ਗ੍ਰੰਥੀ ਭਾਈ ਗੁਰਜੰਟ ਸਿੰਘ, ਗੁਰਦੁਆਰਾ ਸੰਤ ਸੇਵਕ ਬੁੰਗਾ ਮਸਤੂਆਣਾ ਸਾਹਿਬ ਦੇ ਚੇਅਰਮੈਨ ਬਾਬਾ ਛੋਟਾ ਸਿੰਘ ਅਤੇ ਬਾਬਾ ਕਾਕਾ ਸਿੰਘ ਨੇ ਸੰਗਤ ਨੂੰ ਮਾਘੀ ਦੀ ਵਧਾਈ ਦਿੱਤੀ। ਗੁਰਦੁਆਰਿਆਂ ਅੰਦਰ ਸਾਰਾ ਦਿਨ ਜਿੱਥੇ ਕਥਾ-ਕੀਰਤਨ ਤੇ ਗੁਰਬਾਣੀ ਵਖਿਆਨ ਹੁੰਦਾ ਰਿਹਾ, ਉੱਥੇ ਹੀ ਧਾਰਮਿਕ ਸਮਾਗਮਾਂ ਵਿਚ ਢਾਡੀਆਂ ਅਤੇ ਕਵੀਸ਼ਰਾਂ ਨੇ ਸਿੱਖ ਇਤਿਹਾਸ ਨਾਲ ਸਬੰਧਤ ਵਾਰਾਂ ਪੇਸ਼ ਕੀਤੀਆਂ। ਮੇਲੇ ਵਿਚ ਸ਼ਰਧਾਵਾਨਾਂ ਨੇ ਸੰਗਤ ਲਈ ਤਰ੍ਹਾਂ-ਤਰ੍ਹਾਂ ਦੇ ਲੰਗਰ ਲਾਏ ਹੋਏ ਸਨ। ਮੇਲੇ ਵਿਚ ਪੁੱਜੀ ਸੰਗਤ ਨੇ ਸਰੋਵਰਾਂ ਵਿਚ ਇਸ਼ਨਾਨ ਕੀਤਾ। ਤਖ਼ਤ ਸਾਹਿਬ ਦੇ ਪੰਜ ਪਿਆਰਿਆਂ ਵੱਲੋਂ ਗੁਰਦੁਆਰਾ ਬਾਬਾ ਬੀਰ ਸਿੰਘ ਧੀਰ ਸਿੰਘ ਵਿਖੇ ਅੰਮ੍ਰਿਤ ਸੰਚਾਰ ਕੀਤਾ ਗਿਆ। ਇਸ ਦੌਰਾਨ ਸੈਂਕੜੇ ਪ੍ਰਾਣੀ ਖੰਡੇ ਬਾਟੇ ਦਾ ਪਾਹੁਲ ਛਕ ਕੇ ਗੁਰੂ ਵਾਲੇ ਬਣੇ।

BAGGA JEWELERS
SINCE 1996
916-912-8842, 916-329-8772
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।
6930 65TH STREET # 115 SACRAMENTO CA 95823
Sandeep Jony Bagga

GINNY WALIA
Law Offices. Inc
Ginny H. K. Walia
Experienced Jury Trial Lawyer
Featured as a legal analyst on Fox News, MSNBC and Kron 4
FAMILY LAW, CRIMINAL DEFENSE AND CIVIL LITIGATION
Tel: (408) 724-9200
Fax: (408) 724-9202
Toll Free: 1 (800) 379-9330
ginny@walialawfirm.com
www.walialawfirm.com

Indian Grill
Indiangrillsanleandro.com
Pal343@ yahoo.com
510-878-2704, 510-332-1974 Mobile
Open 7 days a week
Lunch Buffet : 11:00 AM - 2:30 PM
Fine Dining: 4.30 PM - 9"30 PM
We do Outdoor & Indoor Catering for all your Events
1600 Washington Ave.
San Leandro.CA 94577

MAJESTIC HOMES
Office (925) 779-1234
Direct (925) 366-3618
Fax (905) 219-3918
DRE Licence- 00871752
RAMESH SUMAN
Broker Realtor
RCS-D ™
www.majestichomes.us ramesh@rameshsuman.com
P.O. Box 3434, Antioch, CA 94531-3434

SAROAY INVESTMENT REALTY
Ram Saroay
Broker/Realtor
Business License 031035
ramsaroay@hotmail.com
39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

Amrik Chand (CPA)
Phone : 510-490-8200
Fax : 510-490-8202
Email : achand@pacbell.net
Income Tax Preparation (Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539



ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ
Kash
FABRICS
ਸਾਡੀ ਸਪੈਸ਼ਲਟੀ
ਵਿਆਹ ਸ਼ਾਦੀ ਲਈ ਡਿਜ਼ਾਈਨਰ
ਲਹਿੰਗੇ ਤੇ ਸੂਟ ਅਤੇ ਨਾਲ
ਡਿਜ਼ਾਇਨਰ ਮੈਚਿੰਗ ਜਿਊਲਰੀ
ਖੁੱਲ੍ਹਾ ਕੱਪੜਾ ਵਧੀਆ ਤੋਂ
ਵਧੀਆ ਸਾੜੀਆਂ ਤੇ
ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ
ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ
ਸੀਡੀਆਂ-ਵੀਡੀਓ ਤੇ ਡੀਥ ਵੀਥ ਡੀਥ ਦੀ ਬਹੁਤ ਵੱਡੀ ਕੁਲੈਕਸ਼ਨ ਹੈ।
ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂਥ ਪੀਥ ਐਸ਼ ਰਾਹੀਂ ਤੁਰੰਤ ਭੇਜ ਸਕਦੇ ਹਾਂ।
KASH FABRICS
ONE STOP SHOPPING CENTRE
29576 Mission Blvd Hayward. Ca 94544
www.kashfabrics.com
Tel: 510-538-1138




INDIA BAZAAR
Jai Ram Gaught
Harjit Gaught (Happy)
INDIAN, PAKISTANI & FIJJIAN GROCERIES
WE ARE OPEN
7 DAYS A WEEK
9:00am to 8:30pm
RENT DVDS & BUY CLOTHES
ENJOY YOUR DAY WITH HOPES
WE ACCEPT FOOD STAMPS
CALL TO HAPPY
Cell: (209)-487-2127
Ph: (209) 478-0285
Fax: (209) 477-3206
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।
EVERY SATURDAY & SUNDAY SPECIAL DISCOUNT ON GROCERIES
1304-E HAMMER LANE, SUITE 12, STOCKTON CA, 95210
EMAIL: indiabazaar08@yahoo.com




Raja
SWEETS & CATERING
AUTHORIZED CATERER FOR
MAJOR 5-STAR HOTELS
ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor
CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que
ADDITIONAL SERVICE
Warmers | Chaffing Dishes
China & Silverware
Linen Rental | Waiters
Bartenders
CONTACT US:
RAJA SWEETS & CATERING
WORK (510) 489-9100
CELL (510) 715-1619
Email: msbains@rajasweets.com
www.rajasweets.com
Find us on facebook
Follow us on Twitter
rajasweetsandcatering
rajasweets




INDIA MARKET
INDIA MARKET
SWEETS & SPICES
CHAAT PAPDI, SAMOSA, CHAAT, PANI PURI
DAHI VADA, BHEL PURI CHAAT
ਤੁਹਾਡਾ ਆਪਣਾ
ਮਨਭਾਉਂਦਾ ਸਟੋਰ
ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ
ਲਈ ਸੇਵਾ ਦਾ ਮੌਕਾ ਦਿਓ
WE HAVE LARGEST COLLECTION FOR INDIAN FIJIAN & PAKISTANI GROCERY
MUSIC, FABRIC ARTIFICIAL JEWELRY, SWEETS, FRESH VEGETABLES & MORE..
ਕਸ਼ਮੀਰ ਸਿੰਘ ਹੀਰਾ
ਬਰਿੰਦਰ ਬੰਗੜ
Super Eyebrow
Threading Now Open
Eyebrow Threading
& Henna Tattoo
7 times,
Get 8th one free!
Inside India Market
SACRAMENTO
5203 EKLHORN BLVD
SACRAMENTO CA 95842
916- 338-5511
WALK INS WELCOME
ROSEVILLE
1265 PLEASANT GROVE BLVD.
# 100 ROSEVILLE, CA 95747
916- 786-7666
Cell :
916-798-8142
Email:
IndiaMarketRoseville@gmail.com


# 'ਪੰਜਾਬੀ ਕਲਚਰਲ ਸੈਂਟਰ' ਫਰਿਜ਼ਨੋ ਵਿਖੇ ਰਵਾਇਤੀ ਲੋਹੜੀ 'ਤੇ ਲੱਗੀਆਂ ਰੌਣਕਾਂ





**ਫਰਿਜ਼ਨੋ (ਕੁਲਵੰਤ ਧਾਲੀਆਂ / ਨੀਟਾ ਮਾਛੀਕੇ):** ਵਿਦੇਸ਼ਾਂ ਵਿੱਚ ਪੰਜਾਬੀ ਆਪਣੇ ਸੱਭਿਆਚਾਰਕ ਵਿਰਸੇ ਲਈ ਸੁਚੇਤ ਹਨ ਅਤੇ ਸਾਰੇ ਤਿਉਹਾਰ ਰਵਾਇਤੀ ਤਰੀਕੇ ਨਾਲ ਰਲ-ਮਿਲ ਮਨ-ਾਉਦੇ ਹਨ। ਇਸੇ ਲੜੀ ਤਹਿਤ 'ਪੰਜਾਬੀ ਰੇਡੀਉ ਯੂ.ਐਸ.ਏ.' ਵੱਲੋਂ ਪਹਿਲ ਕਦਮੀ ਕਰਦੇ ਹੋਏ ਧੀਆਂ ਅਤੇ ਪੁੱਤਰਾਂ ਦੀ ਲੋਹੜੀ ਦਾ ਤਿਉਹਾਰ 'ਪੰਜਾਬੀ ਕਲਚਰਲ ਸੈਂਟਰ, ਫਰਿਜ਼ਨੋ' ਵਿਖੇ ਪੂਰੀਆਂ ਸੱਭਿਆਚਾਰਕ ਰਸਮਾਂ ਨਾਲ ਮਨਾਇਆ ਗਿਆ। ਜਿੱਥੇ ਇਲਾਕੇ ਭਰ ਤੋਂ ਪਰਿਵਾਰ ਆਪਣੇ ਨਵ-ਜਨਮੇ ਬੱਚੇ ਲੈ ਕੇ ਹਾਜ਼ਰ ਹੋਏ। ਇਸੇ ਤਰ੍ਹਾਂ ਨਵ-ਵਿਆਹਿਆ ਜੋੜਿਆ ਨੇ ਵੀ ਹਾਜ਼ਰੀ ਭਰਦੇ ਹੋਏ ਰੌਣਕਾਂ ਲਾਈਆ। ਇਸ ਪ੍ਰੋਗਰਾਮ ਦੌਰਾਨ ਠੰਡੇ ਮੌਸਮ ਹੋਣ ਦੇ ਬਾਵਜੂਦ ਲੱਗੀਆਂ ਧੂਣੀਆਂ ਦਾ ਸ਼ੇਕ ਅਤੇ ਗਾਏ ਜਾ ਰਹੇ ਗੀਤਾਂ ਦਾ ਨਿੱਘ ਸਭ ਹਾਜ਼ਰੀਨ ਅੰਦਰ ਆਪਣੇ ਅਮੀਰ ਸੱਭਿਆਚਾਰਕ ਵਿਰਸੇ ਲਈ ਸਿਜਦਾ ਕਰਦੇ ਹੋਏ ਮੰਨੋਰੰਜਨ ਕਰ ਰਿਹਾ ਸੀ। ਪ੍ਰੋਗਰਾਮ ਦੌਰਾਨ ਸਭ ਨੇ ਰਲ-ਮਿਲ ਗੀਤ, ਬੋਲੀਆਂ ਅਤੇ ਗਿੱਧੇ-ਭੰਗੜੇ ਪਾਏ। ਬੱਚਿਆ ਵੱਲੋਂ ਵੀ ਸਟੇਜ਼ ਰਾਹੀ ਪੇਸ਼ਕਾਰੀ ਕੀਤੀ ਗਈ। ਪ੍ਰੋਗਰਾਮ ਦਾ ਮਹੌਲ ਇਕ ਨਵੇਂ ਪੰਜਾਬ ਦੀ ਤਸਵੀਰ ਪੇਸ਼ ਕਰ ਰਿਹਾ ਸੀ। 'ਡੇ ਐਂਡ ਨਾਈਟ ਵੀਡੀਉ' ਦੇ ਪਰਮਜੀਤ ਸਿੰਘ ਵੱਲੋਂ ਫਰੀ ਫੋਟੋ ਬੂਥ ਵੀ ਸਭ ਦੀਆਂ ਯਾਦਾ ਨੂੰ ਕੈਮਰਾਬੰਧ ਕਰ ਰਿਹਾ ਸੀ। ਜਿੱਥੇ ਸਭ ਲੋਕ ਰਲ ਆਪਣੀਆ ਖੁਸ਼ੀਆਂ ਨੂੰ ਸਾਂਝਾ ਕਰ ਰਹੇ ਸਨ। ਇਸ ਸਮੇਂ ਹਾਜ਼ਰੀਨ ਲਈ ਸੁਆਦਿਸਟ ਪਕੌੜੇ ਅਤੇ ਹੋਰ ਖਾਣੇ ਤੋਂ ਇਲਾਵਾ ਗੁੜ, ਗੱਚਕ, ਰਿਉੜੀਆ, ਮੂੰਗਫਲੀ ਅਤੇ ਹੋਰ ਮਠਿਆਈਆ ਦਾ ਪ੍ਰਬੰਧ ਕੀਤਾ ਗਿਆ ਸੀ। ਪ੍ਰੋਗਰਾਮ ਸੰਚਾਲਨ ਰਾਜਕਰਨਵੀਰ ਅਤੇ ਜੋਤ ਰਣਜੀਤ ਨੇ ਕੀਤਾ। ਇਸ ਸਮੁੱਚੇ ਪ੍ਰੋਗਰਾਮ ਦੀ ਸਫਲਤਾ ਲਈ ਸ. ਹਰਜੋਤ ਸਿੰਘ ਖਾਲਸਾ ਅਤੇ ਪੰਜਾਬੀ ਰੇਡੀਓ ਦੀ ਟੀਮ ਵਧਾਈ ਦੀ ਪਾਤਰ ਹੈ। ਇੱਥੇ ਇਹ ਗੱਲ ਵਰਨਣਯੋਗ ਹੈ ਕਿ ਭਾਰਤ ਵਿੱਚ ਬੇਸ਼ੱਕ ਅਧੁਨਿਕਤਾ ਵੱਲ ਨੂੰ ਵਧਦੇ ਹੋਏ ਵਿਸਰਦੇ ਜਾ ਰਹੇ ਹਨ। ਪਰ ਸਮੂੰਹ ਵਿਦੇਸ਼ੀਆਂ ਨੇ ਸੱਤ ਸਮੁੰਦਰ ਪਾਰ ਆ ਅਧੁਨਿਕਤਾ ਵਿੱਚ ਰਹਿੰਦੇ ਹੋਏ ਆਪਣੇ ਸੱਭਿਆਚਾਰਕ ਵਿਰਸੇ ਅਤੇ ਰਸਮਾਂ ਨੂੰ ਜ਼ਿੰਦਾ ਰੱਖਿਆਂ ਹੋਇਆ ਹੈ। ਅਜਿਹਾ ਕਰਦੇ ਹੋਏ ਉਹ ਆਪਣੀਆ ਆਉਣ ਵਾਲੀਆਂ ਪੀੜੀਆ ਨੂੰ ਆਪਣੇ ਅਮੀਰ ਵਿਰਸੇ ਦੀਆਂ ਜੜ੍ਹਾਂ ਨਾਲ ਜੋੜ ਰਹੇ ਹਨ।

# ਭਾਰਤੀ ਅੰਬੈਸੇਡਰ ਹਰਸ਼ ਵਰਧਨ ਸ਼ਿੰ੍ਗਲਾ ਦਾ ਵਿਦਾਇਗੀ ਸਮਾਰੋਹ ਕੈਪੀਟਲ ਹਿੱਲ ਵਾਸ਼ਿੰਗਟਨ ਵਿਖੇਂ ਆਯੋਜਿਤ







**ਵਾਸ਼ਿੰਗਟਨ ਡੀ. ਸੀ. (ਰਾਜ ਗੋਗਨਾ) –** ਭਾਰਤੀ ਅੰਬੈਸਡਰ ਹਰਸ਼ ਵਰਧਨ ਸ਼ਰਿੰਗਲਾ ਜੋ ਹੁਣੇ ਜਿਹੇ ਹੀ ਵਿਦੇਸ਼ ਸਕੱਤਰ ਭਾਰਤ ਸਰਕਾਰ ਨਿਯੁਕਤ ਹੋਏ ਹਨ। ਉਨ੍ਹਾਂ ਦੀ ਨਿੱਘੀ ਵਿਦਾਇਗੀ ਸਮਾਗਮ ਰੇਬਨ ਹਾਊਸ ਆਫਿਸ ਬਿਲਡਿੰਗ ਕੈਪੀਟਲ ਹਿਲ ਵਾਸ਼ਿੰਗਟਨ ਡੀ. ਸੀ. ਵਿਖੇ ਆਯੋਜਿਤ ਕੀਤਾ ਗਿਆ ਹੈ।ਇਸ ਵਿਦਾਇਗੀ ਪਾਰਟੀ ਦੇ ਹੋਸਟ ਰਵੀ ਬਤਰਾ ਚੇਅਰ ਨੈਸ਼ਨਲ ਐਡਵਾਈਜਰੀ ਕੌਂਸਲ ਸਾਊਸ ਏਸ਼ੀਅਨ ਅਤੇ ਰੰਜੂ ਬਤਰਾ ਚੇਅਰ ਦੀਵਾਲੀ ਫਾਊਂਡੇਸ਼ਨ ਅਮਰੀਕਾ ਸਨ। ਜਿਨ੍ਹਾਂ ਨੇ ਹਰਸ਼ ਵਰਧਨ ਸ਼ਿੰ੍ਗਲਾ ਨੂੰ ਮਿੱਠੇ ਸ਼ਬਦਾਂ ਵਿੱਚ ਜੀ ਆਇਆਂ ਆਖਿਆ ਅਤੇ ਹਾਜ਼ਰੀਨ ਦੀ ਸਮਾਗਮ ਵਿੱਚ ਸ਼ਮੂਲੀਅਤ ਨੂੰ ਸਰਾਹਿਆ।

ਹਰਸ਼ ਵਰਧਨ ਸ਼ਿੰ੍ਗਲਾ ਨੇ ਕਿਹਾ ਕਿ ਇਹ ਉਹੀ ਕਮਰਾ ਹੈ ਜਿਸ ਵਿੱਚ ਅਮਰੀਕਾ ਦੇ ਕਨੂੰਨੀ ਸਲਾਹਕਾਰ ਦੇ ਸਾਹਮਣੇ ਕਸ਼ਮੀਰ ਮੁੱਦੇ ਦੇ ਸਬੰਧੀ ਤੱਥ ਪੇਸ਼ ਕੀਤੇ ਗਏ ਸਨ। ਅਸੀਂ ਕਦੇ ਵੀ ਆਪਣੀ ਇਮਾਨਦਾਰੀ ਨਾਲ ਸਮਝੌਤਾ ਨਹੀਂ ਕਰਾਂਗੇ। ਜਿਵੇਂ ਮੈਂ ਭਾਰਤ ਜਾ ਰਿਹਾ ਹਾਂ, ਮੈਂ ਹਮੇਸ਼ਾ ਭਾਰਤੀ ਪ੍ਰਵਾਸੀਆਂ ਨੂੰ ਯਾਦ ਕਰਾਂਗਾ ਕਿ ਉਹ ਮੂਲ ਦੇਸ਼ ਦੇ ਸਭ ਤੋਂ ਵੱਡੇ ਸਮਰਥਕ ਅਤੇ ਗੋਦ ਲੈਣ ਵਾਲੇ ਦੇਸ਼ ਨੂੰ ਇਕੱਠੇ ਕਰਨ ਵਿੱਚ ਅਹਿਮ ਭੂਮਿਕਾ ਨਿਭਾਅ ਰਹੇ ਹਨ। ਉਨ੍ਹਾਂ ਕਿਹਾ ਕਿ ਇੱਕ ਸਾਲ ਪਹਿਲਾਂ ਮੈਂ ਅਮਰੀਕਾ ਵਿੱਚ ਆਇਆ ਸੀ। ਜੋ ਪਿਆਰ ਮੈਨੂੰ ਕਮਿਊਨਿਟੀ ਅਤੇ ਅਮਰੀਕਾ ਦੇ ਪ੍ਰਬੰਧਕਾਂ ਨੇ ਦਿੱਤਾ ਹੈ ਉਸਨੂੰ ਮੈਂ ਕਦੇ ਨਹੀਂ ਭੁਲਾ ਸਕਦਾ। ਸਗੋਂ ਇਹ ਮੇਰੀ ਜ਼ਿੰਦਗੀ ਦਾ ਹਿੱਸਾ ਬਣ ਗਿਆ ਹੈ। ਜੋ ਹਮੇਸ਼ਾ ਮੈਨੂੰ ਇੱਥੋਂ ਦੀ ਯਾਦ ਦਿ-ਵਾਉਂਦਾ ਰਹੇਗਾ। ਹਰਸ਼ ਵਰਧਨ ਸ਼ਿੰ੍ਗਲਾ ਨੇ ਰੰਜੂ ਬਤਰਾ ਦੀ ਸ਼ਲਾਘਾ ਕੀਤੀ, ਜਿਨ੍ਹਾਂ ਨੇ ਦੀਵਾਲੀ ਟਿਕਟ ਨੂੰ ਜਾਰੀ ਕਰਵਾਉਣ ਵਿੱਚ ਅਹਿਮ ਰੋਲ ਅਦਾ ਕੀਤਾ। ਉੱਥੇ ਉਨ੍ਹਾਂ ਕਮਿਊਨਿਟੀ ਕਾਰਕੁੰਨ ਸੁਨੀਲ ਸਿੰਘ, ਬਾਨਿਵ, ਸੁਖਪਾਲ ਸਿੰਘ ਧਨੋਆ, ਜਰਨਲਿਸਟ ਲਲਿਤ ਝਾਅ ਅਤੇ ਨੇੜੇ ਦੇ ਮਿੱਤਰ ਜਰਨਲਿਸਟ ਤੇਜਿੰਦਰ ਸਿੰਘ ਦੇ ਨਾਵਾਂ ਦਾ ਖਾਸ ਜ਼ਿਕਰ ਕੀਤਾ।ਪੀਟਰ ਕਿੰਗ ਨਿਊਯਾਰਕ ਨੇ ਉਤੇਜਿਤ ਲੋਕਤੰਤਰ ਦੀ ਸ਼ਲਾਘਾ ਕੀਤੀ ਅਤੇ ਕਮਿਊਨਿਟੀ ਵਲੋਂ ਦਿੱਤੇ ਸਹਿਯੋਗ ਦਾ ਧੰਨਵਾਦ ਕੀਤਾ। ਬਰਾਂਡ ਸ਼ਰਮਨ ਨੇ ਕਿਹਾ ਭਾਰਤ-ਅਮਰੀਕਾ ਦੇ ਰਿਸ਼ਤੇ ਬਹੁਤ ਮਜ਼ਬੂਤ ਹਨ, ਜੋ ਲੋਕਤੰਤਰ ਦੀ ਕਦਰ ਕਰਦੇ ਹਨ। ਉਨ੍ਹਾਂ ਕਿਹਾ ਕਿ ਦੋ ਜਮਾਂ ਦੋ ਹੁਣ ਦੋ ਜਮ੍ਹਾਂ ਦੋ ਸੁਕੇਅਰ ਹੋ ਜਾਣਗੇ। ਭਾਵ ਇਹ ਦੋਵੇਂ ਮੁਲਕ ਅਗਲੀ ਮੀਟਿੰਗ ਵਿੱਚ ਕਾਨੂੰਨਕਾਰੀਆਂ ਨਾਲ ਮਜ਼ਬੂਤੀ ਨਾਲ ਵਿਚਰਨਗੇ। ਜੋ ਸੰਸਾਰ ਸਾਹਮਣੇ ਇਹ ਇੱਕ ਇਤਿਹਾਸਿਕ ਕਦਮ ਹੋਵੇਗਾ।ਹੋਰਨਾਂ ਤੋਂ ਇਲਾਵਾ ਰਾਜਾ ਤੇ ਰਵੀ ਬਤਰਾ ਨੇ ਹਾਜ਼ਰੀਨ ਦੇ ਸਬਰ ਅਤੇ ਚੁੱਪੀ ਵਜੋਂ ਵਿਚਰਨ ਤੇ ਸੁਣਨ ਸਬੰਧੀ ਸ਼ਲਾਘਾ ਕੀਤੀ।

ਇਸ ਸਮਾਗਮ ਵਿੱਚ ਮੈਟਰੋਪੁਲਿਟਨ ਵਾਸ਼ਿੰਗਟਨ ਡੀ. ਸੀ. ਦੀਆਂ ਉੱਘੀਆਂ ਸਖਸ਼ੀਅਤਾਂ ਸ਼ਾਮਲ ਸਨ। ਜਿਨ੍ਹਾਂ ਦੇ ਯੋਗਦਾਨ ਨੂੰ ਕਦੇ ਵੀ ਭੁਲਾਇਆ ਨਹੀਂ ਜਾ ਸਕਦਾ। ਸਮੁੱਚੇ ਤੌਰ ਤੇ ਇਹ ਵਿਦਾਇਗੀ ਸਮਾਗਮ ਭਾਰਤੀ ਅੰਬੈਸਡਰ ਹਰਸ਼ ਵਰਧਨ ਸ਼ਿੰ੍ਗਲਾ ਲਈ ਮੀਲ ਪੱਥਰ ਸਾਬਤ ਹੋਇਆ ਹੈ।

# "ਨਾਮ ਚੋਟੀ ਦੀਆਂ ਮੁਲਕਾਂ 'ਚ ਬੋਲਦਾ, ਤੇ ਘਰ ਲੱਗੀ ਅੱਗ ਨਾ ਬੁੱਝੇ"



**ਮਿੰਟੂ ਬਰਾੜ ਆਸਟ੍ਰੇਲੀਆ**
**+61 434 289 905**

ਮਾਲਵੇ ਦੇ ਕ੍ਰਾਂਤੀਕਾਰੀ ਲੇਖਕ ਜਗਸੀਰ ਜੀਦਾ ਦੀ ਇਹ ਬੋਲੀ "ਬੰਦੇ ਮਾਰਨ ਲਈ ਖ਼ੋਜੀਆਂ ਮਿਜ਼ਾਈਲਾਂ ਤੇ ਨਰਮੇ ਦੀ ਸੁੰਡੀ ਨਾ ਮਰੇ।" ਅੱਜ ਵਾਰ-ਵਾਰ ਜ਼ਿਹਨ 'ਚ ਦਸਤਕ ਦੇ ਰਹੀ ਹੈ। ਭਾਵੇਂ ਬਾਈ ਜਗਸੀਰ ਦੀ ਇਹ ਰਚਨਾ ਮਾਲਵੇ ਦੇ ਨਰਮਾ ਉਤਪਾਦਕ ਜ਼ਿਮੀਂਦਾਰ ਦੀ ਪੀੜ 'ਚੋਂ ਨਿਕਲੀ ਹੋਈ ਹੈ। ਪਰ ਅੱਜ ਅੱਗ 'ਚ ਸੜ ਰਹੇ ਆਸਟ੍ਰੇਲੀਆ ਨੂੰ ਦੇਖ ਕੇ ਕੁਝ ਇਹੋ ਜਿਹੀ ਬੋਲੀ ਮੇਰੇ ਜ਼ਿਹਨ 'ਚ ਘੁੰਮ ਰਹੀ ਹੈ ਕਿ "ਨਾਮ ਚੋਟੀ ਦੀਆਂ ਮੁਲਕਾਂ 'ਚ ਬੋਲਦਾ, ਤੇ ਘਰ ਲੱਗੀ ਅੱਗ ਨਾ ਬੁੱਝੇ।"

ਇਹ ਹੀ ਸੱਚ ਹੈ ਅੱਜ ਦੀ ਘੜੀ ਤਾਂ। ਹੋਂਦ 'ਚ ਆਉਣ ਤੋਂ ਤਕਰੀਬਨ ਦੋ-ਢਾਈ ਸਦੀਆਂ 'ਚ ਆਸਟ੍ਰੇਲੀਆ ਦੁਨੀਆ ਦੇ ਮੋਹਰੀ ਮੁਲਕਾਂ 'ਚ ਆਪਣਾ ਨਾਮ ਦਰਜ ਕਰਵਾ ਗਿਆ। ਇਕੱਲੇ ਭਾਰਤੀਆਂ ਦੀ ਹੀ ਨਹੀਂ ਦੁਨੀਆ ਦੇ ਬਹੁਤੇ ਮੁਲਕਾਂ ਦੇ ਲੋਕਾਂ ਦੀ ਪਰਵਾਸ ਕਰਨ ਲਈ ਆਸਟ੍ਰੇਲੀਆ ਪਹਿਲੀ ਪਸੰਦ ਹੈ। ਜਦੋਂ-ਕਦੇ ਸਰਵੇਖਣ ਹੁੰਦੇ ਹਨ ਤਾਂ ਆਸਟ੍ਰੇਲੀਆ ਦੇ ਕਈ ਸ਼ਹਿਰ ਦੁਨੀਆ ਦੇ ਪਹਿਲੇ ਦਸ ਰਹਿਣ ਲਈ ਸਭ ਤੋਂ ਚੰਗੇ ਸ਼ਹਿਰਾਂ 'ਚ ਆਉਂਦੇ ਹਨ। ਸੋਸ਼ਲ ਸਿਕਿਉਰਿਟੀ 'ਚ ਆਸਟ੍ਰੇਲੀਆ ਦੀ ਅਮਰੀਕਾ ਵੀ ਰੀਸ ਨਹੀਂ ਕਰ ਸਕਦਾ। ਹੈਲਥ ਅਤੇ ਸੇਫ਼ਟੀ ਦੇ ਮਾਮਲੇ 'ਚ ਆਸਟ੍ਰੇਲੀਆ ਏਨਾ ਕੁ ਚੌਕਸ ਹੈ ਕਿ ਭਾਵੇਂ ਕਿੰਨਾ ਵੀ ਨੁਕਸਾਨ ਹੋ ਜਾਵੇ ਪਰ ਬੰਦੇ ਦੀ ਜਾਨ ਅਤੇ ਸਿਹਤ ਨਾਲ ਕੋਈ ਸਮਝੌਤਾ ਨਹੀਂ। ਸਾਫ਼ ਆਬੋ-ਹਵਾ, ਸ਼ੁੱਧ ਖਾਣ-ਪੀਣ, ਚੰਗੀਆਂ ਡਾਕਟਰੀ ਸਹੂਲਤਾਂ, ਚੰਗੀ ਪੜ੍ਹਾਈ-ਲਿਖਾਈ ਤੇ ਚੰਗੀਆਂ ਖੇਡਾਂ। ਹੁਣ ਏਨਾ ਕੁਝ ਚੰਗਾ ਹੋਣ ਦੇ ਬਾਵਜੂਦ ਅੱਜ ਆਸਟ੍ਰੇਲੀਆ ਦੁਨੀਆ ਦੀ ਨਜ਼ਰ 'ਚ ਤਰਸ ਦਾ ਪਾਤਰ ਬਣਿਆ ਹੋਇਆ ਹੈ ਜਿਸ ਦਾ ਕਾਰਨ ਹੈ ਇੱਥੇ ਲੱਗੀਆਂ ਅੱਗਾਂ।

ਆਸਟ੍ਰੇਲੀਆ 'ਚ ਅੱਗਾਂ ਦਾ ਇਤਿਹਾਸ: ਭਾਵੇਂ ਆਸਟ੍ਰੇਲੀਆ 'ਚ ਜੀਵਨ ਹਜ਼ਾਰਾਂ ਸਾਲ ਪਹਿਲਾਂ ਤੋਂ ਪਾਇਆ ਜਾਂਦਾ ਪਰ ਅੱਜ ਦੇ ਆਸਟ੍ਰੇਲੀਆ ਦੀ ਹੋਂਦ 'ਚ ਆਉਣ ਤੋਂ ਬਾਅਦ ਜਿਹੜਾ ਰਿਕਾਰਡ ਦਰਜ ਹੋਇਆ ਮਿਲਦਾ ਹੈ ਉਸ ਮੁਤਾਬਿਕ 1851 ਤੋਂ ਲੈ ਕੇ ਹੁਣ ਤੱਕ ਤਕਰੀਬਨ 800 ਇਨਸਾਨ ਅਤੇ ਲੱਖਾਂ ਦੀ ਗਿਣਤੀ 'ਚ ਜਾਨਵਰ ਅੱਗਾਂ ਕਾਰਨ ਮਾਰੇ ਜਾ ਚੁੱਕੇ ਹਨ। ਪਿਛਲੀ ਡੇਢ ਸਦੀ ਦੌਰਾਨ ਆਏ ਇਹਨਾਂ ਭਿਆਨਕ ਦਿਨਾਂ ਦੀ ਮਾੜੀ ਯਾਦ ਆਸਟ੍ਰੇਲੀਆ ਵੱਸਦੇ ਲੋਕਾਂ ਦੇ ਮਨਾ 'ਚ ਵੱਖੋ-ਵੱਖ ਨਾਮਾਂ ਨਾਲ ਉੱਕਰੀ ਪਈ ਹੈ। 'ਕਾਲੇ ਵੀਰਵਾਰ', 'ਕਾਲੇ ਸ਼ਨੀਵਾਰ' ਜਾ 'ਸਵਾਹ ਰੰਗੇ ਬੁੱਧਵਾਰ' ਦੀ ਗੱਲ ਅੱਜ ਵੀ ਪ੍ਰਭਾਵਿਤ ਲੋਕਾਂ ਦੇ ਗਲੇ ਭਰ ਦਿੰਦੀ ਹੈ।

ਇਤਿਹਾਸਕਾਰ ਲਿਖਦੇ ਹਨ ਕਿ 6 ਫਰਵਰੀ 1851 ਦਿਨ ਵੀਰਵਾਰ ਨੂੰ ਲੱਗੀ ਅੱਗ 'ਚ ਬਹੁਤ ਸਾਰੇ ਇਨਸਾਨ, ਦਸ ਲੱਖ ਤੋਂ ਉੱਤੇ ਭੇਡਾਂ ਅਤੇ ਅਣਗਿਣਤ ਹੋਰ ਜਾਨਵਰ ਅੱਗ ਦੀ ਭੇਂਟ ਚੜ੍ਹ ਗਏ ਸਨ, ਜਿਸ ਕਾਰਨ ਅੱਜ ਵੀ ਇਸ ਦਿਨ ਨੂੰ 'ਕਾਲੇ ਵੀਰਵਾਰ' ਦੇ ਤੌਰ ਤੇ ਯਾਦ ਕੀਤਾ ਜਾਂਦਾ ਹੈ। ਆਸਟ੍ਰੇਲੀਆ ਦੇ ਇਤਿਹਾਸ 'ਚ ਹੁਣ ਤੱਕ ਦੀ ਸਭ ਤੋਂ ਭਿਆਨਕ ਅੱਗ 7 ਫਰਵਰੀ 2009 ਨੂੰ ਲੱਗੀ ਸੀ ਜਿਸ ਦੌਰਾਨ 173 ਇਨਸਾਨ, ਅਣ-ਗਿਣਤ ਜਾਨਵਰ ਤੇ ਪੰਛੀ ਇਸ ਦੀ ਲਪੇਟ 'ਚ ਆਏ ਸਨ। ਇਸ ਕਾਲੇ ਸ਼ਨੀਵਾਰ ਨੂੰ 400 ਦੇ ਕਰੀਬ ਵੱਖ-ਵੱਖ ਥਾਂਵਾਂ ਤੇ ਅੱਗ ਨੇ ਤਬਾਹੀ ਮਚਾਈ ਸੀ। ਜਿਸ ਵਿਚ 11 ਲੱਖ ਏਕੜ ਜ਼ਮੀਨ ਤਕਰੀਬਨ 2000 ਰਿਹਾਇਸ਼ੀ ਘਰਾਂ ਸਮੇਤ 3500 ਇਮਾਰਤਾਂ ਸੜ ਕੇ ਸਵਾਹ ਹੋ ਗਈਆਂ ਸਨ। 400 ਦੇ ਕਰੀਬ ਲੋਕ ਅੱਗ ਨਾਲ ਬੁਰੀ ਤਰ੍ਹਾਂ ਝੁਲਸੇ ਗਏ ਸਨ।



ਇਸ ਅੱਗ ਦੇ ਕਾਰਨ ਸਾਡੇ ਇੱਕ ਪੰਜਾਬੀ ਸ. ਚਰਨਾਮਤ ਸਿੰਘ ਦੇ ਪਰਵਾਰ ਨੇ ਵੀ ਆਪਣਾ ਸਭ ਕੁਝ ਗੁਆ ਲਿਆ ਸੀ। ਬੱਸ ਵਾਹਿਗੁਰੂ ਦਾ ਸ਼ੁਕਰ ਹੈ ਕਿ ਕੋਈ ਜਾਨੀ ਨੁਕਸਾਨ ਤੋਂ ਉਹ ਬਚ ਗਏ ਸਨ। ਦੁਨੀਆ ਭਰ 'ਚ ਚਰਨਾਮਤ ਸਿੰਘ ਨੂੰ ਜਾਣਨ ਵਾਲੇ ਹਾਸਿਆਂ ਦਾ ਵਣਜਾਰਾ ਸਮਝਦੇ ਹਨ। ਪਰ ਉਨ੍ਹਾਂ ਦੇ ਨਜ਼ਦੀਕੀ ਜਾਣਦੇ ਹਨ ਕਿ ਉਨ੍ਹਾਂ ਦੇ ਹਾਸਿਆਂ ਥੱਲੇ ਜੋ ਅੱਗ ਮੱਚਦੀ ਹੈ ਉਸ ਨੂੰ ਯਾਦ ਕਰਕੇ ਉਹ ਅੱਜ ਵੀ ਡੋਰ-ਭੌਰ ਹੋ ਜਾਂਦੇ ਹਨ। ਉਹ ਦੱਸਦੇ ਹਨ ਕਿ ਅੱਗ ਉਨ੍ਹਾਂ ਦੇ ਫਾਰਮ ਤੋਂ ਕਾਫ਼ੀ ਦੂਰ ਸੀ ਪਰ ਹਵਾ 'ਚ ਉੱਡ ਕੇ ਆਇਆ ਇਕ ਫਲੂਆ ਉਨ੍ਹਾਂ ਦੇ ਪਰਵਾਰ ਦੀ ਜ਼ਿੰਦਗੀ ਭਰ ਦੀ ਕਮਾਈ ਨੂੰ ਸੁਆਹ ਕਰ ਗਿਆ ਸੀ। ਹਰ ਸਾਲ ਅੱਗ ਪੀੜਤਾਂ ਦੀ ਗਿਣਤੀ ਵਧਦੀ ਜਾਂਦੀ ਹੈ। ਹੁਣ ਤੱਕ ਅਣਗਿਣਤ ਪੀੜਤਾਂ ਨਾਲ ਦੁੱਖ ਵੰਡਾਉਣ ਦਾ ਸਬੱਬ ਬਣਿਆ। ਹਰ ਇਕ ਰੁਆ ਕੇ ਹੀ ਗਿਆ। ਅੱਜ ਦੋ ਅਧਖੜ ਜਿਹੀਆਂ ਗੋਰੀਆਂ ਸਾਡੇ ਕੋਲ ਖਾਣਾ ਖਾਣ ਆਈਆਂ, ਪੁੱਛਣ ਤੇ ਪਤਾ ਲੱਗਿਆ ਕਿ ਉਨ੍ਹਾਂ 'ਚੋਂ ਇਕ ਗਿਬ-ਸਲੈਂਡ ਤੋਂ ਆਈ ਸੀ ਜਿੱਥੇ ਅੱਗਾਂ ਨੇ ਸਭ ਤਹਿਸ ਨਹਿਸ ਕਰ ਦਿੱਤਾ। ਰੋ-ਰੋ ਸੁੱਕ ਚੁੱਕੀਆਂ ਅੱਖਾਂ ਸਾਰੀ ਕਹਾਣੀ ਬਿਆਨ ਕਰ ਰਹੀਆਂ ਸਨ। ਕਹਿੰਦੀ ਆਹ ਜੋ ਤਨ 'ਤੇ ਕੱਪੜੇ ਤੇ ਇਹਨਾਂ ਤੋਂ ਬਿਨਾਂ ਉਹ ਕਾਰ ਹੈ ਜਿਸ 'ਚ ਚੜ੍ਹ ਕੇ ਮੈਂ ਭੱਜ ਆਈ ਹਾਂ, ਸਭ ਤਬਾਹ ਹੋ ਗਿਆ। ਭਲੇ ਵੇਲਿਆਂ 'ਚ ਇਸ ਕਸਬੇ 'ਚ ਥੋੜ੍ਹੀ ਜਿਹੀ ਥਾਂ ਖ਼ਰੀਦੀ ਸੀ ਉਸ ਨੂੰ ਵੇਚ ਕੇ ਫੇਰ ਸਿਰ ਢੱਕਣ ਦੀ ਕੋਸ਼ਿਸ਼ ਕਰ ਰਹੀ ਹਾਂ। ਇਨਸਾਨਾਂ ਦੀਆਂ ਹੱਡ- ਬੀਤੀਆਂ ਤਾਂ ਬਹੁਤ ਲਿਖ ਸਕਦਾ ਹਾਂ ਪਰ ਉਹ ਅੱਗ ਪੀੜਤ ਲੱਖਾਂ ਬੇਸਹਾਰਾ ਚਿੜੀਆਂ-ਜਨੌਰਾਂ ਬਾਰੇ ਸੋਚ ਕੇ ਰੂਹ ਕੰਬ ਜਾਂਦੀ ਹੈ, ਜਿਨ੍ਹਾਂ ਦੀਆਂ ਦਰਦ ਕਹਾਣੀਆਂ ਸਮਝ ਕੇ ਬਿਆਨ ਕਰਨ ਵਾਲਾ ਕੋਈ ਨਹੀਂ। ਪਿਛਲੇ ਸਾਲਾਂ ਦੇ ਆਂਕੜੇ ਤਾਂ ਸਦਾ ਲਈ ਦਰਜ ਹੋ ਚੁੱਕੇ ਹਨ ਤੇ ਇਸ ਸਾਲ ਦੇ ਆਂਕੜੇ ਚਾਰ ਕੁ ਦਿਨਾਂ ਨੂੰ ਦਰਜ ਹੋ ਜਾਣਗੇ ਤੇ ਇੰਝ ਹੀ ਹਰ ਸਾਲ ਅੱਗ ਪੀੜਤਾਂ ਦੀ ਗਿਣਤੀ ਵਧਦੀ ਜਾਵੇਗੀ? ਇਹ ਸਵਾਲ ਹਰ ਇਕ ਦੇ ਮਨ 'ਚ ਹੈ ਕਿ ਕੀ ਆਸਟ੍ਰੇਲੀਆ ਜਿਹਾ ਵਿਕਸਤ ਦੇਸ਼ ਇਸ ਦਾ ਕੋਈ ਹੱਲ ਨਹੀਂ ਕੱਢ ਸਕਦਾ? ਇਹਨਾਂ ਸਵਾਲਾਂ ਦੇ ਜਵਾਬ ਲੱਭਣ ਤੋਂ ਪਹਿਲਾਂ ਇਹ ਜਾਣਨਾ ਜ਼ਰੂਰੀ ਹੈ ਕਿ ਇਹ ਅੱਗਾਂ ਲੱਗਣ ਦੇ ਕਾਰਨ ਕੀ ਹਨ?

ਕਾਰਨ ਕਈ ਹਨ। ਸੰਖੇਪ ਇਹ ਹੈ ਕਿ ਆਸਟ੍ਰੇਲੀਆ 'ਚ ਸੂਰਜ ਦੀ ਤਪਸ਼ ਗਰਮੀ 'ਚ ਬਨਸਪਤੀ ਨੂੰ ਇਨ੍ਹਾਂ ਕੁ ਸੁਕਾ ਦਿੰਦੀ ਹੈ ਕਿ ਇਹ ਸੁੱਕੀ ਹੋਈ ਬਨਸਪਤੀ ਅੱਗ ਨੂੰ ਬਹੁਤ ਹੀ ਤੇਜ਼ੀ ਨਾਲ ਫੜਦੀ ਹੈ। ਇਸ ਤੋਂ ਬਿਨਾਂ ਏਥੋਂ ਦੇ ਜੰਗਲਾਂ ਅਤੇ ਖ਼ਾਲੀ ਥਾਂਵਾਂ ਤੇ ਜ਼ਿਆਦਾਤਰ ਸਫ਼ੈਦੇ ਅਤੇ ਪਾਈਨ ਦੇ ਦਰਖ਼ਤ ਪਾਏ ਜਾਂਦੇ ਹਨ। ਮਾਹਿਰ ਮੰਨਦੇ ਹਨ ਕਿ ਇਹਨਾਂ ਦਰਖਤਾਂ 'ਚ ਤੇਲ ਦੀ ਮਾਤਰਾ ਜ਼ਿਆਦਾ ਹੋਣ ਕਾਰਨ ਇਹ ਹਰੇ ਵੀ ਸੁੱਕਿਆਂ ਵਾਂਗ ਮੱਚਦੇ ਹਨ। ਇਹ ਅੱਗ ਕਈ ਬਾਰ ਸੂਰਜ ਦੀ ਜ਼ਿਆਦਾ ਤਪਸ਼ ਕਾਰਨ, ਬਿਜਲੀ ਦੇ ਸਪਾਰਕ ਕਾਰਨ, ਮਸ਼ੀਨਰੀ ਕਾਰਨ ਜਾਂ ਫੇਰ ਕਿਸੇ ਇਨਸਾਨ ਦੀ ਬੇਵਕੂਫ਼ੀ ਜਾਂ ਜਾਣ ਬੁੱਝ ਕੇ ਸੁੱਟੀ ਸਿਗਰਟ ਆਦਿ ਨਾਲ ਲਗਦੀ ਹੈ। ਹਾਦਸਾ ਤਾਂ ਕਦੋਂ ਵੀ ਤੇ ਕਿਤੇ ਵੀ ਹੋ ਸਕਦਾ ਹੈ ਪਰ ਜਦੋਂ ਜਾਣ ਬੁੱਝ ਕੇ ਕੋਈ ਗ਼ਲਤੀ ਕਰਦਾ ਹੈ ਤਾਂ ਤਕਲੀਫ਼ ਜ਼ਿਆਦਾ ਹੁੰਦੀ ਹੈ। ਜੇ ਕਰ ਪਿਛੋਕੜ 'ਚ ਝਾਤ ਮਾਰੀ ਜਾਵੇ ਤਾਂ ਇਸ ਸਭਿਅਕ ਮੁਲਕ 'ਚ ਵੀ ਅਸੱਭਿਅਕ ਤੇ ਸ਼ਰਾਰਤੀ ਲੋਕਾਂ ਦੀ ਕੋਈ ਘਾਟ ਨਹੀਂ ਦਿਸੀ। ਸ਼ਰਾਰਤੀ ਨਾਲੋਂ ਵੀ ਅਪਰਾਧਿਕ ਬਿਰਤੀ ਦੇ ਲੋਕ ਲਿਖਣਾ ਵਾਜਬ ਲੱਗਦਾ ਹੈ। ਪਹਿਲਾਂ ਕੁਝ ਕੁ ਹਾਦਸਿਆਂ ਪਿੱਛੇ ਮਛੋਹਰ ਮੱਤ ਦੇ ਮੁੰਡੇ ਕੁੜੀਆਂ ਦਾ ਹੱਥ ਸਾਬਿਤ ਹੋਇਆ ਸੀ। ਪਰ ਇਸ ਬਾਰ ਇਕ ਵੱਡੀ ਖ਼ਬਰ ਇਹ ਸਾਹਮਣੇ ਆ ਰਹੀ ਹੈ ਕਿ ਦੋ ਸੋ ਦੇ ਕਰੀਬ ਬੰਦਿਆਂ ਤੇ ਪੁਲਿਸ ਵੱਲੋਂ ਜਾਣਬੁੱਝ ਕੇ ਅੱਗ ਲਾਉਣ ਦਾ ਘਿਨੌਣਾ ਕਾਰਾ ਕਰਨ ਦਾ ਪਰਚਾ ਦਰਜ ਕੀਤਾ ਹੈ।

ਉਪਰਾਲੇ: ਆਸਟ੍ਰੇਲੀਆ ਦੀ ਵਿਸ਼ਾਲ ਭੂਗੋਲਿਕ ਰਚਨਾ ਸਰਕਾਰਾਂ ਲਈ ਇਕ ਵੱਡਾ ਚੈਲੰਜ ਰਿਹਾ ਹੈ। ਜਦੋਂ ਤੋਂ ਆਂਕੜੇ ਮਿਲਦੇ ਹਨ ਉਸ ਮੁਤਾਬਿਕ 1850 'ਚ ਵਿਕਟੋਰੀਆ ਸੂਬੇ 'ਚ ਸੀ.ਐਫ.ਏ. (ਕੰਟਰੀ ਫਾਇਰ ਅਥਾਰਿਟੀ), 1859 'ਚ ਨਿਊ ਸਾਊਥ ਵੇਲਜ਼ ਅਤੇ ਕੁਈਨਜ਼ਲੈਂਡ 'ਚ ਆਰ.ਐਫ.ਐਸ. (ਰੂਰਲ ਫਾਇਰ ਸਰਵਿਸਿਜ਼), 1913 'ਚ

(ਬਾਕੀ ਸਫਾ 5 'ਤੇ)

# ਦਵਿੰਦਰ ਦਮਨ ਦਾ ਲਿਖਿਆ ਅਤੇ ਨਿਰਦੇਸ਼ਤ ਕੀਤਾ ਨਾਟਕ "ਸਾਖੀ" ਦਰਸ਼ਕਾਂ ਦੇ ਦਿਲਾਂ ਨੂੰ ਝੰਜੋੜਦਾ ਹੋਇਆ ਨਵੀਂ ਲੀਹ ਪਾ ਗਿਆ

**ਹੇਅਵਰਡ, ਕੈਲੀਫੋਰਨੀਆ ( ਹੁਸਨ ਲੜੋਆ ਬੰਗਾ)-** ਬੀਤੇ ਦਿਨੀਂ ਪ੍ਰਸਿੱਧ ਨਾਟਕਕਾਰ ਅਤੇ ਰੰਗ ਕਰਮੀ ਦਵਿੰਦਰ ਦਮਨ ਦਾ ਨਾਟਕ ਛੈਬੋ ਕਾਲਜ ਹੇਵਰਡ ਵਿਖੇ ਖੇਡਿਆ ਗਿਆ। ਇਸ ਨਾਟਕ ਦੇ ਪ੍ਰੋਡਿਊਸਰ ਗੋਲਡਨ ਪੰਜਾਬ ਕਲੱਬ ਦੇ ਗੁਰਸ਼ਰਨ ਸੇਖੋਂ ਅਤੇ ਗਿੰਨੀ ਬੇਦੀ ਲਾਅ ਪੀ ਸੀ ਬਹੁਤ ਥੋੜ੍ਹੇ ਸਮੇਂ ਵਿਚ ਇਸ ਨਾਟਕ ਨੂੰ ਸਫ਼ਲਤਾ ਪ੍ਰਦਾਨ ਕਰਨ ਲਈ ਵਧਾਈ ਦਾ ਹੱਕਦਾਰ ਹਨ। ਇਸ ਨਾਟਕ ਦੇ ਸ਼ੁਰੂ ਵਿਚ ਸ਼ਕਤੀ ਮਾਣਕ ਨੇ ਮੰਚ ਸੰਭਾਲਦੇ ਸਮੂਹ ਸਪਾਂਸਰਾਂ ਦਾ ਧੰਨਵਾਦ ਕੀਤਾ। ਹਰਸਿਮਰਨ ਸਿੰਘ ਦੀ ਪਲੇਠੀ ਪੁਸਤਕ 'ਬੇਰੀਆਂ ਦੇ ਬੇਰ' ਪਰਦੇਸ ਟਾਈਮਜ਼ ਦੇ ਸੰਪਾਦਕ ਬਲਬੀਰ ਸਿੰਘ ਐਮ ਏ ਅਤੇ ਸਾਂਝਾ ਟੀ ਵੀ ਦੀ ਹੋਸਟ ਬਲਜਿੰਦਰ ਕੌਰ ਵਲੋਂ ਲੋਕ ਅਰਪਿਤ ਕੀਤੀ ਗਈ। ਇਸ ਉਪਰੰਤ ਲਾਜ ਨੀਲਮ ਸੈਣੀ ਨੇ ਨਾਟਕ 'ਸਾਖੀ' ਦੀ ਜਾਣ -ਪਛਾਣ ਕਰਵਾਉਂਦੇ ਕਿਹਾ ਕਿ ਦਵਿੰਦਰ ਦਮਨ ਇਕ ਨਾਟਕਕਾਰ ਹੀ ਨਹੀਂ ਸਗੋਂ ਇਕ ਰੰਗ ਕਰਮੀ ਵੀ ਹੈ। ਇਸ ਨੇ ਹੁਣ ਤੱਕ ਇਤਿਹਾਸਕ. ਰਾਜਨੀਤਕ ਅਤੇ ਸਮਾਜਿਕ ਵਿਰੋਧਾਂ ਨੂੰ ਇਸ ਤਰ੍ਹਾਂ ਦੀ ਨਾਟਕੀ ਟੱਕਰ ਨਾਲ ਪੇਸ਼ ਕੀਤਾ ਹੈ ਕਿ ਲੋਕਾਂ ਦੀ ਰੂਹ ਝਿੰਜੋੜੀ ਜਾਂਦੀ ਹੈ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਜਨਮ ਦਿਨ ਨੂੰ ਸਮਰਪਣ ਨਾਟਕ 'ਸਾਖੀ' ਸ਼ੁਰੂ ਹੋਇਆ।ਬਾਬੇ ਨਾਨਕ ਦੇ ਫਲਸਫਾ ਕੀ ਕਹਿੰਦਾ ਹੈ ਅਤੇ ਸਾਡੀ ਸੋਚ ਅੱਜ ਕਿੱਥੇ ਖੜ੍ਹੀ ਹੈ? ਅਸੀਂ ਰਸਮੀ ਚਿੰਨ੍ਹਾਂ ਤੇ ਕੁਰਬਾਨ ਜਾਂਦੇ ਹਾਂ ਪਰ ਡੇਰਾਵਾਦ ਪ੍ਰਧਾਨ ਕਿਉਂ? ਇਨ੍ਹਾਂ ਸਵਾਲਾਂ ਦੇ ਸਨਮੁਖ ਨਾਟਕ ਸਾਖੀ ਅਸਲ ਵਿਚ ਇਸ ਯੁੱਗ ਦੀ ਸਾਖੀ ਸੀ। ਇਸ ਸਾਖੀ ਵਿਚ ਸੂਤਰ ਧਾਰ ਮਰਦਾਨੇ ਦੀ ਰੂਹ ਦੇ ਰੂਪ ਵਿਚ ਦਵਿੰਦਰ ਦਮਨ ਜੀ ਚਿੱਟੀ ਪੁਸ਼ਾਕ ਵਿਚ ਇਹ ਸੋਚਣ ਲਈ ਮਜਬੂਰ ਕਰ ਰਹੇ ਸਨ ਕਿ ਮਰਦਾਨਾ ਇਸ ਤਰ੍ਹਾਂ ਦਾ ਹੋਵੇਗਾ। ਨਾਟਕ ਸਾਖੀ ਦੀ ਕਹਾਣੀ ਇਕ ਮੱਧ ਵਰਗੀ ਕਿਸਾਨ ਦੇ ਪਰਿਵਾਰ ਦੁਆਲੇ ਘੁੰਮਦੀ ਰਹੀ। ਜਿਸ ਵਿਚ ਕਰਜ਼ੇ ਦਾ ਸਤਇਆ ਕਿਸਾਨ ਖੁਦਕਸ਼ੀ ਕਰਨ ਲਈ ਤਿਆਰ ਸੀ। ਨਾਟਕ ਦੀ ਹਰ ਕੜੀ ਤੋਂ ਬਾਅਦ ਦਰਸ਼ਕ ਤਾੜੀਆਂ ਵਜਾਉਣ ਲਈ ਮਜਬੂਰ ਸਨ। ਨਾਟਕ ਪੰਜਾਬੀ ਸਿਸਟਮ ਦੀ ਮੂੰਹ ਬੋਲਦੀ ਤਸਵੀਰ ਹੀ ਨਹੀਂ ਸੀ ਸਗੋਂ ਚਿੱਟੇ ਦੇ ਵਪਾਰ ਵਿਚ ਸ਼ਰੇਆਮ ਐਮ. ਐਲ. ਏ ਦਾ ਹੱਥ ਹੋਣਾ ਅਤੇ ਉਸੇ ਵਲੋਂ ਕਿਸਾਨ ਦੇ ਬੇਟੇ ਨੂੰ ਪਹਿਲਾਂ ਧੰਦੇ ਲਾਉਣਾ ਤੇ ਫਿਰ ਜੇਲ੍ਹ ਭਿਜਵਾਉਣਾ ਸਿਸਟਮ ਦੇ ਮੂੰਹ ਤੇ ਕਰਾਰੀ ਚਪੇੜ ਵੀ ਸੀ। ਪੁਲਿਸ ਵਲੋਂ ਬੇਰੁਜਗਾਰਾਂ ਤੇ ਲਾਠੀ ਚਾਰਜ ਅਤੇ ਡੇਰੇ ਅਤੇ ਗੁਰੂ ਘਰਾਂ ਅੰਦਰ ਹੋ ਰਹੀਆਂ ਧਾਂਦਲੀਆਂ ਨੂੰ ਬੇਬਾਕੀ ਅਤੇ ਨਿਧੜਕਤਾ ਨਾਲ ਬਿਆਨਦਾ ਹੋਇਆ ਆਪਣੇ ਹੱਕ ਸੱਚ ਲਈ ਲੜਨ ਦਾ ਸੁਨੇਹਾ ਦੇਣ ਵਿਚ ਇਹ ਨਾਟਕ ਪੂਰੀ ਤਰ੍ਹਾਂ ਕਾਮਯਾਬ ਹੋਇਆ। ਨਾਟਕ ਦੀ ਸਫ਼ਲਤਾ ਇਹ ਵੀ ਸੀ ਕਿ ਨਾਟਕ ਖਤਮ ਹੋਣ ਤੋਂ ਬਾਅਦ ਵੀ ਹਾਲ ਵਿਚ ਬੈਠਾ ਕੋਈ ਦਰਸ਼ਕ ਉੱਠ ਕੇ ਨਹੀਂ ਗਿਆ। ਇਸ ਨਾਟਕ ਵਿਚ ਕਿਸਾਨ ਦੇ ਰੋਲ ਵਿਚ ਸ਼ਾਨ ਸੇਖੋਂ ਅਤੇ ਉਸਦੀ ਪਤਨੀ ਦੇ ਰੂਪ ਵਿਚ ਹਰਜੀਤ ਜੀਤੀ ਦੀ ਭੂਮਿਕਾ ਪ੍ਰਮੁੱਖ ਅਤੇ ਅਹਿਮ ਸੀ। ਇਸ ਤੋਂ ਇਲਾਵਾ ਕਿਸਾਨ ਦੀ ਬੇਟੀ-ਅਨੂਪ ਕੌਰ, ਕਿਸਾਨ ਦਾ ਬੇਟਾ ਸੁਖਮਨ-ਹਰਸਿਮਰਨ ਸਿੰਘ, ਕਿਸਾਨ ਦਾ ਬੇਟਾ ਸ਼ਿੰਦਾ-ਦਲਜੀਤ ਸੇਖੋਂ , ਮੁਣਸ਼ੀ-ਮਨਜੀਤ ਗੁਰਦਾਸਪੁਰੀ, ਸਿਪਾਹੀ-ਮਾਸਟਰ ਰਿੰਕੂ, ਸਰਪੰਚ-ਅਵਤਾਰ ਸਿੰਘ, ਪੰਚ-ਗੁਰਨੇਕ ਸਿੰਘ ਲਾਲੀ ਆਪਣੇ ਰੋਲ ਵਿਚ ਖਰੇ ਉੱਤਰੇ। ਸੁਲਤਾਨ ਅਖਤਰ ਦਾ ਪਰਦੇ ਪਿੱਛੇ ਗੁਰਬਾਣੀ ਗਾਇਨ ਪੂਰੇ ਹਾਲ ਨੂੰ ਊਰਜਾਮਈ ਕਰਦਾ ਹੋਇਆ ਅਗੰਮੀ ਸੁਰ ਪ੍ਰਦਾਨ ਕਰ ਰਿਹਾ ਸੀ। ਇਸ ਨਾਟਕ ਦੇ ਅਰਗੇਨਾਈਜ਼ਰਜ਼ ਵਿਚ ਪਰਮਜੀਤ ਰਾਣਾ, ਜਿਮੀ ਸ਼ਰਮਾ, ਵਿਕਰਮਜੀਤ ਸਿੰਘ ਮੁਲਤਾਨੀ ਅਤੇ ਹੈਰੀ ਗਰੇਵਾਲ ਸਨ, ਲਾਈਟ ਪ੍ਰਬੰਧ ਵਿਵੇਕ ਪੋਪਲੀ ਅਤੇ ਫੋਟੋਗ੍ਰਾਫੀ ਜਸਵੀਰ ਭੰਵਰਾ ਦੀ ਸੀ।



# ਅਮਰੀਕੀ ਸੈਨੇਟ ਵੱਲੋਂ ਸਿੱਖਾਂ ਦੇ ਯੋਗਦਾਨ ਨੂੰ ਮਾਨਤਾ ਦੇਣ ਸਬੰਧੀ ਮਤੇ ਦੀ ਕਾਪੀ ਸ੍ਰੀ ਅਕਾਲ ਤਖਤ ਦੇ ਜਥੇਦਾਰ ਨੂੰ ਸੌਂਪੀ

**ਇੰਡੀਆਨਾਪੋਲਿਸ (ਹੁਸਨ ਲੜੋਆ ਬੰਗਾ)-** ਪੋਲੀਟੀਕਲ ਐਕਸ਼ਨ ਕਮੇਟੀ ਦੇ ਸੰਸਥਾਪਕ ਤੇ ਚੇਅਰਮੈਨ ਗੁਰਿੰਦਰ ਸਿੰਘ ਖਾਲਸਾ ਨੇ ਬੀਤੇ ਦਿਨ ਅਮਰੀਕੀ ਸੈਨੇਟ ਵੱਲੋਂ ਪਾਸ ਕੀਤੇ ਮਤੇ ਦੀ ਕਾਪੀ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਹਰਪ੍ਰੀਤ ਸਿੰਘ ਨੂੰ ਸੌਂਪੀ। ਇਸ ਮਤੇ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਦੀ ਇਤਿਹਾਸਕ, ਸਭਿਆਚਾਰਕ ਤੇ ਧਾਰਮਿੱਕ ਮੱਹਤਤਾ ਅਤੇ ਸਿੱਖਾਂ ਵੱਲੋਂ ਦਿੱਤੇ ਬਲਿਦਾਨ ਤੇ ਯੋਗਦਾਨ ਦਾ ਵਰਣਨ ਕੀਤਾ ਗਿਆ ਹੈ। ਮਤੇ ਵਿਚ ਹੋਰ ਕਿਹਾ ਗਿਆ ਹੈ ਕਿ ਅਮ-ਰੀਕਾ ਵਿਚ 500 ਤੋਂ ਵਧ ਗੁਰਦੁਆਰੇ ਹਨ। ਹਰੇਕ ਗੁਰੂ ਘਰ ਵਿਚ ਸਿੱਖ ਕਦਰਾਂ ਕੀਮਤਾਂ ਦੀ ਝਲਕ ਮਿਲਦੀ ਹੈ ਤੇ ਲੰਗਰ ਬਿਨਾਂ ਕਿਸੇ ਭੇਦਭਾਵ ਜਾਂ ਧਰਮ ਦੇ ਸਭ ਨੂੰ ਛਕਾਇਆ ਜਾਂਦਾ ਹੈ। ਇਥੇ ਵਰਣਨਯੋਗ ਹੈ ਕਿ ਅਮਰੀਕੀ ਸੈਨੇਟਰ ਟੌਡ ਯੰਗ ਤੇ ਬੇਨ ਕਾਰਡਿਨ ਵੱਲੋਂ ਸਿੱਖਾਂ ਦੇ ਯੋਗਦਾਨ ਸਬੰਧੀ ਮਤਾ 31 ਅਕਤੂਬਰ 2019 ਨੂੰ ਪੇਸ਼ ਕੀਤਾ ਗਿਆ ਸੀ ਜਿਸ ਉਪਰ ਸੈਨੇਟ ਨੇ 14 ਨਵੰਬਰ 2019 ਨੂੰ ਮੋਹਰ ਲਾ ਦਿੱਤੀ ਸੀ। ਸੈਨੇਟਰ ਟੌਡ ਯੰਗ ਨੇ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਨੂੰ ਪੱਤਰ ਲਿਖਕੇ ਵੀ ਸਿੱਖਾਂ ਵੱਲੋਂ ਮਨੁੱਖਤਾ ਦੀ ਭਲਾਈ ਲਈ ਕੀਤੇ ਜਾ ਰਹੇ ਯਤਨਾਂ ਦੀ ਪ੍ਰਸ਼ੰਸਾ ਕੀਤੀ ਹੈ।



TODD YOUNG
INDIANA

United States Senate
WASHINGTON, D.C. 20510

Harpreet Singh
Jathedar Shri Akal Takhat Sahib
Amritsar, Punjab, India

Dear Friend,

Thank you for your steadfast service in your community and your willingness to serve the need of those that require it. I am especially most grateful for your interest in Sikh communities throughout the United States, and for your continued support of them.

Your friend in service,

Todd Young
United States Senator


## ਕੰਨਿਆਂ ਦੀ ਲੋੜ

ਨਾਈ ਸਿੱਖ ਲੜਕਾ ਪੜ੍ਹਿਆ-ਲਿਖਿਆ, ਉਮਰ 30 ਸਾਲ, ਕੱਦ 5 ਫੁੱਖ਼ਅ 11 ਇੰਚ, ਸੋਹਣਾ ਸੁਨੱਖਾ, ਇਸ ਵਕਤ ਡੁਬਈ ਵਿਚ ਹੈਵੀ ਡਿਊਟੀ ਟਰੱਕ ਟਰੇਲਰ ਚਲਾ ਰਿਹਾ ਹੈ, ਲਈ ਕੈਨੇਡਾ ਜਾਂ ਅਮਰੀਕਾ ਤੋਂ ਲੜਕੀ ਦੀ ਲੋੜ ਹੈ। ਜਾਤ-ਪਾਤ ਦਾ ਕੋਈ ਬੰਧਨ ਨਹੀਂ। ਤਲਾਕਸ਼ੁਦਾ 'ਤੇ ਵੀ ਵਿਚਾਰ ਕੀਤੀ ਜਾ ਸਕਦੀ ਹੈ। ਲੜਕੇ ਦਾ ਅੰਕਲ ਅਮਰੀਕਾ ਵਿਚ ਸੈਂਟ ਕਰਨ ਵਿਚ ਮਦਦ ਕਰੇਗਾ। ਲੜਕਾ ਫਰਵਰੀ ਵਿਚ 1 ਮਹੀਨੇ ਲਈ ਪੰਜਾਬ ਜਾ ਰਿਹਾ ਹੈ। ਹੋਰ ਜਾਣਕਾਰੀ ਲਈ ਸੰਪਰਕ ਕਰੋ: 559-355-4065 ਇੰਡੀਆ- 91-94655-06499

## ਵਰ ਦੀ ਲੋੜ

Suitable Ravidassia Sikh family seeking match for our beautiful, slim and very smart girl, 35 years, 5 feet 4 inch currently working as a Doctor Dentist, looking for similar qualification and qualities in life partner, No caste-bar, please serious enquiries only and
Call (916) 544-4368


# ਪੰਜਾਬਣ ਰਾਣੀ ਸਿੰਘ ਬਣ ਸਕਦੀ ਹੈ ਸੈਨ ਫਰਾਂਸਿਸਕੋ ਦੀ ਸੁਪੀਰੀਓਰ ਕੋਰਟ ਦੀ ਜੱਜ

**ਸੈਨ ਫਰਾਂਸਿਸਕੋ-** ਪੰਜਾਬੀਆਂ ਵਿੱਚ ਇਹ ਖ਼ਬਰ ਬੜੇ ਮਾਣ ਨਾਲ ਪੜ੍ਹੀ ਜਾਵੇਗੀ ਕਿ ਪੰਜਾਬੀ ਮੂਲ ਦੀ ਰਾਣੀ ਸਿੰਘ ਸੈਨ ਫਰਾਂਸਿਸਕੋ ਸੁਪੀਰੀਅਰ ਕੋਰਟ ਦੇ ਜੱਜ ਦੇ ਅਹੁਦੇ ਲਈ ਸੀਟ 21 ਤੋਂ ਚੋਣ ਲੜ ਰਹੀ ਹੈ. ਰਾਣੀ ਸਿੰਘ ਉਰਫ ਕੁਲਵਿੰਦਰ ਕੌਰ ਸੈਨ ਫਰਾਂਸਿਸਕੋ ਵਿੱਚ 1998 ਤੋਂ ਲਗਾਤਾਰ ਡਿਸਟਿਕਟ ਅਟਾਰਨੀ (ਅਪਰਾਧਿਕ ਮਾਮਲੇ) ਦੇ ਅਹੁਦੇ ਤੇ ਸੇਵਾ ਨਿਭਾ ਰਹੀ ਹੈ ਤੇ ਸਿਟੀ ਦੀ ਮੈਨੇਜਿੰਗ ਅਟਾਰਨੀ ਵੀ ਹੈ. ਰਾਣੀ ਸਿੰਘ ਦੇ ਪਿਤਾ ਸ. ਦਰਸ਼ਨ ਸਿੰਘ ਪੰਜਾਹ ਸਾਲ ਪਹਿਲਾਂ ਅਮਰੀਕਾ ਆਣ ਵਸੇ ਸਨ ਅਤੇ 1986 ਤੋਂ ਲਗਾਤਾਰ ਸੈਨ ਫਰਾਂਸਿਸਕੋ ਸਿਟੀ ਕਮਿਸ਼ਨਰ ਦੇ ਅਹੁਦੇ ਉੱਤੇ ਸੇਵਾ ਨਿਭਾ ਰਹੇ ਹਨ। ਮਾਰਚ 3 ਨੂੰ ਹੋਣ ਜਾ ਰਹੀ ਚੋਣ ਲਈ ਰਾਣੀ ਸਿੰਘ ਨੂੰ ਸਥਾਨਕ ਲੋਕਾਂ, ਸਭਾਵਾਂ ਅਤੇ ਕਈ ਅਦਾਰਿਆਂ ਵਲੋਂ ਭਰਪੂਰ ਸਮਰਥਨ ਮਿਲ ਰਿਹਾ ਹੈ ਅਤੇ ਇਹਨਾਂ ਲੋਕਾਂ ਵਲੋਂ ਰਾਣੀ ਸਿੰਘ ਦੇ ਸਮਰਥਨ ਵਿੱਚ ਕਈ ਫੰਡ ਰੇਜ਼ਰ ਵੀ ਕੀਤੇ ਜਾ ਰਹੇ ਹਨ, ਜਿਹਨਾਂ ਦੀ ਜਾਣਕਾਰੀ ਰਾਣੀ ਸਿੰਘ ਦੀ ਵੈਬਸਾਈਟ ਉੱਤੋਂ ਲਈ ਜਾ ਸਕਦੀ ਹੈ।

ਜੇਕਰ ਰਾਣੀ ਸਿੰਘ ਇਹ ਚੋਣ ਜਿੱਤ ਜਾਂਦੀ ਹੈ ਤਾਂ ਉਹ ਕੈਲੇਫੋਰਨੀਆਂ ਵਿੱਚ ਸੁਪੀਰੀਅਰ ਕੋਰਟ ਦੇ ਜੱਜ ਦੇ ਅਹੁਦੇ 'ਤੇ ਪਹੁੰਚਣ ਵਾਲੀ ਪਹਿਲੀ ਪੰਜਾਬਣ ਹੋਵੇਗੀ। ਆਓ ਸਾਰੇ ਰਲ ਕੇ ਰਾਣੀ ਸਿੰਘ ਦੀ ਜਿੱਤ ਲਈ ਆਪਣਾ ਯੋਗਦਾਨ ਪਾਈਏ। ਰਾਣੀ ਸਿੰਘ ਦੀ ਵੈਬਸਾਈਟ WWW.Singhforjudge.com.




# ਸੈਕਰਾਮੈਂਟੋ, ਕੈਲੀਫੋਰਨੀਆ ਵਿਚ ਨਾਗਰਿਕਤਾ ਸੋਧ ਕਾਨੂੰਨ ਵਿਰੁੱਧ ਪ੍ਰਦਰਸ਼ਨ

**ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-**ਕੈਲੀਫੋਰਨੀਆ ਦੀ ਰਾਜਧਾਨੀ ਸੈਕਰਾਮੈਂਟੋ ਵਿਚ ਭਰ ਸਰਦੀ ਦੌਰਾਨ ਸੈਂਕੜੇ ਲੋਕਾਂ ਨੇ ਭਾਰਤ ਦੀ ਨਰਿੰਦਰ ਮੋਦੀ ਸਰਕਾਰ ਵੱਲੋਂ ਬਣਾਏ ਗਏ ਨਵੇਂ ਨਾਗਰਿਕਤਾ ਸੋਧ ਕਾਨੂੰਨ (ਸੀ.ਏ.ਏ) ਵਿਰੁੱਧ ਪ੍ਰਦਰਸ਼ਨ ਕੀਤਾ। ਪ੍ਰਦਰਸ਼ਨਕਾਰੀਆਂ ਵਿਚ ਜਿਆਦਾਤਰ ਭਾਰਤੀ ਮੁਸਲਮਾਨ ਸ਼ਾਮਿਲ ਸਨ। ਬੁਲਾਰਿਆਂ ਨੇ ਮੋਦੀ ਸਰਕਾਰ ਦੇ ਕਦਮ ਨੂੰ ਪੱਖਪਾਤ ਵਾਲਾ ਕਰਾਰ ਦਿੰਦਿਆਂ ਇਸ ਵਿਰੁੱਧ ਇਕਜੁੱਟ ਹੋਣ ਦਾ ਸੱਦਾ ਦਿੱਤਾ ਤੇ ਕਿਹਾ ਕਿ ਸਾਡਾ ਸੁਨੇਹਾ ਇਹ ਹੈ ਕਿ ਨਾਗਰਿਕਤਾ ਸੋਧ ਕਾਨੂੰਨ ਪਾਸ ਕਰਕੇ ਭਾਰਤ ਦੇ ਧਰਮ ਨਿਰਪੱਖ ਸਵਰੂਪ ਨਾਲ ਛੇੜਛਾੜ ਕੀਤੀ ਗਈ ਹੈ। ਬੁਲਾਰਿਆਂ ਨੇ ਕਿਹਾ ਕਿ ਮੋਦੀ ਸਰਕਾਰ ਵੱਲੋਂ ਨੈਸ਼ਨਲ ਰਜਿਸਟਰ ਆਫ ਸਿਟੀਜ਼ਨ ਪ੍ਰੋਗਰਾਮ ਜੋ ਕਿ ਅਸਾਮ ਵਿਚ ਸ਼ੁਰੂ ਕੀਤਾ ਗਿਆ ਸੀ, ਨੂੰ ਸਮੁੱਚੇ ਭਾਰਤ ਵਿਚ ਲਾਗੂ ਕਰਨ ਦੀ ਸੰਭਾਵਨਾ ਹੈ। ਅਜਿਹਾ ਕਰਨ ਨਾਲ ਭਾਰਤ ਵਿਚ ਰਹਿ ਰਹੇ ਮੁਸਲਮਾਨਾਂ ਉਪਰ ਸਿੱਧਾ ਅਸਰ ਪਵੇਗਾ। ਸੀ ਏ ਏ ਤੇ ਐਨ ਆਰ ਸੀ ਦਾ ਵਿਰੋਧ ਕਰ ਰਹੇ ਬਹੁਤ ਸਾਰੇ ਲੋਕਾਂ ਨੂੰ ਪਹਿਲਾਂ ਹੀ ਗ੍ਰਿਫਤਾਰ ਕੀਤਾ ਜਾ ਚੁੱਕਾ ਹੈ। ਉਨਾਂ ਕਿਹਾ ਕਿ ਉਹ ਇਸ ਲਈ ਇਥੇ ਇਕੱਠੇ ਹੋਏ ਹਨ ਕਿਉਂਕਿ ਉਹ ਭਾਰਤ ਨੂੰ ਪਿਆਰ ਕਰਦੇ ਹਨ। ਅਸੀਂ ਭਾਰਤ ਦੀ ਇਕਜੁੱਟਤਾ ਲਈ ਇਕੱਤਰ ਹੋਏ ਹਾਂ। ਬੁਲਾਰਿਆਂ ਨੇ ਹਰ ਤਰਾਂ ਦੇ ਅੱਤਵਾਦ ਨੂੰ ਰੱਦ ਕਰ ਦਿੱਤਾ ।

ਪ੍ਰਦਰਸ਼ਨਕਾਰੀਆਂ ਦੇ ਹੱਥਾਂ ਵਿਚ ਭਾਰਤੀ ਝੰਡੇ ਫੜੇ ਹੋਏ ਸਨ ਤੇ ਉਹ ਨਾਗਰਿਕਤਾ ਸੋਧ ਕਾਨੂੰਨ ਵਾਪਿਸ ਲੈਣ ਦੀ ਮੰਗ ਕਰ ਰਹੇ ਸਨ। ਉਨਾਂ ਨੇ ਧਾਰਮਿੱਕ ਪਿਛੋਕੜ ਦੀ ਪਰਵਾਹ ਕੀਤੇ ਬਗੈਰ ਸਾਰੇ ਭਾਰਤੀਆਂ ਨੂੰ ਬਰਾਬਰ ਅਧਿਕਾਰ ਦੇਣ ਦੇ ਹੱਕ ਵਿਚ ਆਵਾਜ਼ ਉਠਾਈ।




# ਪੰਜਾਬੀ ਵਿਰੁੱਧ ਆਪਣੀ ਪਤਨੀ ਤੇ ਤਿੰਨ ਰਿਸ਼ਤੇਦਾਰਾਂ ਦੀ ਹੱਤਿਆ ਦੇ ਮਾਮਲੇ ਵਿਚ ਚੱਲੇਗਾ ਮੁਕੱਦਮਾ

**ਕੈਲੀਫੋਰਨੀਆ (ਹੁਸਨ ਲੜੋਆ ਬੰਗਾ)—**ਵੈਸਟ ਚੈਸਟਰ, ਓਹੀਓ ਵਾਸੀ ਗੁਰਪ੍ਰੀਤ ਸਿੰਘ ਵਿਰੁੱਧ ਆਪਣੀ ਪਤਨੀ ਤੇ ਤਿੰਨ ਰਿਸ਼ਤੇਦਾਰਾਂ ਦੀ ਹੱਤਿਆ ਦੇ ਮਾਮਲੇ ਵਿਚ ਦੋਸ਼ ਆਇਦ ਕੀਤੇ ਗਏ ਹਨ ਜੇਕਰ ਉਸ ਵਿਰੁੱਧ ਦੋਸ਼ ਸਿੱਧ ਹੋ ਜਾਂਦੇ ਹਨ ਤਾਂ ਉਸ ਨੂੰ ਮੌਤ ਦੀ ਸਜ਼ਾ ਹੋ ਸਕਦੀ ਹੈ।

ਬੁਟਲਰ ਕਾਉਂਟੀ ਅਦਾਲਤ ਦੇ ਜੱਜ ਗਰੇਗ ਹੌਵਰਡ ਨੇ ਗੁਰਪ੍ਰੀਤ ਸਿੰਘ ਨੂੰ ਦੁਭਾਸ਼ੀਆ ਮੁਹੱਈਆ ਕਰਵਾਉਣ ਦਾ ਵੀ ਆਦੇਸ਼ ਦਿੱਤਾ ਹੈ। ਇਸਤਗਾਸਾ ਪੱਖ ਅਨੁਸਾਰ ਪਿਛਲੇ ਸਾਲ 28 ਅਪ੍ਰੈਲ ਨੂੰ ਗੁਰਪ੍ਰੀਤ ਸਿੰਘ (37) ਨੇ ਕਥਿੱਤ ਤੌਰ 'ਤੇ ਆਪਣੀ ਪਤਨੀ ਸ਼ੈਲਿੰਦਰਜੀਤ ਕੌਰ, ਸਹੁਰਾ ਹਕੀਕਤ ਸਿੰਘ ਨਾਗ, ਸੱਸ ਪਰਮਜੀਤ ਕੌਰ ਤੇ ਚਾਚੀ ਅਮਰਜੀਤ ਕੌਰ ਦੀ ਗੋਲੀਆਂ ਮਾਰਕੇ ਹੱਤਿਆ ਕਰ ਦਿੱਤੀ ਸੀ। ਹੱਤਿਆਵਾਂ ਕਰਨ ਤੋਂ ਬਾਅਦ ਉਸ ਨੇ ਖੁਦ ਹੀ ਪੁਲਿਸ ਨੂੰ ਫੋਨ ਕੀਤਾ। ਉਸ ਨੇ ਪਿਲਸ ਨੂੰ ਦੱਸਿਆ ਕਿ ਉਹ ਗਹਿਰੇ ਸਦਮੇ ਵਿਚ ਹੈ ਤੇ ਉਹ ਕੁਝ ਵੀ ਕਹਿ ਸਕਣ ਦੀ ਸਥਿੱਤੀ ਵਿਚ ਨਹੀਂ ਹੈ। ਪੁਲਿਸ ਦੇ ਧਿਆਨ ਵਿਚ ਇਹ ਗੱਲ ਆਈ ਕਿ ਜਦੋਂ ਗੁਰਪ੍ਰੀਤ ਸਿੰਘ ਪੁਲਿਸ ਨੂੰ ਫੋਨ ਕਰ ਰਿਹਾ ਸੀ ਤਾਂ ਉਹ ਗਵਾਂਢੀਆਂ ਨੂੰ ਮੱਦਦ ਲਈ ਵੀ ਅਵਾਜਾਂ ਮਾਰ ਰਿਹਾ ਸੀ।



ਜਾਂਚ ਪੜਤਾਲ ਉਪਰੰਤ ਉਸ ਨੂੰ ਅਗਸਤ ਵਿਚ ਗ੍ਰਿਫ਼ਤਾਰ ਕਰ ਲਿਆ ਗਿਆ ਸੀ। ਓਦੋਂ ਤੋਂ ਹੀ ਉਹ ਓਹੀਓ ਜੇਲ ਵਿਚ ਬੰਦ ਹੈ। ਬਚਾਅ ਪੱਖ ਦੇ ਵਕੀਲਾਂ ਨੇ ਜਾਇਜ਼ ਬੌਂਡ ਭਰਨ 'ਤੇ ਜਮਾਨਤ ਲਈ ਬੇਨਤੀ ਕੀਤੀ ਸੀ ਪਰ ਜੱਜ ਨੇ ਅਪਰਾਧ ਦੀ ਗੰਭੀਰਤਾ ਨੂੰ ਵੇਖਦਿਆਂ ਹੋਇਆਂ ਇਹ ਬੇਨਤੀ ਰੱਦ ਕਰ ਦਿੱਤੀ ਸੀ।

# “ਪਸਸਕ ਦੀ ਮਾਸਿਕ ਮਿਲਣੀ”

ਪੰਜਾਬੀ ਸਾਹਿਤ ਸਭਾ ਕੈਲੇਫੋਰਨੀਆ(ਰਜਿ.) ਸੈਕਰਾਮੈਂਟੋ ਦੀ ਮਾਸਿਕ ਇਕੱਤਰਤਾ ਐਤਵਾਰ ਦਸੰਬਰ 29, 2019 ਬਾਅਦ ਦੁਪਹਿਰ 7543 ਫਰੈਂਕਲਿਨ ਬੁਲੇਵਾਰਡ (ਚੰਡੀਗੜ ਅਪਾਰਟਮੈਂਟਸ) ਵਿਖੇ ਹੋਈ!

ਦਸਮੇਸ਼ ਪੁਤਾ ਗੁਰੂ ਗੋਬਿੰਦ ਸਿੰਘ ਜੀ ਦੇ ਪਰਿਵਾਰ ਦੀਆਂ ਅਦੁੱਤੀਆਂ ਸ਼ਹਾਦਤਾਂ ਨੂੰ ਸਮਰਪਿਤ ਇਸ ਵਿਸ਼ੇਸ਼ ਇਕੱਤਰਤਾ ਰਾਹੀਂ ਚਾਰੇ ਸਾਹਿਬਜਾਦਿਆਂ ਅਤੇ ਮਾਤਾ ਗੁਜਰੀ ਜੀ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਦਿਆਂ ਸਾਕਾ ਚਮਕੌਰ ਸਾਹਿਬ ਅਤੇ ਸਾਕਾ ਸਰਹਿੰਦ ਦੇ ਇਤਿਹਾਸ ਵਾਰੇ ਵੱਖ ਵੱਖ ਬੁਲਾਰਿਆਂ ਨੇ ਆਪਣੇ ਵਿਚਾਰਾਂ ਰਾਹੀਂ ਅਤੇ ਗੀਤ , ਕਵਿਤਾਵਾਂ ਰਾਹੀਂ ਹਾਜਰੀ ਲਗਵਾਈ! ਸਭ ਤੋਂ ਪਹਿਲਾਂ ਮਨਜੀਤ ਕੌਰ ਸੇਖੋਂ ਜੀ ਨੇ ਸਟੇਜ ਸਕੱਤਰ ਮਨਜੀਤ ਰੱਲ ਦੇ ਸੱਦੇ ਤੇ ਹਾਜਰੀਨ ਨੂੰ ਸਾਕਾ ਸਰਹਿੰਦ ਦੇ ਸੰਖੇਪ ਇਤਿਹਾਸ ਨੂੰ ਬੜੇ ਹੀ ਭਾਵੁਕਤਾ ਨਾਲ ਸਾਂਝਾ ਕੀਤਾ ਜਿਸ ਨੂੰ ਸੁਣਕੇ ਸਰੋਤਿਆਂ ਦੀਆਂ ਅੱਖਾਂ ਵਿੱਚੋਂ ਛੋਟੇ ਸਾਹਿਬਜਾਦਿਆਂ ਦੇ ਚਰਨਾਂ ਵਿੱਚ ਸ਼ਰਧਾ ਦੇ ਅੱਥਰੂ ਪਰਲ ਪਰਲ ਵਗ ਰਹੇ ਸਨ!

ਚਰਨਜੀਤ ਸਿੰਘ ਗਰੇਵਾਲ, ਚਰਨਜੀਤ ਕੌਰ, ਮਨਰੀਤ ਕੌਰ ਗਰੇਵਾਲ ਸਿੱਧੂ, ਗੁਰਦੀਪ ਕੌਰ, ਦਿਲ ਨਿੱਜਰ, ਮਹਿਮੂਦ ਅਲੀ, ਇੰਦਰਜੀਤ ਸਿੰਘ ਗਰੇਵਾਲ ਥਰੀਕੇ, ਕਮਲ ਬੰਗਾ, ਸੁਖਦੇਵ ਸਿੰਘ ਢਿੱਲੋਂ ਆਦਿ ਨੇ ਵੀ ਆਪੋ ਆਪਣੇ ਸ਼ਬਦਾਂ ਰਾਹੀਂ ਸ਼ਰਧਾ ਫੁੱਲ ਭੇਂਟ ਕੀਤੇ!

ਦੂਜੇ ਕਵੀ ਦਰਬਾਰ ਸ਼ੈਸ਼ਨ ਵਿੱਚ ਮੇਜਰ ਭੁਪਿੰਦਰ ਸਿੰਘ ਦਲੇਰ ਧੁੱਗਾ, ਅਜੈਬ ਸਿੰਘ ਚੀਮਾ, ਪਰਗਟ ਸਿੰਘ ਹੁੰਦਲ, ਮਨਜੀਤ ਰੱਲ, ਮਨਰੀਤ ਕੌਰ ਗਰੇਵਾਲ ਸਿੱਧੂ, ਗੁਰਦੀਪ ਕੌਰ, ਚਰਨਜੀਤ ਸਿੰਘ ਗਰੇਵਾਲ, ਇੰਦਰਜੀਤ ਸਿੰਘ ਗਰੇਵਾਲ ਥਰੀਕੇ, ਜਸਵੰਤ ਸ਼ੀਮਾਰ, ਫਕੀਰ ਮੱਲੀ, ਮਨਜੀਤ ਸੇਖੋਂ, ਪ੍ਰੋ. ਹਰਪਾਲ ਸਿੰਘ, ਦਿਲ ਨਿੱਜਰ, ਕਮਲ ਬੰਗਾ, ਚਰਨਜੀਤ ਕੌਰ, ਗੁਰਮੀਤ ਸਿੰਘ ਬਾਸੀ, ਮਹਿਮੂਦ ਅਲੀ,ਆਦਿ ਨੇ ਆਪੋ ਆਪਣੀਆਂ ਰਚਨਾਵਾਂ ਨਾਲ ਸਾਂਝ ਪਾਈ! ਸਰੋਤਿਆਂ ਵਿੱਚ ਗੁਰਮੇਲ ਕੌਰ, ਦਿਲਵਾਗ ਸਿੰਘ ਨੇ ਹਾਜਰੀ ਲਗਵਾਈ!

ਗੁਰਦੀਪ ਕੌਰ ਇਸ ਮੀਟਿੰਗ ਦੀ ਪਰਬੰਧਕ ਨੇ ਚਾਹ ਪਾਣੀ ਅਤੇ ਘਰ ਦੇ ਖੋਏ ਦੀਆਂ ਪਿੰਨੀਆਂ ਅਤੇ ਪੀਜ਼ੇ ਨਾਲ ਪਹੁੰਚੇ ਸਾਹਿਤ ਪਰੇਮੀਆਂ ਦੀ ਸੇਵਾ ਕੀਤੀ! ਪੰਜਾਬੀ ਸਾਹਿਤ ਸਭਾ ਕੈਲੇ-ਫੋਰਨੀਆ (ਰਜਿ.) ਨਾਲ ਜੁੜ ਕੇ ਪੰਜਾਬੀ ਮਾਂ ਬੋਲੀ ਦੇ ਪਸਾਰ ਅਤੇ ਪ੍ਰਚਾਰ ਲਈ ਅਗਰ ਕੋਈ ਵੀ ਦਿਲਚਸਪੀ ਰੱਖਦਾ ਹੈ ਤਾਂ ਸੰਪਰਕ ਕਰ ਸਕਦੇ ਹੋ।

**ਇੰਦਰਜੀਤ ਸਿੰਘ ਗਰੇਵਾਲ ਥਰੀਕੇ (ਪ੍ਰਧਾਨ)**
916-248-1535
**ਪੰਜਾਬੀ ਸਾਹਿਤ ਸਭਾ ਕੈਲੇਫੋਰਨੀਆ (ਰਜਿ.) ਸੈਕਰਾਮੈਂਟੋ**

# ਸ੍ਰੀ ਗੁਰੂ ਰਵਿਦਾਸ ਜੀ ਦੇ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਨਗਰ ਕੀਰਤਨ ਸਬੰਧੀ ਮੀਟਿੰਗ

**ਭੋਗਪੁਰ-** ਸ੍ਰੀ ਗੁਰੂ ਰਵਿਦਾਸ ਨਗਰ ਕੀਰਤਨ ਸਭਾ ਬਲਾਕ ਭੋਗਪੁਰ ਜ਼ਿਲ੍ਹਾ ਜਲੰਧਰ ਦੀ ਇਕ ਅਹਿਮ ਮੀਟਿੰਗ ਪਿੰਡ ਬਿਨਪਾਲਕੇ ਵਿਖੇ ਹੋਈ ਜਿਸ ਵਿੱਚ ਵੱਖ-ਵੱਖ ਪਿੰਡਾਂ ਦੀਆਂ ਗੁਰੂ ਰਵਿਦਾਸ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਦੇ ਮੈਂਬਰਾਂ ਨੇ ਭਾਗ ਲਿਆ। ਸਭਾ ਵੱਲੋਂ ਮਤਾ ਪਾਸ ਕੀਤਾ ਗਿਆ ਕਿ ਗੁਰੂ ਰਵਿਦਾਸ ਜੀ ਦੇ 643 ਵੇਂ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਸ੍ਰੀ ਗੁਰੂ ਗ੍ਰੰਥ ਜੀ ਦੀ ਪਾਵਨ ਹਜ਼ੂਰੀ ਵਿੱਚ ਭੋਗਪੁਰ ਦਾ ਬਲਾਕ ਪੱਧਰੀ ਨਗਰ ਕੀਰਤਨ ਇਸ ਵਾਰ ਪਿੰਡ ਬਿਨਪਾਲਕੇ ਦੀ ਅਗਵਾਈ ਵਿਚ ਮਿਤੀ 08-02-2020 ਨੂੰ ਪਿੰਡ ਬਿਨਪਾਲਕੇ ਤੋਂ ਅਰੰਭ ਹੋਵੇਗਾ ਜੋ ਕਿ 15 ਪਿੰਡਾਂ ਦੀਆਂ ਪ੍ਰਕਰਮਾ ਕਰਕੇ ਸ੍ਰੀ ਗੁਰੂ ਰਵਿਦਾਸ ਜੀ ਦੀ ਬਾਣੀ ਤੇ ਵਿਚਾਰਧਾਰਾ ਦਾ ਗੁਣਗਾਨ ਕਰੇਗਾ।ਇਸ ਨਗਰ ਕੀਰਤਨ ਵਿਚ ਹਜ਼ਾਰਾਂ ਸੰਗਤਾਂ ਦਾ ਇਕੱਠ ਬੜੀ ਸ਼ਰਧਾ ਅਤੇ ਸਤਿਕਾਰ ਨਾਲ ਹਾਜ਼ਰੀ ਭਰਦਾ ਹੈ।ਬੁਲਾਰਿਆਂ ਵਿੱਚ ਜਸਵਿੰਦਰ ਕੁਮਾਰ ਬਿਨਪਾਲਕੇ, ਹਰਭਜਨ ਭਜੀ ਨਵੀਂ ਆਬਾਦੀ ਭੋਗਪੁਰ, ਰਾਕੇਸ਼ ਬੱਗਾ ਗੁਰੂ ਰਵਿਦਾਸ ਨਗਰ ਭੋਗਪੁਰ, ਹੈਪੀ ਡੱਲੀ, ਅਮ੍ਰਿਤਪਾਲ ਨੰਗਲ ਅਰਾਈਆਂ, ਗੁਰਮੀਤ ਸਿੰਘ ਲਾਹਦੜਾ ਅਤੇ ਕੁਲਵਿੰਦਰ ਸਿੰਘ ਚੱਕ-ਝੰਡੂ ਨੇ ਆਪਣੇ ਵਿਚਾਰ ਰੱਖੇ ਅਤੇ ਨਗਰ ਕੀਰਤਨ ਨੂੰ ਹੋਰ ਵੀ ਬਿਹਤਰ ਬਨਾਉਣ ਲਈ ਆਪਣੇ ਸੁਝਾਅ ਦਿੱਤੇ। ਸ੍ਰੀ ਗੁਰੂ ਰਵਿਦਾਸ ਮਿਸਨ ਪ੍ਰਚਾਰ ਸੰਸਥਾ ਬਿਨਪਾਲਕੇ ਦੇ ਮੀਤ ਪ੍ਰਧਾਨ ਸੂਬੇਦਾਰ ਹੰਸਰਾਜ ਨੇ ਨਗਰ ਕੀਰਤਨ ਸਜਾਉਣ ਲਈ ਸੰਸਥਾ ਵਲੋਂ ਨਵੀਂ ਖਰੀਦੀ ਬੱਸ (ਪਾਲਕੀ ਸਾਹਿਬ) ਦੀ ਬੁਕਿੰਗ ਬਾਰੇ ਜਾਣਕਾਰੀ ਪ੍ਰਦਾਨ ਕੀਤੀ ਅਤੇ ਸੰਗਤਾਂ ਨੂੰ ਅਪੀਲ ਕੀਤੀ ਕਿ ਉਹ ਗੁਰੂ ਰਵਿਦਾਸ ਜੀ ਦੇ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਨਗਰ ਕੀਰਤਨ ਸਜਾਉਣ ਲਈ ਸਾਡੀ ਸੰਸਥਾਂ ਕੋਲ ਬਸ ਪਾਲਕੀ ਸਾਹਿਬ ਬੁੱਕ ਕਰਵਾਉਣ ਦੀ ਕ੍ਰਿਪਾਲਤਾ ਕਰਨ ਅਤੇ ਖਰੀਦੀ ਗਈ ਬਸ ਵਾਸਤੇ ਆਰਥਿਕ ਸਹਿਯੋਗ ਵੀ ਕਰਨ।ਉਨ੍ਹਾਂ ਨੇ ਕਿਹਾ ਕਿ ਸੰਸਥਾਂ ਦੀ ਵੈਬਸਾਈਟ www.begumpuramission.com ਤੇ ਜਾ ਕੇ ਬਸ ਵਾਰੇ ਹੋਰ ਜਾਣਕਾਰੀ ਪ੍ਰਾਪਤ ਕੀਤੀ ਜਾ ਸਕਦੀ ਹੈ। ਮੈਬਰਾਂ ਨੇ ਆਪੋ-ਆਪਣੇ ਪਿੰਡਾਂ ਦੀਆਂ ਸੰਗਤਾਂ ਵਲੋਂ ਨਗਰ ਕੀਰਤਨ ਨੂੰ ਜੀ ਆਇਆਂ ਕਹਿਣ ਲਈ ਭਾਰੀ ਉਤਸ਼ਾਹ ਤੇ ਸ਼ਰਧਾ ਦਾ ਪ੍ਰਗਟਾਵਾ ਕੀਤਾ। **- ਚਰਨਜੀਤ ਸਿੰਘ ਬਿਨਪਾਲਕੇ**



# “ਨਾਮ ਚੋਟੀ ਦੀਆਂ ਮੁਲਕਾਂ ’ਚ ਬੋਲਦਾ, ਤੇ ਘਰ ਲੱਗੀ ਅੱਗ ਨਾ ਬੁੱਝੇ”

**(ਸਫਾ 3 ਦੀ ਬਾਕੀ)**

ਸਾਊਥ ਆਸਟ੍ਰੇਲੀਆ 'ਚ ਸੀ.ਐੱਫ.ਐੱਸ. (ਕੰਟਰੀ ਫਾਇਰ ਸਰਵਿਸਿਜ਼) ਆਦਿ ਸੰਸਥਾਵਾਂ ਹੋਂਦ 'ਚ ਆਈਆਂ ਸਨ ਤੇ ਜੋ ਅੱਜ ਤੱਕ ਹਰ ਸਾਲ ਇਸ ਆਫ਼ਤ ਨਾਲ ਜੂਝਦੀਆਂ ਆ ਰਹੀਆਂ ਹਨ। ਆਪਣੇ ਸਲਾਨਾ ਬਜਟ 'ਚ ਅੱਗਾਂ ਦੀ ਆਫ਼ਤ ਦੇ ਫ਼ੰਡ 'ਚ ਕਟੌਤੀ ਕਰਕੇ ਅੱਜ ਦੀ ਸਰਕਾਰ ਦੀ ਕਿਰਕਰੀ ਹੋ ਰਹੀ ਹੈ। ਇੱਥੇ ਇਹ ਵੀ ਜ਼ਿਕਰਯੋਗ ਹੈ ਕਿ ਆਸਟ੍ਰੇਲੀਆ ਵਿਚ ਗਰਮੀ ਦੇ ਮੌਸਮ ਵਿਚ ਕਿਤੇ ਵੀ ਅੱਗ ਲਾਉਣਾ ਗੈਰ ਕਾਨੂੰਨੀ ਹੈ। ਥਾਂ ਥਾਂ ਤੇ ਸਰਕਾਰ ਲਿਖਤੀ ਬੋਰਡ ਲਗਾ ਕੇ ਅਤੇ ਮੀਡੀਏ ਜ਼ਰੀਏ ਲੋਕਾਂ ਨੂੰ ਜਾਗ੍ਰਿਤ ਕਰਦੀ ਰਹਿੰਦੀ ਹੈ। ਇੱਥੋਂ ਤੱਕ ਕਿ ਸਿਆਲਾਂ 'ਚ ਵੀ ਜਦੋਂ ਅਸੀਂ ਆਪਣੇ ਖੇਤਾਂ ਆਦਿ ਦੇ ਝਾੜ ਬੂਝ ਨੂੰ ਅੱਗ ਲਾਉਣੀ ਹੋਵੇ ਤਾਂ ਪਹਿਲਾਂ ਨੇੜੇ ਦੇ ਅੱਗ ਬੁਝਾਊ ਮਹਿਕਮੇ ਨੂੰ ਦੱਸਣਾ ਪੈਂਦਾ ਹੈ। ਤੁਸੀਂ ਕੋਈ ਵੀ ਇਹੋ ਜਿਹੀ ਚੀਜ਼ ਨਹੀਂ ਮਚਾ ਸਕਦੇ ਜਿਸ ਨਾਲ ਜ਼ਹਿਰੀਲਾ ਧੂੰਆਂ ਬਣਦਾ ਹੋਵੇ ਮਸਲਨ ਜ਼ਹਿਰੀਲੀਆਂ ਦਵਾਈਆਂ ਲੱਗੀ ਲੱਕੜ ਜਾ ਪਲਾਸਟਿਕ ਆਦਿ। ਪਰ ਇਹ ਤਾਂ ਆਮ ਜਿਹੇ ਉਪਰਾਲੇ ਹਨ ਲੋਕਾਂ ਨੂੰ ਜਾਗਰੂਕ ਕਰਨ ਦੇ। ਇਸ ਸੰਬੰਧੀ ਅਸੀਂ ਬਹੁਤ ਸਾਰੇ ਜ਼ਿੰਮੇਵਾਰ ਲੋਕਾਂ ਨੂੰ ਸਵਾਲ ਕੀਤਾ ਕਿ "ਸਾਇੰਸ ਦੇ ਇਸ ਯੁੱਗ 'ਚ ਅਸੀਂ ਬਹੁਤ ਕੁਝ ਖੋਜ ਲਿਆ ਹੈ ਪਰ ਆਸਟ੍ਰੇਲੀਆ 'ਚ ਹਰ ਸਾਲ ਲਗਦੀਆਂ ਇਹਨਾਂ ਭਿਆਨਕ ਅੱਗਾਂ ਦਾ ਕੋਈ ਤੋੜ ਕਿਉਂ ਨਹੀਂ ਲੱਭਿਆ?" ਬਹੁਤਿਆਂ ਨੇ ਆਸਟ੍ਰੇਲੀਅਨ ਲੋਕਾਂ ਦੇ ਸੁਸਤ-ਪੁਣੇ ਨੂੰ ਇਸ ਦਾ ਜ਼ਿੰਮੇਵਾਰ ਠਹਿਰਾਇਆ। ਉਨ੍ਹਾਂ ਦਾ ਮੰਨਣਾ ਸੀ ਕਿ ਆਸਟ੍ਰੇਲੀਆ ਸਾਲ ਭਰ ਕੁਝ ਨਹੀਂ ਕਰਦਾ ਤੇ ਜਦੋਂ ਅੱਗਾਂ ਲੱਗਣ ਦੀ ਰੁੱਤ ਆ ਜਾਂਦੀ ਹੈ ਫੇਰ ਕੁਰਲਾਉਂਦਾ। ਇੱਥੇ ਮੈਨੂੰ ਮੋਹੀ ਵਾਲੇ ਬਾਈ ਪਰਮਜੀਤ ਪੰਮੇ ਦੀ ਗੱਲ ਚੇਤੇ ਆ ਰਹੀ ਹੈ। 90 ਦੇ ਦਹਾਕੇ ਦੀ ਗੱਲ ਹੈ ਅਸੀਂ ਬਠਿੰਡੇ ਦੇ ਕੁਝ ਉੱਦਮੀ ਨੌਜਵਾਨਾਂ ਨੇ ਹੇਮਕੁੰਟ ਸਾਹਿਬ ਦੇ ਰਾਹ 'ਚ ਪੈਂਦੇ ਕਸਬੇ ਚਮੋਲੀ 'ਚ ਲੰਗਰ ਲਾਉਣਾ ਸ਼ੁਰੂ ਕੀਤਾ। ਦਿਨੇ ਸਾਰਾ ਦਿਨ ਲੰਗਰ ਦੀ ਸੇਵਾ 'ਚ ਰੁੱਝੇ ਰਹਿਣਾ ਅਤੇ ਜਦੋਂ ਰਾਤ ਨੂੰ ਇਕ ਖੜ੍ਹੇ ਟਰੱਕ 'ਚ ਸੌ ਜਾਣਾ, ਤਾਂ ਪਹਾੜੀ ਏਰੀਆ ਹੋਣ ਕਾਰਨ ਅੱਧੀ ਕੁ ਰਾਤ ਨੂੰ ਮੀਂਹ ਲਹਿ ਪੈਣਾ। ਫੇਰ ਸਾਰੇ ਏਧਰ-ਓਦਰ ਲੁਕਦੇ ਫਿਰਨਾ ਗਿੱਲੀਆਂ ਰਜਾਈਆਂ ਲੈ ਕੇ। ਫੇਰ ਪੰਮੇ ਬਾਈ ਨੇ ਕਹਿਣਾ ਕੱਲ੍ਹ ਨੂੰ ਆਪਾਂ ਸਭ ਤੋਂ ਪਹਿਲਾਂ ਛੱਤ ਦਾ ਇੰਤਜ਼ਾਮ ਕਰਾਂਗੇ ਤੇ ਨਾਲ ਹੀ ਕੋੜ੍ਹਕਿਰਲੇ ਦੀ ਬਾਤ ਸੁਣਾ ਦੇਣੀ ਕਿ ਕੋੜ੍ਹਕਿਰਲਾ ਹਰ ਰੋਜ਼ ਰਾਤ ਨੂੰ ਕੋੜ੍ਹਕਿਰਲੀ ਨਾਲ ਵਾਅਦਾ ਕਰ ਕੇ ਪੈਂਦਾ ਕਿ ਭਾਗਵਾਨੇ ਕੱਲ੍ਹ ਨੂੰ ਸਭ ਤੋਂ ਪਹਿਲਾਂ ਆਪਾਂ ਖੁੱਡ ਪੱਟਣ ਦਾ ਕੰਮ ਕਰਨਾ। ਪਰ ਸਾਰੀ ਉਮਰ ਇੰਝ ਹੀ ਗੁਜ਼ਾਰ ਲੈਂਦਾ। ਉਹੀ ਹਾਲ ਆਸਟ੍ਰੇਲੀਆ ਦਾ। ਆਸਟ੍ਰੇਲੀਆ ਦੇ ਬਜਟ 'ਚ ਸੋਸ਼ਲ ਸਿਕਿਉਰਿਟੀ ਦੇ ਨਾਮ ਤੇ ਵਿਹਲਿਆਂ ਨੂੰ ਖੁਆਉਣ ਤੋਂ ਲੈ ਕੇ ਐੱਨ.ਬੀ.ਐੱਨ. ਜਿਹੇ ਚਿੱਟੇ ਹਾਥੀ ਪਤਾ ਨਹੀਂ ਕਿੰਨੇ ਕੁ ਬੰਨ੍ਹ ਰੱਖੇ ਹਨ? ਪਰ ਜਿਹੜੀ ਖੁੱਡ ਪੱਟਣ ਦੀ ਲੋੜ ਹੈ ਉਸ ਬਾਰੇ ਕਦੇ ਕੋਈ ਵਿਚਾਰ ਨਹੀਂ। ਹਾਸੋ ਹੀਣੀ ਗੱਲ ਇਹ ਹੈ ਕਿ ਅੱਜ ਆਸਟ੍ਰੇਲੀਆ ਬੈਠਾ ਅਮਰੀਕਾ ਤੋਂ ਮਦਦ 'ਚ ਆ ਰਹੇ ਅੱਗ ਬੁਝਾਉਣ ਵਾਲੇ ਹੈਲੀਕਾਪਟਰ ਉਡੀਕ ਰਿਹਾ ਹੈ। ਉਪਰੋਕਤ ਸਵਾਲ ਜਦੋਂ ਮੈਂ ਕਿਸੇ ਸਿਆਸੀ ਬੰਦੇ ਨੂੰ ਪਾਏ ਤਾਂ ਉਨ੍ਹਾਂ ਉਹੀ ਦੋਸ਼-ਪਰਦੋਸ਼ ਦਾ ਰਾਜਨੀਤਕ ਬਿਆਨ ਦਿੱਤਾ ਲੇਬਰ ਕਹਿੰਦੀ ਲਿਬਰਲ ਮਾੜੇ, ਲਿਬਰਲ ਕਹਿੰਦੇ ਲੇਬਰ ਮਾੜੀ ਤੇ ਦੋਨੋਂ ਰਲ ਕੇ ਕਹਿੰਦੇ ਗਰੀਨ ਪਾਰਟੀ ਵਾਲੇ ਮਾੜੇ।


Law Office of
NIRWAN & ASSOCIATES



www.nirwanlaw.com

Business Incorporation
Articles of Incorp
Dissolution
501 © Non-Profit

Jagdip S. Nirwan, Esq
916-832-3144

IMMIGRATION LAW
* Adjustment of Status
* Citizenship
* Employment
* Appeals-1J/
* Family & Finance Visa
* Board /Federal Ct
* Labor Certification
* Asylum
* Removal & Deportation Defense

TAX LAW
* Offer in Compromise
* Payment Plans
* File Back Taxes
* Tax Preparation
* Audits, Appeals
* Tax Court Rep
* IRS/EDD/FTB Representation
* Personal & Business
* Income Tax Filling 1040/1020

1104 Corporate Way Sacramento, CA 95831



A & S
Auto Repair & Services
Specializing in Brakes & Axles

Mon-Fri 9:00 AM to 6:00 PM
Saturday 9:00 AM to 5:00 PM

Free Tire Rotation and Brake Inspection with purchase of Oil Service for most cars

Diagnose check Engine light pre-buyers inspection tune-ups and more

Dealer Recommended Service Shocks/Struts A/C Servics



Ph: 916-238-4431
649 W. Elkhorn Blvd. Suite B2
Rio Linda, CA 95673




Amarjit Sandhu

ਦੇਸ਼ ਦੁਆਬਾ

## Sh. Ishwar Dass Pawar & his book "My Struggle in Life"

**Prem K. Chumber**
**Editor-In-Chief:**
**www.ambedkartimes.com**

Sh. Ishwar Dass Pawar is a household name in the Doaba region of Punjab. He was probably the first Punjab Civil Service officer from the Ad Dharmi community of the region. Ad Dharmis of Punjab were the pioneers of the Dalit movement in the Northwest India. Sh. Pawar Ji served the cause of the Samaj through his bold decisions in the direction of Dalit empowerment.




When he was appointed as the passport issuing officer in the region, he made great contribution towards helping his people reach foreign lands to improve their life conditions. To obtain a passport one needs to show some property, which lowest of the low were deprived of simply for being born in such families. Sh. Pawar saw to it that this formidable hurdle should not come in their way to obtain passports. It was during his tenure at the Passport office that a large number of people belonging to various Scheduled Castes (SCs) communities started reaching abroad. Currently SCs of Punjab constitute the second largest emigrant group from Punjab in North America and Western Europe.

The lesson to serve one's community, Sh. Pawar Ji learnt from the teachings of Ad Dharm movement. Babu Mangu Ram Mugowalia, the founder of the glorious Ad Dharam movement of Punjab, influenced Pawar Sahib deeply. Babu Mangu Ram Mugowalia Ji used to go to Chandigarh to meet Sh. Pawar Sahib at his residence and Mrs. Pawar look after them passionately as both of them were well aware of their commitment towards the Dalit Samaj. ID Pawar was not only a source of aspiration for his people but also great support to help them at various levels of administration for their day-to-day life requirements. Ambedkartimes forum takes lots of pride in serializing Sh. I. D.Pawar's autobiography "My Struggle in Life". Our thanks also to Sh.Pamas Rai Bhatti whose contribution towards the publication of this valuable treasure of our Samaj was duly recognized by Pawar Sahib in the preface of "My Struggle in Life"

ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। ਲੇਖਕ ਆਪਣੇ ਲੇਖ ਅਤੇ ਪੱਤਰਕਾਰ ਆਪਣੀਆਂ ਖਬਰਾਂ ਲਈ ਖੁਦ ਜ਼ਿੰਮਵਾਰ ਹੋਣਗੇ। -ਸੰਪਾਦਕ

# Babu Mangu Ram's unforgettable legacy



**O.P. Balley ***
**1-925-252-6085**

On the occasion of 134th Birth Anniversary of Babu Mangu Ram Muggowalia on 14th January,2020 we, on behalf of Supreme Council, Sri Guru Ravidass Sabhas, USA, congratulate the entire community for whom he played a pivotal role as the founder of Ad-Dharm movement in 1920,s. He created a new wave of awakening and social consciousness among the neglected segments of society in India. The movement launched by Babu Mangu Ram Muggowalia aimed at carving out a distinct identity for the followers of Guru Ravidass Ji, independent of the Hindus, Sikhs and Muslims. Babu Mangu Ram Muggowalia who was a house-hold name in undivided Punjab among the untouchables, has not gained the serious scholarly attention, he deserved. Mark Juergensmeyer, a renowned Professor in Santa Barbara University and an eminent scholar of International fame was the first one who met Babu Mangu Ram Muggowalia personally in India made an extensive study on him as revealed in his book "RELIGIOUS REBELS IN PUNJAB" "The Ad Dharm challenge to caste". Lot of efforts are under way by many of the modern scholars in India to revive the invigorating legacy of this forgotten hero. It was Babu Mangu Ram Muggowalia who left no stone unturned to prove that we were the actual aborigines (Moolnivasi) of India but were forced to live a life of slaves in our own land.



Staunch Supporter of Dr. B.R. Ambedkar: - Babu Mangu Ram Muggowalia stood like a solid rock with Babasaheb Dr. B.R. Ambedkar during his crusade in Round Table conferences in London, supporting him with telegrams that Dr. Ambedkar is the real representative of the down trodden to participate in the deliberations of the conference for award of separate electorates for the scheduled castes. He even started a counter fast unto death against Mahatma Gandhi's which ended in the signing of Poona-Pact in 1932.

Role as a freedom fighter: - Babu Mangu Ram Muggowalia while in USA in the early part of the 20th century became an active member of the Gadar movement fighting for India's freedom from the British rule for which he even risked his life while coming back to India with a shipment of weapons to be used by Ghadarites in India. He was honored and recognized with a Tamar- Patra for his role as a freedom fighter by the former Prime Minister of India Shrimati Indira Gandhi. Unfortunately the name of such a revolutionary figure in the Gadar movement and one of the founder members of the historic Sikh Temple in Stockton (California) has not been even included in the official lists displayed in Gadar Memorial hall, San Francisco and Gurdwara Sahib Stockton. This omission, being a matter of great concern to all, was also confirmed by Mr. Prem Kumar Chumber Chief Editor Desh Doaba and Ambedkar Times and by other visitors to these locations.

Desh Doaba and Ambedkar Times, the two U.S weekly publications in circulation among the Indian Diaspora all over the world are also very instrumental and embedded to the cause of reviving the exemplary role and the legacy of this patriotic hero for restoration of human rights to the deprived and the original inhabitants of India. Desh Doaba has made it a regular feature in its periodical Editorials to write about his gigantic contributions in the establishment of a distinct and a separate identity of Ad-Dharmi Community.

Let the youth of the modern era learn more and more about the life of such a valiant and a patriotic fighter in the freedom struggle as well as a crusader for restoration of human rights denied to the down trodden for centuries.

In the pages of history he deserves the honor and the veneration as a great leader and a champion of human rights.

*** (General Secretary)**
**Supreme Council,**
**Sri Guru Ravidass Sabhas USA**

## Message

Today, January 14, is the birth anniversary of great leader of the downtrodden, Babu Mangu Ram Mugowalia, founder of the Ad-Dharam Movement. I would like to remember him and pay my humble tributes to him. His mission, unfortunately, is still incomplete and additional efforts are needed to bring about equality, fraternity and justice both in the polity and society.

Let us take a pledge to do so and establish a casteless society for the true development and progress of India and the society at large as visualized by the great leader. It is a matter of satisfaction that the Desh Doaba and the Ambedkar Times are totally committed to spread the message of Babu Mangu Ram Mugowalia.



**-Ramesh Chander**
**--Ambassador - I.F.S. (Retired)**
**Tel: +91-99885-10940 E-mail: rc2345@yahoo.com**


The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਜਗਰੂਪ ਸਿੰਘ ਜਰਖੜ ਨੂੰ ਸਦਮਾ, ਮਾਤਾ ਦਾ ਦੇਹਾਂਤ

**ਲੁਧਿਆਣਾ** – ਉੱਘੇ ਖੇਡ ਲੇਖਕ ਅਤੇ ਖੇਡ ਪ੍ਰਮੋਟਰ, ਜਰਖੜ ਖੇਡਾਂ ਦੇ ਮੁੱਖ ਪ੍ਰਬੰਧਕ ਜਗਰੂਪ ਸਿੰਘ ਜਰਖੜ ਅਤੇ



ਉਨ੍ਹਾਂ ਦੇ ਭਰਾ ਅਵਤਾਰ ਸਿੰਘ ਜਰਖੜ ਨੂੰ ਉਸ ਵੇਲੇ ਗਹਿਰਾ ਸਦਮਾ ਲੱਗਿਆ ਜਦੋਂ ਉਨ੍ਹਾਂ ਦੇ ਮਾਤਾ ਨਛੱਤਰ ਕੌਰ (84 ਸਾਲ) ਦਾ ਬੀਤੀ ਰਾਤ ਅਚਨਚੇਤ ਦਿਹਾਂਤ ਹੋ ਗਿਆ। ਮਾਤਾ ਨਛੱਤਰ ਕੌਰ ਦਾ ਅੰਤਿਮ ਸਸਕਾਰ ਅੱਜ ਉਨ੍ਹਾਂ ਦੇ ਪਿੰਡ ਜਰਖੜ ਵਿਖੇ ਕੀਤਾ ਗਿਆ। ਜਿਥੇ ਉਨ੍ਹਾਂ ਦੀ ਚਿਖਾ ਨੂੰ ਅਗਨੀ ਉਨ੍ਹਾਂ ਦੇ ਸਪੁੱਤਰ ਅਵਤਾਰ ਸਿਘ ਜਰਖੜ, ਜਗਰੂਪ ਸਿੰਘ ਜਰਖੜ ਅਤੇ ਹੋਰ ਦੋਹਤਿਆਂ, ਪੋਤਿਆਂ ਨੇ ਰਲ ਕੇ ਦਿਖਾਈ। ਇਸ ਮੌਕੇ ਰਾਜਨੀਤਿਕ ਅਤੇ ਖੇਡ ਜਗਤ ਦੀਆਂ ਵੱਡੀ ਗਿਣਤੀ 'ਚ ਹਾਜ਼ਰ ਸਨ। ਸਵਰਗੀ ਮਾਤਾ ਨਛੱਤਰ ਕੌਰ ਦੇ ਨਮਿਤ ਅੰਤਿਮ ਅਰਦਾਸ ਅਤੇ ਸ਼ਰਧਾਂਜਲੀ ਸਮਾਰੋਹ 17 ਜਨਵਰੀ ਦਿਨ ਸ਼ੁੱਕਰਵਾਰ ਨੂੰ ਦੁਪਹਿਰ 12 ਤੋਂ 2 ਵਜੇ ਤੱਕ ਮਾਤਾ ਸਾਹਿਬ ਕੌਰ ਖੇਡ ਕੰਪਲੈਕਸ ਜਰਖੜ ਵਿਖੇ ਹੋਵੇਗਾ। ਇਸ ਮੌਕੇ ਕੈਪਟਨ ਸੰਦੀਪ ਸਿੰਘ ਸੰਧੂ ਰਾਜਸੀ ਸਲਾਹਕਾਰ ਮੁੱਖ ਮੰਤਰੀ ਪੰਜਾਬ, ਰਾਜਦੀਪ ਸਿੰਘ ਗਿੱਲ ਸਾਬਕਾ ਡੀਜੀਪੀ, ਬੀ.ਐੱਸ ਗਰਚਾ ਰਿਟਾ. ਡੀ.ਆਈ.ਜੀ., ਤੇਜਾ ਸਿੰਘ ਧਾਲੀਵਾਲ ਜਨਰਲ ਸਕੱਤਰ ਪੰਜਾਬ ਬਾਸਕਿਟਬਾਲ ਐਸੋਸੀਏਸ਼ਨ, ਭੁਪਿੰਦਰ ਸਿੰਘ ਸਿੱਧੂ, ਪ੍ਰੋ. ਮੇਜਰ ਸਿੰਘ ਸੋਹੀ, ਪਰਮਜੀਤ ਸਿੰਘ ਪਟਿਆਲਾ, ਜਤਿੰਦਰਪਾਲ ਸਿੰਘ ਸਾਬਕਾ ਏਡੀਸੀ, ਬਲਦੇਵ ਸਿੰਘ ਦ੍ਰੋਣਾਚਾਰੀਆ ਐਵਾਰਡੀ ਕੋਚ, ਕੁਲਵੰਤ ਸਿੰਘ ਧਾਲੀਵਾਲ ਵਰਲਡ ਕੈਂਸਰ ਕੇਅਰ, ਪ੍ਰੀਤਮ ਸਿੰਘ ਗਰੇਵਾਲ, ਸਾਬਕਾ ਮੇਅਰ ਹੰਸਲੋ, ਜਸਵੰਤ ਸਿੰਘ ਗਰੇਵਾਲ ਯੂਕੇ, ਨਰਿੰਦਰਪਾਲ ਸਿੰਘ ਸਿੱਧੂ ਚੇਅਰਮੈਨ ਜਰਖੜ ਖੇਡਾਂ, ਇੰਸਪੈਕਟਰ ਬਲਬੀਰ ਸਿੰਘ, ਜਥੇਦਾਰ ਗੁਰਮੇਲ ਸਿੰਘ ਸੰਗੋਵਾਲ, ਜਥੇਦਾਰ ਹਰਜਿੰਦਰ ਸਿੰਘ ਗੌਸਪੁਰ, ਸ਼ਰਨਜੀਤ ਸਿੰਘ ਥਰੀਕੇ, ਤਿਰਲੋਚਨ ਸਿੰਘ ਲਲਤੋਂ ਕਲਾਂ ਤੋਂ ਇਲਾਵਾ ਹੋਰ ਰਾਜਨੀਤਿਕ ਸਮਾਜਿਕ ਅਤੇ ਖੇਡ ਜਗਤ ਦੀਆਂ ਸ਼ਖਸੀਅਤਾਂ ਅਤੇ ਪੱਤਰਕਾਰ ਭਾਈਚਾਰੇ ਨੇ ਮਾਤਾ ਨਛੱਤਰ ਕੌਰ ਦੇ ਦਿਹਾਂਤ 'ਤੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਜਰਖੜ ਪਰਿਵਾਰ ਨਾਲ ਹਮਦਰਦੀ ਦਾ ਇਜ਼ਹਾਰ ਕੀਤਾ।

# ਜਸਬੀਰ ਸਿੰਘ ਦੇ ਅਚਾਨਕ ਵਿਛੋੜੇ ਕਾਰਨ ਨਿੱਝਰ ਪਰਿਵਾਰ ਨੂੰ ਗਹਿਰਾ ਸਦਮਾ

**ਲੁਧਿਆਣਾ**– ਪਿਛਲੇ ਦਿਨੀਂ ਲੁਧਿਆਣਾ ਦੇ ਸ੍ਰ. ਗੁਰਚਰਨ ਸਿੰਘ ਨਿੱਝਰ ਦੇ ਵੱਡੇ ਸਪੁੱਤਰ ਅਤੇ ਸ੍ਰ. ਸੁਖਵਿੰਦਰ ਸਿੰਘ ਦੇ ਭਰਾ ਸ੍ਰ. ਜਸਬੀਰ ਸਿੰਘ (ਕਟਰ ਮਾਸਟਰ) ਅਚਾਨਕ ਦਿਲ ਦਾ ਦੌਰਾ ਪੈਣ ਕਾਰਨ ਨਿੱਝਰ ਪਰਿਵਾਰ ਨੂੰ ਸਦਾ ਲਈ ਵਿਛੌੜਾ ਦੇ ਗਏ।ਸ਼ੰਸਕਾਰ ਸਮੇਂ ਵੱਡੀ ਗਿਣਤੀ ਵਿੱਚ ਰਿਸਤੇਦਾਰ, ਮਿੱਤਰ ਦੋਸਤ ਅਤੇ ਸਨੇਹੀ ਨਿੱਝਰ ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ ਪਹੁੰਚੇ ਹੋਏ ਸੀ।ਇਸ ਮੌਕੇ ਇਸ ਪਰਿਵਾਰ ਨਾਲ ਪਰਿਵਾਰਕ ਸਾਂਝ ਰੱਖਣ ਵਾਲੇ ਸਾਬਕਾ ਮੇਅਰ ਲੁਧਿਆਣਾ ਸ੍ਰ. ਹਰਚਰਨ ਸਿੰਘ ਗੋਹਲਵੜੀਆ ਨੇ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ ਅਤੇ ਪਰਿਵਾਰ ਵਲੋਂ ਉਨ੍ਹਾਂ ਨੇ ਇਸ ਦੁੱਖ ਦੀ ਘੜੀ 'ਚ ਸਰੀਕ ਹੋਏ ਸਾਰਿਆਂ ਦਾ ਧੰਨਵਾਦ ਕੀਤਾ ।ਉਨ੍ਹਾਂ ਨੇ ਸਿੱਖ ਸਮਾਜ ਨੂੰ ਮਨਮੱਤ ਵਾਲੀਆਂ ਰਸਮਾਂ ਨੂੰ ਤਿਆਗ ਕਰਨ ਦੀ ਅਪੀਲ ਵੀ ਕੀਤੀ। ਸਹਿਜ ਸੁਭਾਅ ਵਾਲੇ ਸ੍ਰ. ਜਸਬੀਰ ਸਿੰਘ ਨਿੱਝਰ ਇੱਕ ਮਿਹਨਤੀ,ਕਿਰਤੀ ਅਤੇ ਨਿੱਤਨੇਮੀ ਇਨਸਾਨ ਸਨ।ਉਹ ਆਪਣੇ ਪਿੱਛੇ ਆਪਣੀ ਸੁਪਤਨੀ ਰਾਜਿੰਦਰ ਕੌਰ,ਬੇਟੀ ਗੁਰਪ੍ਰੀਤ ਕੌਰ ਅਤੇ ਬੇਟੇ ਹਰਪ੍ਰੀਤ ਸਿੰਘ ਨੂੰ ਛੱਡ ਗਏ ਹਨ। ਇਸ ਗੁਰਸਿੱਖ ਪਰਿਵਾਰ ਨੂੰ ਉਨ੍ਹਾਂ ਦੇ ਇਸ ਦੁਨੀਆਂ ਤੋਂ ਜਾਣ ਕਾਰਨ ਭਾਵੇਂ ਬਹੁਤ ਵੱਡਾ ਘਾਟਾ ਪਿਆ ਹੈ ਪਰ ਇਹ ਸਾਰਾ ਗੁਰਸਿੱਖ ਪਰਿਵਾਰ ਗੁਰੂ ਦੇ ਭਾਣੇ ਨੂੰ ਮੰਨਣ ਵਾਲਾ ਹੈ।ਉਨ੍ਹਾਂ ਦੇ ਨਮਿੱਤ ਸ਼੍ਰੀ ਸਹਿਜ ਪਾਠ ਦੇ ਭੋਗ ਉਨ੍ਹਾਂ ਦੇ ਗ੍ਰਹਿ ਦਸ਼ਮੇਸ਼ ਨਗਰ ਵਿਖੇ 20 ਜਨਵਰੀ ਦਿਨ ਐਤਵਾਰ ਸਵੇਰੇ ਪਾਉਣ ਉਪਰੰਤ ਕੀਰਤਨ ਅਤੇ ਅੰਤਿਮ ਅਰਦਾਸ ਸ਼੍ਰੀ ਗੁਰਦੁਵਾਰਾ ਸਹੀਦਾਂ ਫੇਰੂਮਾਨ, ਨੇੜੇ ਢੋਲੇਵਾਲ ਚੌਂਕ ਲੁਧਿਆਣਾ ਵਿਖੇ ਦੁਪਿਹਰ ਬਾਅਦ 1 ਵਜੇ ਤੋਂ 2 ਵਜੇ ਤੱਕ ਹੋਵੇਗੀ।



**– ਮੇਜਰ ਸਿੰਘ ਨਾਭਾ**

ਜੇਹਾ ਚੀਰੀ ਲਿਖਿਆ ਤੇਹਾ ਹੁਕਮੁ ਕਮਾਹਿ
ਘਲੇ ਆਵਹਿ ਨਾਨਕਾ ਸਦੇ ਉਠੀ ਜਾਹਿ ।।

## ਪਾਠ ਦਾ ਭੋਗ ਤੇ ਅੰਤਿਮ ਅਰਦਾਸ



ਮਾਤਾ ਨਛੱਤਰ ਕੌਰ

ਆਪ ਜੀ ਨੂੰ ਦੁਖ ਹਿਰਦੇ ਨਾਲ ਸੂਚਿਤ ਕੀਤਾ ਜਾਂਦਾ ਹੈ ਕਿ
ਸਾਡੇ ਸਤਿਕਾਰਯੋਗ ਮਾਤਾ ਨਛੱਤਰ ਕੋਰ ਜੀ 13-01-2020 ਨੂੰ
ਆਪਣੀ ਸੰਸਾਰਿਕ ਯਾਤਰਾ ਪੂਰੀ ਕਰਕੇ ਗੁਰੂ ਚਰਨਾਂ 'ਚ ਜਾ ਬਿਰਾਜੇ ਹਨ।
ਉਨ੍ਹਾਂ ਦੇ ਨਮਿਤ ਅੰਤਿਮ ਅਰਦਾਸ ਅਤੇ ਸ਼ਰਧਾਂਜਲੀ ਸਮਾਰੋਹ
17 ਜਨਵਰੀ ਦਿਨ ਸ਼ੁੱਕਰਵਾਰ ਦੁਪਹਿਰ 12.00 ਤੋਂ 2.00 ਵਜੇ ਤੱਕ
**ਮਾਤਾ ਸਾਹਿਬ ਕੌਰ ਖੇਡ ਸਟੇਡੀਅਮ**
ਪਿੰਡ ਜਰਖੜ ਜ਼ਿਲ੍ਹਾ ਲੁਧਿਆਣਾ ਵਿਖੇ ਹੋਵੇਗਾ।
ਆਪ ਜੀ ਨੇ ਅੰਤਿਮ ਅਰਦਾਸ 'ਚ ਪੁੱਜਣ ਦੀ ਕਿਰਪਾਲਤਾ ਕਰਨੀ।

**ਪ੍ਰਮਾਤਮਾ ਦੇ ਭਾਣੇ ਵਿੱਚ**

ਜਗਰੂਪ ਸਿੰਘ ਜਰਖੜ (ਬੇਟਾ)
ਗੁਰਲਾਲਪ੍ਰੀਤ ਸਿੰਘ ਜਰਖੜ USA (ਪੋਤਰਾ)
ਰਾਜਦੀਪ ਸਿੰਘ ਜਰਖੜ, Canada(ਪੋਤਰਾ)
ਅਵਤਾਰ ਸਿੰਘ ਸਰਾਂ ਜਰਖੜ (ਬੇਟਾ)
ਸੰਦੀਪ ਸਿੰਘ ਪੰਧੇਰ (ਦੋਹਤਾ)
ਸੁਖਵੀਰ ਸਿੰਘ ਸਰਾਂ Canada (ਪੋਤਰਾ)

ਵੱਲੋਂ: ਮਾਤਾ ਸਾਹਿਬ ਕੌਰ ਹਾਕੀ ਅਕੈਡਮੀ ਜਰਖੜ ਦੇ ਸਮੂਹ ਅਹੁਦੇਦਾਰ ਅਤੇ ਖਿਡਾਰੀ, ਸਰਾਂ ਪਰਿਵਾਰ, ਗਰਚਾ ਪਰਿਵਾਰ

ਸੰਪਰਕ: 9592000031, 9501582626

# ਬਾਬੂ ਮੰਗੂ ਰਾਮ ਮੁਗੋਵਾਲੀਆ

ਹੁਸ਼ਿਆਰਪੁਰ ਦੇ ਪਿੰਡ ਮੁੱਗੋਵਾਲ ਦਾ ਮੰਗੂ ਰਾਮ
ਹੱਕ ਮੰਗਦਾ, ਸੂਹੇ ਰੰਗ ਰੰਗਦਾ, ਜੁਅੱਰਤ ਦੇ ਨਾਲ
ਜਿੱਲਤ, ਗਰੀਬੀ ਤੋਂ ਮੁਕਤ ਹੋਣ ਲਈ
ਗਏ ਵਿਦੇਸ਼, ਕੱਟੇ ਕਈ ਸਾਲ
ਗਦਰ ਪਾਰਟੀ ਨਾਲ ਜੁੜਕੇ ਕਈ ਕੰਮ ਕਰਨਾ
ਅੰਗਰੇਜ਼ ਹਕੂਮਤ ਦੇ ਨੱਕ ਵਿਚ ਦਮ ਕਰਨਾ
ਲੈ ਕੇ ਮਿਸ਼ਨ ਮੁੜ ਭਾਰਤ ਆਇਆ
ਦੋਹਰੀ ਗੁਲਾਮੀ ਸ਼ੂਦਰਾਂ ਨੂੰ ਭੋਗਦਿਆਂ ਤੱਕ ਕੇ
ਧਾਰ ਲਿਆ ਲੋੜਵੰਦਾਂ ਲਈ ਮਰਨਾ
ਜ਼ਮੀਨ ਮਾਲਕੀ ਦੇ ਹੱਕ ਲੋਕਾਂ ਨੂੰ ਲੈ ਕੇ ਦਿੱਤੇ
1930 ਵਿਚ 'ਆਦਿ ਧਰਮ ਮੰਡਲ' ਦੀ ਕਰੀ ਸਥਾਪਨਾ
ਰਾਜਨੀਤੀ ਵਿਚ ਵੀ ਲੋਹਾ ਮਨਵਾਇਆ
ਦਲਿਤ ਕੌਮ ਨੂੰ ਜਾਗ੍ਰਿਤ ਕਰਨ ਲਈ
'ਆਦਿ ਡੰਕਾ' ਨਾਂ ਦਾ ਅਖਬਾਰ ਚਲਾਇਆ
ਲਾਲ ਰੰਗ ਦੀ ਪੱਗੜੀ ਤੇ ਪੇਟੀ ਪਾ ਕੇ
ਬਗਾਵਤ ਵਜੋਂ ਰੋਸ ਜਿਤਾਇਆ
ਬਾਬੂ ਮੰਗੂ ਰਾਮ ਮੁੱਗੋਵਾਲੀਆ
ਇਤਿਹਾਸ 'ਚ ਆਪਣਾ ਨਾਂ ਦਰਜ ਕਰਾਇਆ।

**ਪ੍ਰੋ. ਮਲਕੀਤ ਜੌੜਾ**

SUNSHINE AUTO CARE INC.
DBA
PHILLIPS AUTO CARE

Auto Services:
* Oil Change Services
* Fectory Scheduled Maintenance
* Transmission Repair / Replacement
* 4WD Repairs Clutch Replacement
* Power Door Lock & Windows Repairs
* Electrical / Battery Service & Repair
* Engine Diagnostic Service
* Air Conditioning Service & Repair
* Cooling System Service & Repair
* Major Engine Repair
* Brake Repairs
* And Much More...

Trucks & Trailers Services:
* DPF Filter Cleaning
* Clutch
* Computer Check
* Transmission
* Differential
* New / Use Tires
* Inspections
* Oil changes
* Van/Reefer Work
* Wheel Balancing
* Truck & Trailer Repair
* All Major & Minor Repairs
* We Do Aluminium Welding




ਅਸੀਂ ਪੰਜਾਬੀ ਤੇ ਸਪੈਨਿਸ਼ ਵੀ ਬੋਲਦੇ ਹਾਂ
hablamos español
We Speak English, Spanish & Punjabi

We Provide Towing &
24/7 Mobile Road Services
For All Autos, Trucks & Trailers

Open Monday to Saturday

ACCEPTED HERE
Com-Check
T-Check
EFS Check
VISA

We Provide All Autos, Trucks & Trailers Repair



Contact: Deep Suman: (408) 561-1846, (209) 239-1551 (24/7 Available)
Address: 1003 Moffat Blvd, Manteca CA 95336

# ਚੱਕ ਕਲਾਲ ਵਿਖੇ ਧੀਆਂ ਦੀ ਲੋਹੜੀ ਸਮਾਗਮ ਅਤੇ ਸਹਾਇਤਾ ਵੰਡ ਸਮਾਗਮ ਕਰਵਾਇਆ ਗਿਆ

**ਬੰਗਾ–** ਸਮਾਜਿਕ ਸੁਰੱਖਿਆ ਇਸਤਰੀ ਤੇ ਬਾਲ ਵਿਕਾਸ ਵਿਭਾਗ ਪੰਜਾਬ ਵਲੋਂ ਅਤੇ ਮਾਨਯੋਗ ਡਿਪਟੀ ਕਮਿਸ਼ਨਰ ਸ੍ਰੀ ਬਿਨੈ ਬੁਬਲਾਨੀ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਬੇਟੀ ਬਚਾਓ, ਬੇਟੀ ਪੜ੍ਹਾਓ ਲੜੀ ਤਹਿਤ ਪਿੰਡ ਚੱਕ ਕਲਾਲ ਵਿਖੇ ਲੜਕੀਆਂ ਦੀ ਲੋਹੜੀ ਸਮਾਗਮ ਅਤੇ ਸਹਾਇਤਾ ਵੰਡ ਸਮਾਗਮ ਕਰਵਾਇਆ ਗਿਆ। ਇਸ ਮੌਕੇ ਮੁੱਖ ਮਹਿਮਾਨ ਸ੍ਰੀ ਸਤਵੀਰ ਸਿੰਘ ਪੱਲੀ ਝਿੱਕੀ ਚੇਅਰਮੈਨ ਜਿਲ੍ਹਾ ਯੋਜਨਾ ਬੋਰਡ ਸ਼ਹੀਦ ਭਗਤ ਸਿੰਘ ਨਗਰ ਸਨ ਅਤੇ ਪ੍ਰਧਾਨਗੀ ਮੰਡਲ ਵਿਚ ਸ੍ਰੀ ਗੌਤਮ ਜੈਨ (ਆਈ.ਏ.ਐਸ) ਉੱਪ ਮੰਡਲ ਅਫਸਰ ਬੰਗਾ, ਸ੍ਰੀਮਤੀ ਸਵਿਤਾ ਕੁਮਾਰੀ ਸੀ.ਡੀ.ਪੀ.ਓ ਬੰਗਾ ਅਤੇ ਰਜਿੰਦਰ ਸਿੰਘ ਠੇਕੇਦਾਰ ਸ਼ਾਮਿਲ ਸਨ। ਇਸ ਮੌਕੇ ਮੁੱਖ ਮਹਿਮਾਨ ਅਤੇ ਸਮਾਗਮ ਵਿਚ ਸ਼ਾਮਿਲ ਬੁਲਾਰਿਆਂ ਨੇ ਪਿੰਡ ਚੱਕ ਕਲਾਲ ਦੀ ਧਰਮਸ਼ਾਲਾ 'ਚ ਵਿਸ਼ਾਲ ਇਕੱਠ ਨੂੰ ਸੰਬੋਧਿਤ ਕਰਦੇ ਕਿਹਾ ਕਿ ਲੜਕੀਆ ਦੇਸ਼ ਦੇ ਭਵਿੱਖ ਦਾ ਅਧਾਰ ਹਨ ਇਸ ਲਈ ਧੀਆਂ ਨੂੰ ਅੱਜ ਦੇ ਸਮੇਂ ਵਿਚ ਪੜ੍ਹਾਉਣਾ, ਜ਼ਿੰਦਗੀ 'ਚ ਅੱਗੇ ਵਧਣ ਲਈ ਮੌਕੇ ਪ੍ਰਦਾਨ ਕਰਨਾ ਅਤੇ ਧੀਆਂ ਦਾ ਸਨਮਾਨ ਕਰਨਾ ਮਾਪਿਆਂ ਦੀ ਅਹਿਮ ਸਮਾਜਿਕ ਜ਼ਿੰਮੇਵਾਰੀ ਹੈ। ਜੇਕਰ ਇਕ ਧੀ ਉੱਚ ਵਿਦਿਆ ਪ੍ਰਾਪਤ ਕਰ ਲੈਂਦੀ ਹੈ ਤਾਂ ਉਹ ਪੂਰਾ ਪਰਿਵਾਰ ਸਿੱਖਿਅਤ ਹੋ ਜਾਂਦਾ ਹੈ। ਇਸ ਮੌਕੇ ਸਤਵੀਰ ਸਿੰਘ ਪੱਲੀ ਝਿੱਕੀ ਚੇਅਰਮੈਨ ਜਿਲ੍ਹਾ ਯੋਜਨਾ ਬੋਰਡ ਨੇਂ ਪਿੰਡ ਵਿੱਚ ਲਾਈਬ੍ਰੇਰੀ ਖੋਲਣ ਲਈ ਦੋ ਲੱਖ ਰੁਪਏ ਦੇਣ ਦਾ ਐਲਾਨ ਕੀਤਾ। ਧੀਆਂ ਦੀ ਲੋਹੜੀ ਸਮਾਗਮ ਵਿਚ 21 ਨਵਜੰਮੀਆਂ ਧੀਆਂ ਨੂੰ 1100 ਰੁਪਏ ਦੇ ਬੱਚਤ ਖਾਤੇ 18 ਸਾਲ ਲਈ ਅਤੇ ਲੋਹੜੀ ਦੇ ਤੋਹਫੇ ਭੇਟ ਕੀਤੇ ਗਏ। ਇਸ ਮੌਕੇ ਲੋੜਵੰਦ ਸਹਾਇਤਾ ਵੰਡ ਸਮਾਗਮ ਵਿਚ 11 ਲੋੜਵੰਦ ਪਰਿਵਾਰਾਂ ਨੂੰ ਰਾਸ਼ਨ ਮੁਹੱਈਆ ਵੀ ਕਰਵਾਇਆ ਗਿਆ। ਇਸ ਮੌਕੇ ਭੰਡਾਂ ਵਲੋਂ ਆਪਣੀ ਕਲਾ ਰਾਹੀ ਧੀਆਂ ਦਾ ਸਤਿਕਾਰ ਕਰਨ ਲੋਕਾਂ ਨੂੰ ਪ੍ਰੇਰਿਆ ਗਿਆ। ਸਮਾਗਮ ਵਿਚ ਪਿੰਡ ਚੱਕ ਕਲਾਲ ਦੀਆਂ 11 ਸ਼ਖਸ਼ੀਅਤਾਂ ਨੂੰ ਵੱਖ-ਵੱਖ ਖੇਤਰਾਂ ਵਿੱਚ ਦੇਸ਼ ਅਤੇ ਸਮਾਜ ਦੀ ਤਰੱਕੀ ਵਿਚ ਪਾਏ ਵਿਸ਼ੇਸ਼ ਯੋਗਦਾਨ ਲਈ ਸਰਟੀਫੀਕੇਟ ਪ੍ਰਦਾਨ ਕਰਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਤੇ ਲੜਕੀਆ ਦੀ ਲੋਹੜੀ ਧੂੰਣੀ ਲਗਾ ਕੇ, ਮੰਗੂਫਲੀ, ਰੇੜੀਆ, ਲੱਡੂ ਵੰਡ ਕੇ ਮਨਾਈ ਗਈ। ਇਸ ਮੌਕੇ ਲੇਖਕ ਆਰ.ਐਲ ਜੱਸੀ, ਹਰਦੇਵ ਸ਼ੋਕਰ, ਅਰੁਣ ਘਈ ਡਾਇਰੈਕਟਰ ਐਨ.ਵਾਈ.ਏ, ਹਰੀ ਪਾਲ ਸਾਬਕਾ ਐਮ.ਸੀ, ਕਵੀ ਜਗਤਾਰ ਨਿਰਮਲ ਬੰਗਾ ਨੇ ਲੜਕੀਆ ਦਾ ਮਾਨ ਸਨਮਾਨ ਕਰਨ ਦਾ ਸੁਨੇਹਾ ਦਿੱਤਾ। ਸਮਾਗਮ ਦੇ ਮੁੱਖ ਪ੍ਰਬੰਧਕ ਸੰਤੋਖ ਸਿੰਘ ਜੱਸੀ ਸਾਬਕਾ ਸਰਪੰਚ ਪ੍ਰਧਾਨ ਪੰਚਾਇਤ ਯੂਨੀਅਨ ਬੰਗਾ ਨੇ ਪਿੰਡ ਚੱਕ ਕਲਾਲ ਵਿਚ ਪਿਛਲੇ ਸਮੇਂ ਦੌਰਾਨ ਪਿੰਡ ਦੀਆਂ ਲੜਕੀਆਂ੍ਰਔਰਤਾਂ ਨੂੰ ਵਿਦਿਅਕ ਸਹੂਲਤਾਂ ਪ੍ਰਦਾਨ ਕਰਨ ਅਤੇ ਸਵੈ ਨਿਰਭਰ ਬਣਾਉਣ ਲਈ ਕੀਤੇ ਕਾਰਜਾਂ ਬਾਰੇ ਵਿਸਥਾਰ ਸਹਿਤ ਚਾਨਣਾ ਪਾਇਆ ਅਤੇ ਭਵਿੱਖ ਦੀਆਂ ਯੋਗਨਾਵਾਂ ਬਾਰੇ ਜਾਣਕਾਰੀ ਸਾਂਝੀ ਕੀਤੀ। ਇਸ ਮੌਕੇ ਪਿੰਡ ਦੀ ਮਹਿਲਾ ਸਰਪੰਚ ਸੁਨੀਤਾ ਕੁਮਾਰੀ, ਅਮਰਜੀਤ ਕੌਰ ਸਾਬਕਾ ਸਰਪੰਚ, ਹੈਂਡੀਕੇਪਟ ਸੇਵਾ ਸੁਸਾਇਟੀ ਦੇ ਚੇਅਰਮੈਨ ਬਲਿਹਾਰ ਸਿੰਘ ਸੰਧੀ, ਅਮਰੀਕ ਸਿੰਘ ਨੌਰਾ ਪ੍ਰਧਾਨ, ਜਸਵਿੰਦਰ ਕੁਮਾਰ ਸਲੋਹ ਜ਼ਿਲ੍ਹਾ ਪ੍ਰਧਾਨ, ਅਮਰਦੀਪ ਸਿੰਘ ਮੀਤ ਪ੍ਰਧਾਨ, ਪਾਰਸ ਨਈਅਰ ਪ੍ਰੈਸ ਸਕੱਤਰ, ਕਮਲਜੀਤ ਕੌਰ ਸੁਪਰਵਾਈਜ਼ਰ, ਇੰਜੀ: ਵਿਜੈ ਕੁਮਾਰ, ਅਮਰਜੀਤ ਸਿੰਘ ਸਾਬਕਾ ਸਰਪੰਚ, ਸੁਰਿੰਦਰ ਕੌਰ, ਕਮਲਾ ਦੇਵੀ, ਜਗਮੋਹਣ ਸਿੰਘ ਵੀ ਹਾਜ਼ਰ ਸਨ। ਸਟੇਜ ਦੀ ਕਾਰਵਾਈ ਹੰਸ ਰਾਜ ਨੰਬਰਦਾਰ ਨੇ ਬਾਖੈਬੀ ਨਿਭਾਈ।



# ਰਾਜਨੀਤੀ ਦੀ ਭੇਟ ਚੜ੍ਹਿਆ ਮੀਨਾਰ-ਏ-ਬੇਗਮਪੁਰਾ

## ਸੂਬੇ 'ਚ ਕਾਂਗਰਸ ਸਰਕਾਰ ਬਣਦੇ ਹੀ ਪ੍ਰਾਜੈਕਟ ਨੂੰ ਲੱਗ ਗਈਆਂ ਬਰੇਕਾਂ

**ਥੀਣੇਵਾਲ–** ਗੁਰੂ ਰਵਿਦਾਸ ਦੀ ਚਰਨ ਛੋਹ ਪ੍ਰਾਪਤ ਧਰਤੀ ਖੁਰਾਲਗੜ੍ਹ ਸਾਹਿਬ ਵਿਖੇ ਬਣ ਰਹੀ ਗੁਰੂ ਰਵਿਦਾਸ ਦੀ ਯਾਦਗਾਰ ਮੀਨਾਰ-ਏ-ਬੇਗਮਪੁਰਾ ਰਾਜਨੀਤੀ ਦੀ ਭੇਟ ਚੜ੍ਹ ਗਈ ਹੈ। ਅਕਾਲੀ ਦਲ ਸਰਕਾਰ ਵੇਲੇ ਸ਼ੁਰੂ ਹੋਏ ਪ੍ਰਾਜੈਕਟ ਨੂੰ ਸੂਬੇ 'ਚ ਕਾਂਗਰਸ ਸਰਕਾਰ ਦੇ ਬਣਦਿਆਂ ਹੀ ਬਰੇਕਾਂ ਲੱਗ ਗਈਆਂ। ਕਰੀਬ 86 ਕਰੋੜ 39 ਲੱਖ ਰੁਪਏ ਦੀ ਲਾਗਤ ਨਾਲ ਬਣਨ ਵਾਲੇ ਮੀਨਾਰ-ਏ-ਬੇਗਮਪੁਰਾ ਦਾ ਨੀਂਹ ਪੱਥਰ ਵੀ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵੱਲੋਂ 11 ਮਾਰਚ 2016 ਨੂੰ ਰੱਖਿਆ ਗਿਆ। ਮੀਨਾਰ-ਏ-ਬੇਗਮਪੁਰਾ ਦੀ ਉਸਾਰੀ ਦਾ ਕੰਮ 10 ਜੂਨ 2016 ਨੂੰ ਅਕਾਲੀ ਦਲ ਸਰਕਾਰ ਵੱਲੋਂ ਸ਼ੁਰੂ ਹੋਇਆ ਸੀ ਜੋ ਕਿ ਐਗਰੀਮੈਂਟ ਅਨੁਸਾਰ 9 ਸਤੰਬਰ 2017 ਨੂੰ ਪੂਰਾ ਹੋਣਾ ਸੀ। ਪ੍ਰਾਜੈਕਟ ਦਾ ਕਰੀਬ 60 ਫੀਸਦੀ ਕੰਮ ਅਕਾਲੀ ਸਰਕਾਰ ਵੇਲੇ ਪੂਰਾ ਹੋ ਚੁੱਕਾ ਸੀ ਪਰ ਜਨਵਰੀ 2017 ਨੂੰ ਸੂਬੇ ਵਿਚ ਸਰਕਾਰ ਬਦਲਦੇ ਹੀ ਇਸ ਪ੍ਰਾਜੈਕਟ ਨੂੰ ਬਰੇਕਾਂ ਲੱਗ ਗਈਆਂ ਅਤੇ ਸਰਕਾਰ ਵੱਲੋਂ ਪਹਿਲਾਂ ਕੀਤੇ ਗਏ ਕੰਮ ਦੀ ਬਣਦੀ ਪੇਮੈਂਟ ਕਰੀਬ 20 ਕਰੋੜ ਰੋਕ ਲਈ ਗਈ, ਜਿਸ ਕਾਰਨ ਕੰਪਨੀ ਨੇ ਕੰਮ ਬੰਦ ਕਰ ਦਿੱਤਾ। ਇਸ ਤੋਂ ਬਾਅਦ ਇਸ ਪ੍ਰਾਜੈਕਟ 'ਤੇ ਉਸਾਰੀ ਦਾ ਕੰਮ ਕਰ ਰਹੀ ਕੰਪਨੀ ਏ. ਐਸ. ਸੀ. ਬਿਲਡਰ ਬਠਿੰਡਾ ਨੇ ਪੰਜਾਬ ਤੇ ਹਰਿਆਣਾ ਹਾਈਕੋਰਟ ਦਾ ਦਰਵਾਜ਼ਾ ਖੜਕਾਇਆ ਜਿਸ ਤੋਂ ਬਾਅਦ ਅਦਾਲਤ ਦੇ ਹੁਕਮਾਂ 'ਤੇ ਪਿਛਲੇ ਕੰਮ ਦੀ ਬਣਦੀ ਰਕਮ 20 ਕਰੋੜ ਰੁਪਏ ਸਰਕਾਰ ਨੂੰ ਜਾਰੀ ਕਰਨੀ ਪਈ। ਉਸ ਤੋਂ ਬਾਅਦ ਸ੍ਰੀ ਗੁਰੂ ਰਵਿਦਾਸ ਜੀ ਦੇ ਜਨਮ ਦਿਹਾੜੇ 'ਤੇ ਖੁਰਾਲਗੜ੍ਹ ਵਿਚ ਹੋਏ ਰਾਜ ਪੱਧਰੀ ਸਮਾਗਮ 'ਚ ਖਜ਼ਾਨਾ ਮੰਤਰੀ ਮਨਪ੍ਰੀਤ ਸਿੰਘ ਬਾਦਲ ਵੱਲੋਂ ਦਿੱਤੇ ਭਰੋਸੇ ਤੋਂ ਬਾਅਦ ਕੰਪਨੀ ਨੇ ਫਿਰ ਕੰਮ ਸ਼ੁਰੂ ਕਰ ਦਿੱਤਾ ਪਰ ਪੇਮੈਂਟ ਨਾ ਹੋਣ ਕਾਰਨ ਕੰਮ ਫਿਰ ਬੰਦ ਹੋ ਗਿਆ। ਇਹ ਪ੍ਰਾਜੈਕਟ ਕਰੀਬ ਪਿਛਲੇ 3 ਸਾਲਾਂ ਤੋਂ ਬੰਦ ਪਿਆ ਹੈ ਤੇ ਕਰੀਬ 40 ਫੀਸਦੀ ਕੰਮ ਅਜੇ ਬਕਾਇਆ ਪਿਆ ਹੈ। ਪ੍ਰਾਜੈਕਟ ਦੇ ਕੰਮ ਬੰਦ ਹੋਣ ਕਾਰਨ ਦਲਿਤ ਭਾਈਚਾਰੇ 'ਚ ਕਾਂਗਰਸ ਸਰਕਾਰ ਪ੍ਰਤੀ ਭਾਰੀ ਰੋਸ ਪਾਇਆ ਜਾ ਰਿਹਾ ਹੈ। ਇਸ ਸਬੰਧੀ ਕੈਬਨਿਟ ਮੰਤਰੀ ਸੁੰਦਰ ਸ਼ਾਮ ਅਰੋੜਾ ਨੇ ਕਿਹਾ ਕਿ ਅਸੀਂ ਪ੍ਰਾਜੈਕਟ ਨਾਲ ਸਬੰਧਤ ਪ੍ਰਪੋਜ਼ਲ ਮੰਗਵਾਈ ਹੈ। ਜਿੰਨਾ ਵੀ ਕੰਮ ਬਕਾਇਆ ਪਿਆ ਹੈ ਜਲਦੀ ਪੂਰਾ ਕੀਤਾ ਜਾਵੇਗਾ।



# ਆਦਮਪੁਰ ਸਿਵਲ ਏਅਰਪੋਰਟ ਦਾ ਨਾਂ ਸ੍ਰੀ ਗੁਰੂ ਰਵਿਦਾਸ ਏਅਰਪੋਰਟ ਨਾ ਰੱਖਣ 'ਤੇ ਦਲਿਤ ਜਥੇਬੰਦੀਆਂ ਵੱਲੋਂ ਰੋਸ ਪ੍ਰਦਰਸ਼ਨ

**ਆਦਮਪੁਰ–** ਆਦਮਪੁਰ ਸਿਵਲ ਏਅਰਪੋਰਟ ਦਾ ਨਾਂ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਨਾਂ ਦੀ ਜਗ੍ਹਾ ਜਲੰਧਰ ਏਅਰਪੋਰਟ ਰੱਖਣ 'ਤੇ ਗੁੱਸੇ 'ਚ ਆਏ ਸ੍ਰੀ ਗੁਰੂ ਰਵਿਦਾਸ ਟਾਈਗਰ ਫੋਰਸ ਰਜਿ. ਪੰਜਾਬ, ਜ਼ਿਲ੍ਹਾ ਜਲੰਧਰ ਤੇ ਆਦਮਪੁਰ ਦਿਹਾਤੀ ਟੀਮ ਦੀ ਅਗਵਾਈ ਡਾ. ਬੀ. ਆਰ. ਅੰਬੇਡਕਰ ਚੇਤਨਾ ਸੁਸਾਇਟੀ ਰਜਿ. ਆਦਮਪੁਰ, ਸ੍ਰੀ ਗੁਰੂ ਰਵਿਦਾਸ ਵੈਲਫੇਅਰ ਸੁਸਾਇਟੀ ਆਦਮਪੁਰ, ਰਵਿਦਾਸੀਆ ਧਰਮ ਪ੍ਰਚਾਰ ਕਮੇਟੀ ਆਦਮਪੁਰ, ਅੰਬੇਡਕਰ ਸੈਨਾ ਆਦਮਪੁਰ, ਅੰਬੇਡਕਰਾਈਟ ਵੂਮੈਨ ਈਰਾ ਤੇ ਹੋਰ ਸ੍ਰੀ ਗੁਰੂ ਰਵਿਦਾਸ ਤੇ ਭਗਵਾਨ ਵਾਲਮੀਕ ਨਾਮ ਲੇਵਾ ਸੰਸਥਾਵਾਂ ਦੇ ਆਗੂਆਂ ਨੇ ਡਾ. ਬੀ. ਆਰ. ਅੰਬੇਡਕਰ ਚੌਕ ਆਦਮਪੁਰ ਵਿਖੇ ਪੰਜਾਬ ਸਰਕਾਰ ਤੇ ਕੇਂਦਰ ਸਰਕਾਰ ਦੀਆਂ ਬਹੁਜਨ ਸਮਾਜ ਵਿਰੋਧੀ ਨੀਤੀਆਂ ਖਿਲਾਫ ਰੋਸ ਪ੍ਰਦਰਸ਼ਨ ਕੀਤਾ।

ਰੋਸ ਪ੍ਰਦਰਸ਼ਨ ਦੌਰਾਨ ਗੁਰੂ ਰਵਿਦਾਸ ਟਾਈਗਰ ਫੋਰਸ ਦੇ ਪੰਜਾਬ ਦੇ ਪ੍ਰਧਾਨ ਜੱਸੀ ਤੱਲ੍ਹਣ, ਜਨਰਲ ਸਕੱਤਰ ਅਵਤਾਰ ਬਸਰਾ, ਦਿਹਾਤੀ ਪ੍ਰਧਾਨ ਮਨਪ੍ਰੀਤ ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਵਿਧਾਨ ਸਭਾ 'ਚ ਮਤਾ ਪਾਸ ਕੀਤਾ ਗਿਆ ਸੀ ਕਿ ਆਦਮਪੁਰ ਸਿਵਲ ਏਅਰਪੋਰਟ ਦਾ ਨਾਂ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਨਾਂ 'ਤੇ ਰੱਖਿਆ ਜਾਵੇਗਾ ਜੋ ਸੀ ਪਰ ਪੰਜਾਬ ਸਰਕਾਰ ਤੇ ਕੇਂਦਰ ਸਰਕਾਰ ਨੇ ਆਦਮਪੁਰ ਏਅਰਪੋਰਟ ਦਾ ਨਾਂ ਗੁਰੂ ਰਵਿਦਾਸ ਮਹਾਰਾਜ ਜੀ ਦੇ ਨਾਂ 'ਤੇ ਨਾ ਰੱਖ ਕੇ ਜਲੰਧਰ ਏਅਰਪੋਰਟ ਰੱਖ ਕੇ ਆਦਮਪੁਰ ਹਲਕੇ ਅੰਦਰ ਵੱਸਦੇ ਕਰੀਬ 60 ਫੀਸਦੀ ਬਹੁਜਨ ਸਮਾਜ ਦੇ ਲੋਕਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਈ ਹੈ।

ਉਹਨਾਂ ਪੰਜਾਬ ਦੀ ਕੈਪਟਨ ਸਰਕਾਰ ਤੇ ਕੇਂਦਰ ਦੀ ਮੋਦੀ ਸਰਕਾਰ ਨੂੰ ਚਿਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਫਰਵਰੀ 'ਚ ਆ ਰਹੇ ਗੁਰੂ ਰਵਿਦਾਸ ਮਹਾਰਾਜ ਜੀ ਦੇ ਪ੍ਰਕਾਸ਼ ਉਤਸਵ ਤੋਂ ਪਹਿਲਾਂ ਆਦਮਪੁਰ ਸਿਵਲ ਏਅਰਪੋਰਟ ਦਾ ਨਾਂ ਹੋਰ ਰੱਖਿਆ ਤਾਂ ਮਜਬੂਰਨ ਸ੍ਰੀ ਗੁਰੂ ਰਵਿਦਾਸ ਟਾਈਗਰ ਫੋਰਸ ਰਜਿ. ਪੰਜਾਬ ਤੇ ਹੋਰ ਜਥੇਬੰਦੀਆਂ ਦੇ ਆਗੂ ਆਦਮਪੁਰ ਸਿਵਲ ਏਅਰਪੋਰਟ ਅੱਗੇ ਅਣਮਿੱਥੇ ਸਮੇਂ ਲਈ ਮਰਨ ਵਰਤ 'ਤੇ ਬੈਠਣਗੇ, ਜਿਸਦੀ ਜ਼ਿੰਮੇਵਾਰੀ ਕੇਂਦਰ ਤੇ ਪੰਜਾਬ ਸਰਕਾਰ ਦੀ ਹੋਵੇਗੀ।

----




# 'ਦੇਸ਼ ਦੁਆਬਾ'

## ਹਰ ਹਫਤੇ ਛਪਣ ਵਾਲਾ ਅਖਬਾਰ

ਕੀ ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣਾ ਚਾਹੁੰਦੇ ਹੋ?

ਕੀ ਤੁਸੀਂ ਆਪਣੇ ਵਪਾਰ-ਕਾਰੋਬਾਰ ਦਾ ਪ੍ਰਚਾਰ ਚਾਹੁੰਦੇ ਹੋ?

ਤਾਂ ਅੱਜ ਹੀ ਇਸ਼ਤਿਹਾਰ "ਦੇਸ਼ ਦੁਆਬਾ" ਵਿਚ ਲਗਵਾਓ।

## ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ

ਆਪਣੀ ਰਚਨਾ ਹਰ ਸ਼ਨਿਚਰਵਾਰ ਅਤੇ ਖਬਰ ਐਤਵਾਰ ਤੱਕ ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ।

ਰਚਨਾ ਸਿਰਫ ਅਣਛਪੀ ਹੀ ਭੇਜੀ ਜਾਵੇ।

ਖਬਰਾਂ, ਲੇਖ ਜਾਂ ਰਚਨਾਵਾਂ ਪ੍ਰਕਾਸ਼ਿਤ ਕਰਨੀਆਂ ਸੰਪਾਦਕੀ ਬੋਰਡ 'ਤੇ ਨਿਰਭਰ ਹਨ, ਜੋ ਜਵਾਬਦੇਹ ਨਹੀਂ ਹੈ।

ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ-ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ

ਸਿਰਫ ਈ-ਮੇਲ ਰਾਹੀਂ ਹੀ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।

1-916-947-8920 (ਫੋਨ), 1-916-238-1393 (ਫੈਕਸ)

E-mail : deshdoaba@yahoo.com

www.deshdoaba.com www.ambedkartimes.com


# ਨਹਿਰੂ ਯੁਵਾ ਕੇਂਦਰ ਵੱਲੋਂ ਜ਼ਿਲਾ ਪੱਧਰੀ ਸੱਭਿਆਚਾਰਕ ਸਮਾਗਮ ਦਿਆਲਪੁਰੀ ਦੇ ਨਾਂ ਰਿਹਾ

**ਭੋਗਪੁਰ (ਸਾਬੀ ਮੋਗਾ)–** ਨਹਿਰੂ ਯੁਵਾ ਕੇਂਦਰ ਯੁਵਾ ਤੇ ਖੇਡ ਮੰਤਰਾਲਾ ਭਾਰਤ ਸਰਕਾਰ ਦੇ ਜ਼ਿਲਾ ਯੂਥ ਕੋਆਰਡੀਨੇਟਰ ਜਲੰਧਰ ਸ਼੍ਰੀ ਨਿਤਿਆਨੰਦ ਯਾਦਵ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਦੋਆਬਾ ਯੂਥ ਕਲੱਬ ਮੋਗਾ, ਡਾ. ਬੀ.ਆਰ. ਅੰਬੇਡਕਰ ਕਲੱਬ ਕਾਲਾ ਬੱਕਰਾ ਦੇ ਸਹਿਯੋਗ ਨਾਲ ਜ਼ਿਲਾ ਪੱਧਰੀ ਸੱਭਿਆਚਾਰਕ ਸਮਾਗਮ ਦਾ ਆਯੋਜਨ ਕੀਤਾ ਗਿਆ। ਸਰਪੰਚ ਸਤਨਾਮ ਸਿੰਘ ਸਾਬੀ ਮੋਗਾ ਦੀ ਦੇਖ-ਰੇਖ ਹੇਠ ਕਰਵਾਏ ਇਸ ਸਮਾਗਮ ਦੀ ਸ਼ੁਰੂਆਤ ਰਾਸ਼ਟਰੀ ਗਾਇਨ ਨਾਲ ਕੀਤੀ ਗਈ। ਇਸ ਮੌਕੇ ਏਕਤਾ ਕਲਾ ਮੰਚ ਲਸਾੜਾ, ਇਲਾਕੇ ਦੀਆਂ ਕਲੱਬਾਂ ਤੇ ਹੋਰ ਸਕੂਲਾਂ ਦੀਆਂ ਲੜਕੀਆਂ ਤੇ ਲੜਕੀਆਂ ਵੱਲੋਂ ਪੰਜਾਬੀ ਸੱਭਿਆਚਾਰ ਨੂੰ ਸਮਰਪਿਤ ਡਾਂਸ, ਸਕਿਟ, ਗੀਤ, ਗਿੱਧਾ, ਭੰਗੜਾ ਆਦਿ ਪੇਸ਼ ਕੀਤਾ ਗਿਆ ਤੇ 'ਧੀਆਂ ਦੀ ਲੋਹੜੀ' ਤੇ ਆਪਣੇ ਵਿਚਾਰ ਵੀ ਰੱਖੇ। ਇਸ ਮੌਕੇ ਪ੍ਰਸਿਧ ਪੰਜਾਬੀ ਗਾਇਕ ਦਲਵਿੰਦਰ ਦਿਆਲਪੁਰੀ ਨੇ ਧੀਆਂ ਅਤੇ ਮਾਵਾਂ ਨੂੰ ਸਮਰਪਿਤ ਕਈ ਲੋਕ ਗੀਤ ਪੇਸ਼ ਕੀਤੇ ਤੇ ਪ੍ਰਸਿਧ ਗੀਤ ਹਨੇਰੀਆਂ, ਤੋਤਾ ਆਦਿ ਗੀਤ ਗਾ ਕੇ ਸਮੂਹ ਸਰੋਤਿਆਂ ਦਾ ਦਿਲ ਮੋਹ ਲਿਆ ਤੇ ਦਰਸ਼ਕਾਂ ਨੂੰ ਨੱਚਣ ਲਗਾ ਦਿੱਤਾ। ਇਹ ਪ੍ਰੋਗਰਾਮ ਦਲਵਿੰਦਰ ਦਿਆਲਪੁਰੀ ਦੇ ਨਾਂ ਰਿਹਾ। ਇਸ ਤੋਂ ਪਹਿਲਾਂ ਪ੍ਰਸਿਧ ਗਾਇਕ ਸ਼ਮਸ਼ੇਰ ਚਮਕ, ਅੰਤਰਰਾਸ਼ਟਰੀ ਗਾਇਕ ਚਰਨਜੀਤ ਚੰਨੀ ਨੇ ਵੀ ਆਪਣ ਹਿੱਟ ਗੀਤਾਂ ਨਾਲ ਦਰਸ਼ਕਾਂ ਨੂੰ ਨੱਚਣ ਲਈ ਮਜ਼ਬੂਰ ਕਰ ਦਿੱਤਾ। ਇਸ ਮੌਕੇ ਸਟੇਜ ਸਕੱਤਰ ਦੀ ਸੇਵਾ ਗੀਤਕਾਰ ਬਲਦੇਵ ਰਾਹੀ ਨੇ ਨਿਭਾਈ।

ਇਸ ਸਮਾਗਮ ਪ੍ਰਤੀ ਨੌਜਵਾਨਾਂ ਵਿਚ ਖਾਸਾ ਉਤਸ਼ਾਹ ਦੇਖਣ ਨੂੰ ਮਿਲਿਆ। ਇਸ ਮੌਕੇ ਰਿਸ਼ਵ ਸਿੰਗਲਾ ਲੇਖਾਕਾਰ, ਸੰਦੀਪ ਸਿੰਘ ਪ੍ਰਧਾਨ ਡਾ. ਬੀ.ਆਰ. ਅੰਬੇਡਕਰ ਕਲੱਬ ਕਾਲਾ ਬੱਕਰਾ, ਸਰਪੰਚ ਪਰਮਿੰਦਰ ਸਿੰਘ ਮੱਲ੍ਹੀ ਕਾਲਾ ਬੱਕਰਾ, ਪ੍ਰਿੰਸੀਪਲ ਜਤਿੰਦਰ ਸਿੰਘ, ਸ਼੍ਰੀ ਇਨਕਲਾਬ ਰਾਏ, ਅਮਰੀਕ ਸਿੰਘ, ਸੰਦੀਪ ਕੁਮਾਰੀ ਤੇ ਸਰਬਜੀਤ ਸਿੰਘ ਵਲੰਟੀਅਰ, ਜਗਦੀਸ਼ ਕੁਮਾਰ ਜੱਲੋਵਾਲ, ਕਰਮਜੀਤ ਸਿੰਘ ਕਿਸ਼ਨਪੁਰ, ਸਰਬਜੀਤ ਸਿੰਘ ਮੱਲ੍ਹੀ ਨੰਗਲ, ਸੁਖਵਿੰਦਰ ਸਿੰਘ ਮੱਲ੍ਹੀ, ਗੁਰਦੇਵ ਸਿੰਘ ਕਾਲਾ ਬੱਕਰਾ, ਪੰਚ ਨੀਲਮ ਰਾਣੀ, ਪੰਚ ਸੁਖਵਿੰਦਰ ਸਿੰਘ, ਕਮਲਜੀਤ ਸਿੰਘ ਡੱਲੀ ਪ੍ਰਧਾਨ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਖੇਡ ਅਕੈਡਮੀ ਤੇ ਹੋਰ ਹਾਜ਼ਰ ਸਨ।



## ਨਾਗਰਿਕ ਬਨਾਮ ਨਾਗਰਿਕਤਾ!

ਜੂਝਦੀ ਨਿਆਂ ਦੇ ਲਈ ਲੋਕਾਈ ਨਾਲ਼ ਜੀ
ਹਾਕਮਾਂ ਨੂੰ ਨਹੀਂਉਂ ਤਕਰਾਰ ਸੋਭਣੀ।
ਸੱਤਾ ਵਾਲ਼ੀ ਧੌਂਸ ਲੋਕੀ ਇੱਦਾਂ ਜਾਣਦੇ
ਪਿੰਡੇ ਬਲ਼ਦਾਂ ਦੇ ਜਿਵੇਂ ਆਰ ਖੋਭਣੀ।
ਫੇਰ ਪਛਤਾਵੇ ਦਾ ਕੀ ਲਾਭ ਹੋਣਾ ਏਂ
ਪੈ ਜਾਵੇ ਕਬਰ ਹੋ ਲਾਚਾਰ ਖੋਦਣੀ।
ਨਦੀ ਪਾਰ ਬੇੜੀ ਕਿਵੇਂ ਲੱਗ ਸਕਦੀ
ਚੱਪੂ ਨਾਲੇ ਚਾਹੇ ਪਤਵਾਰ ਡੋਬਣੀ।
ਜਾਬਰਾਂ ਦੀ ਜ਼ਿੱਦ ਦਾ ਹਸ਼ਰ ਹੁੰਦਾ ਏ
ਲੱਗ ਜਾਂਦੀ ਡਿੱਗ ਸਿਰ-ਭਾਰ ਗੋਡਣੀ।
'ਰਾਜ' ਕਹੇ ਦੇਣੀ 'ਸੋਧੀ' ਨਾਗਰਿਕਤਾ
ਨਾਗਰਿਕ ਚਾਹੁੰਦੇ ਸਰਕਾਰ 'ਸੋਧਣੀ' !



-ਤਰਲੋਚਨ ਸਿੰਘ 'ਦੁਪਾਲ ਪੁਰ'
81950-25579

# "ਕੁਝ ਵੱਖਰੇ ਵਿਸ਼ਿਆਂ 'ਤੇ ਝਾਤ ਪਾਉਂਦੀ ਹੈ ਫਿਲਮ 'ਪੁੱਠੇ ਪੈਰਾਂ ਵਾਲ਼ਾ'..!"

ਵਿਸ਼ਵ ਪੱਧਰ 'ਤੇ ਮਸ਼ਹੂਰ ਨਾਵਲਕਾਰ ਸ਼ਿਵਚਰਨ ਜੱਗੀ ਕੁੱਸਾ ਬਾਰੇ ਕਿਸੇ ਨੂੰ ਦੱਸਣ ਦੀ ਉਕਾ ਹੀ ਲੋੜ ਨਹੀਂ। ਮਾਂ-ਬੋਲੀ ਪੰਜਾਬੀ ਨਾਲ਼ ਮਾੜਾ-ਮੋਟਾ ਨਾਤਾ ਰੱਖਣ ਵਾਲ਼ਾ ਹਰ ਬੰਦਾ ਸ਼ਿਵਚਰਨ ਜੱਗੀ ਕੁੱਸਾ ਦੇ ਨਾਂ ਬਾਰੇ ਜ਼ਰੂਰ ਜਾਣੂੰ ਹੋਵੇਗਾ। ਪੰਜਾਬੀ ਫਿਲਮਾਂ ਅੱਜ-ਕੱਲ੍ਹ ਵੱਡੇ ਪੱਧਰ 'ਤੇ ਬਣ ਰਹੀਆਂ ਹਨ ਅਤੇ ਬਣਨੀਆਂ ਵੀ ਚਾਹੀਦੀਆਂ ਹਨ, ਪਰ ਕੁਝ ਫਿਲਮਾਂ ਅਜਿਹੀਆਂ ਹੁੰਦੀਆਂ ਹਨ, ਜੋ ਫ਼ਿਲਮੀ ਦੁਨੀਆਂ ਵਿੱਚ ਆਪਣੀ ਵੱਖਰੀ ਪਹਿਚਾਣ ਬਣਾਉਂਦੀਆਂ ਅਤੇ ਆਪਣੇ ਲੋਕਾਂ ਦੇ ਦਿਲਾਂ ਉਪਰ ਵੱਖਰੀ ਛਾਪ ਛੱਡ ਜਾਂਦੀਆਂ ਹਨ। ਲੋਕ ਅਜਿਹੀਆਂ ਫ਼ਿਲਮਾਂ ਦੀ ਹਮੇਸ਼ਾ ਉਡੀਕ ਕਰਦੇ ਹਨ। ਜੱਗੀ ਕੁੱਸਾ ਨੇ ਪੇਂਡੂ ਅਤੇ ਖ਼ਾਸ ਕਰ ਕੇ ਮਲਵਈ ਠੇਠ ਬੋਲੀ ਨੂੰ ਆਪਣੇ ਨਾਵਲਾਂ ਵਿੱਚ ਚਿਤਰਿਆ, ਜਿਸ ਕਾਰਨ ਲੋਕਾਂ ਨੇ ਉਸ ਨੂੰ ਆਪਣੀਆਂ ਪਲਕਾਂ 'ਤੇ ਬਿਠਾ ਲਿਆ। ਖ਼ੁਦ ਜੱਗੀ ਕੁੱਸਾ ਦੇ ਕਥਨ ਅਨੁਸਾਰ, "ਓਹੀ ਲੇਖਕ ਲੋਕਾਂ ਨੇ ਪ੍ਰਵਾਨ ਕੀਤੇ, ਜਿੰਨ੍ਹਾਂ ਨੇ ਆਪਣੇ ਲੋਕਾਂ ਦੀ ਸਰਲ ਭਾਸ਼ਾ ਲਿਖੀ!" ਜਾਂਦਾ-ਜਾਂਦਾ ਇਹ ਵੀ ਦੱਸਦਾ ਜਾਵਾਂ ਕਿ ਜੱਗੀ ਕੁੱਸਾ ਦੇ ਬਹੁ-ਚਰਚਿਤ ਨਾਵਲਾਂ ਨੂੰ ਅੰਗਰੇਜ਼ੀ ਵਿੱਚ ਅਨੁਵਾਦ ਕਰ ਕੇ ਛਾਪਣ ਦਾ ਬੀੜਾ ਹੁਣ ਇੱਕ ਅੰਗਰੇਜ਼ੀ ਪਬਲ਼ਸ਼ਿੰਗ ਕੰਪਨੀ ਨੇ ਚੁੱਕਿਆ ਹੈ, ਜਿਸ ਵਿੱਚ ਉਸ ਦੇ ਚਾਰ ਨਾਵਲ; ਪੁਰਜਾ ਪੁਰਜਾ ਕਟਿ ਮਰੈ, ਬਾਰ੍ਹੀਂ ਕੋਹੀਂ ਬਲ਼ਦਾ ਦੀਵਾ, ਸੱਜਰੀ ਪੈੜ ਦਾ ਰੇਤਾ ਅਤੇ ਤਰਕਸ਼ ਟੰਗਿਆ ਜੰਡ ਅਨੁਵਾਦ ਹੋ ਕੇ ਦੁਨੀਆਂ ਭਰ ਦੇ ਐਮਾਜ਼ੋਨ ਕੋਲ ਪਹੁੰਚ ਗਏ ਹਨ ਅਤੇ ਜਨਵਰੀ 2020 ਦੇ ਪਹਿਲੇ ਜਾਂ ਦੂਜੇ ਹਫ਼ਤੇ ਐਮਾਜ਼ੋਨ ਦੀ ਵੈਬ-ਸਾਈਟ 'ਤੇ ਦੁਨੀਆਂ ਭਰ ਦੇ ਦੇਸ਼ਾਂ ਵਿੱਚ ਆਰਡਰ ਕੀਤੇ ਜਾ ਸਕਣਗੇ।

ਨਾਵਲ ਲਿਖਣ ਦੇ ਨਾਲ਼-ਨਾਲ਼ ਹੁਣ ਜੱਗੀ ਕੁੱਸਾ ਫ਼ਿਲਮਾਂ ਵੱਲ ਮੁੜਿਆ ਹੈ। ਉਸ ਦਾ ਫ਼ਿਲਮੀ ਸਫ਼ਰ ਬਹੁ-ਚਰਚਿਤ ਫ਼ਿਲਮ "ਸਾਡਾ ਹੱਕ" ਤੋਂ ਸ਼ੁਰੂ ਹੋਇਆ, ਜਿਸ ਦੇ ਕੁੱਸਾ ਜੀ ਨੇ ਡਾਇਲਾਗ ਲਿਖੇ ਅਤੇ ਪੀ. ਟੀ. ਸੀ. ਪੰਜਾਬੀ ਨੇ ਉਸ ਨੂੰ ਐਵਾਰਡ ਲਈ ਚੁਣਿਆਂ। ਉਸ ਤੋਂ ਬਾਅਦ ਕੁੱਸਾ ਜੀ ਨੇ ਪਿੱਛੇ ਮੁੜ ਕੇ ਨਹੀਂ ਦੇਖਿਆ




ਅਤੇ "ਤੂਫ਼ਾਨ ਸਿੰਘ" ਵਰਗੀਆਂ ਫ਼ਿਲਮਾਂ ਵਿੱਚ ਆਪਣਾ ਯੋਗਦਾਨ ਪਾਉਣ ਤੋਂ ਲੈ ਕੇ ਉਸ ਦੀਆਂ ਆਪਣੀਆਂ ਕਹਾਣੀਆਂ ਉਪਰ ਵੀ ਕਈ ਫ਼ਿਲਮਾਂ ਬਣੀਆਂ। ਹੁਣ ਉਸ ਦੇ ਅਗਲੇ ਚਾਰ ਪ੍ਰਾਜੈਕਟ ਬਿਲਕੁਲ ਤਿਆਰ ਹਨ। ਚਾਰ ਸਾਲ ਦੀ ਚੁੱਪ ਦਾ ਕਾਰਨ ਪੁੱਛਣ 'ਤੇ ਕੁੱਸਾ ਜੀ ਨੇ ਆਦਤ ਮੂਜਬ ਹੱਸਦਿਆਂ ਕਿਹਾ, "ਨੋਟਬੰਦੀ ਦਮੂੰਹੀਂ ਬਣ ਕੇ ਲੜ ਗਈ ਸੀ ਮੇਰੇ ਪ੍ਰਾਜੈਕਟਾਂ ਨੂੰ, ਹੁਣ ਕੁਛ ਸਿੱਧੇ ਜੇ ਹੋਏ ਆਂ, ਤੇ ਹੁਣ ਅਗਲੇ ਪ੍ਰਾਜੈਕਟ ਜਲਦੀ ਸ਼ੁਰੂ ਕਰਨ ਜਾ ਰਹੇ ਹਾਂ, ਜਿਸ ਵਿੱਚ ਆਪਣੇ ਨਾਵਲਾਂ ਉਪਰ ਬਣਨ ਵਾਲ਼ੇ ਦੋ ਸੀਰੀਅਲ ਅਤੇ ਦੋ ਫ਼ੀਚਰ ਫ਼ਿਲਮਾਂ ਨੇ!" ਇਸ ਫ਼ਿਲਮ ਦੀ ਸਕਰੀਨਿੰਗ ਨਵੰਬਰ ਦੇ ਅਖੀਰਲੇ ਹਫ਼ਤੇ ਚੰਡੀਗੜ੍ਹ ਦੇ ਹੋਟਲ ਸਿਟੀ ਪਲਾਜ਼ਾ ਵਿਖੇ ਕੀਤੀ ਗਈ, ਜਿਸ ਵਿੱਚ ਫ਼ਿਲਮ ਪ੍ਰਮੋਟਰ ਸੰਜੀਵ ਕਪੂਰ, ਫ਼ਿਲਮ ਬਦਲਾ ਜੱਟੀ ਦਾ ਅਤੇ ਜੱਟ ਜਿਉਣਾ ਮੌੜ ਵਰਗੀਆਂ ਸੁਪਰ ਹਿੱਟ ਫ਼ਿਲਮਾਂ ਦੇ ਡਾਇਰੈਕਟਰ ਰਵਿੰਦਰ ਰਵੀ, ਸ਼ਿਵਚਰਨ ਜੱਗੀ ਕੁੱਸਾ, ਲੇਖਕ ਗੋਲੂ ਕਾਲ਼ੇ ਕੇ, ਈਵੈਂਟ ਮੈਨੇਜਮੈਂਟ ਦੀਆਂ ਜਾਣੀਆਂ ਪਹਿਚਾਣੀਆਂ ਸਖ਼ਸ਼ੀਅਤਾਂ ਸੁਰਿੰਦਰ, ਰੋਹਿਤ ਦੇ ਨਾਲ਼-ਨਾਲ਼ ਫ਼ਿਲਮ ਦੇ ਡਾਇਰੈਕਟਰ ਲਵਲੀ ਸ਼ਰਮਾਂ ਅਤੇ ਮੈਡਮ ਕੁਲਵੰਤ ਖੁਰਮੀ ਵੀ ਸ਼ਸ਼ੋਭਿਤ ਸਨ।

ਇੱਕ ਘੰਟਾ ਬੱਤੀ ਮਿੰਟ ਦੀ ਸ਼ੌਰਟ ਫ਼ਿਲਮ "ਪੁੱਠੇ ਪੈਰਾਂ ਵਾਲ਼ਾ" ਬਣ ਕੇ ਮੁਕੰਮਲ ਹੋ ਚੁੱਕੀ ਹੈ, ਜਿਸ ਨੂੰ ਪੰਜਾਬੀ ਅਤੇ ਹਿੰਦੀ ਵਿੱਚ 'ਡੱਬ' ਕੀਤਾ ਗਿਆ ਹੈ ਅਤੇ ਅੰਗਰੇਜ਼ੀ ਦੇ ਸਬ-ਟਾਈਟਲ ਵੀ ਪਾਏ ਗਏ ਹਨ। ਇਹ ਫ਼ਿਲਮ ਤਿੰਨ ਜਗਾਹ ਫ਼ਿਲਮ ਫ਼ੈਸਟੀਵਲਾਂ ਵਿੱਚ ਪੇਸ਼ ਕਰਨ ਤੋਂ ਬਾਅਦ ਹਿੰਦੀ ਅਤੇ ਪੰਜਾਬੀ ਚੈਨਲਾਂ ਰਾਹੀਂ ਸਾਡੇ ਲੋਕਾਂ ਦੇ ਸਨਮੁੱਖ ਕੀਤੀ ਜਾਵੇਗੀ। ਇਸ ਫ਼ਿਲਮ ਵਿੱਚ ਘਰੇਲੂ ਰਿਸ਼ਤਿਆਂ ਦੀ ਤੋੜ-ਜੋੜ ਦਾ ਜ਼ਿਕਰ ਹੈ, ਆਪਸੀ ਭਾਈਵਾਲ਼ੀ ਦੀ ਬਾਤ ਹੈ ਅਤੇ ਮਲਵਈ ਠੇਠ ਪੰਜਾਬੀ ਨਾਲ਼ ਲਿਬਰੇਜ਼ ਹਾਸਾ-ਠੱਠਾ ਵੀ ਹੈ। "ਪੁੱਠੇ ਪੈਰਾਂ ਵਾਲ਼ਾ" ਫ਼ਿਲਮ ਦੀ ਕਹਾਣੀ, ਪੱਟਕਥਾ ਅਤੇ ਸਕਰੀਨ ਪਲੇਅ ਸ਼ਿਵਚਰਨ ਜੱਗੀ ਕੁੱਸਾ ਦੇ ਲਿਖੇ ਹੋਏ ਹਨ, ਫ਼ਿਲਮ ਦੇ ਡਾਇਰੈਕਟਰ ਲਵਲੀ ਸ਼ਰਮਾ ਅਤੇ ਮੈਡਮ ਕੁਲਵੰਤ ਖੁਰਮੀ ਹਨ, ਕੈਮਰਾਮੈਨ ਸੀਰਾ ਮਾਣੂੰਕੇ ਅਤੇ ਸੰਗੀਤ 'ਮਿਉਜ਼ਿਕ ਹੰਟਰਜ਼' ਵਾਲ਼ੇ ਵਿਕਾਸ ਸ਼ਰਮਾਂ ਦਾ ਹੈ ਅਤੇ ਇਸ ਫ਼ਿਲਮ ਦੇ ਪ੍ਰੋਡਿਊਸਰ ਜੱਗੀ ਕੁੱਸਾ ਦੇ ਦੋ ਜਿਗਰੀ ਯਾਰ ਸਤਿੰਦਰਪਾਲ ਸਿੰਘ ਬਰਾੜ (ਚੰਦ ਨਵਾਂ) ਵੈਨਕੂਵਰ ਅਤੇ ਬੇਅੰਤ ਗਿੱਲ ਮਾਣੂੰਕੇ, ਵੈਨਕੂਵਰ ਹਨ। ਇਸ ਫ਼ਿਲਮ ਵਿੱਚ ਬਹੁਤ ਸਾਰੇ ਨਾਮਵਰ ਫ਼ਿਲਮੀ ਅਤੇ ਥੀਏਟਰ ਕਲਾਕਾਰਾਂ ਨੇ ਕੰਮ ਕੀਤਾ ਹੈ, ਜਿੰਨ੍ਹਾਂ ਵਿੱਚੋਂ ਹਰਪ੍ਰੀਤ ਸਿੰਘ, ਹਰਮੀਤ ਜੱਸੀ, ਮੈਡਮ ਕੁਲਵੰਤ ਖੁਰਮੀ, ਡਾਕਟਰ ਮਨਪ੍ਰੀਤ ਸਿੱਧੂ, ਹਰਪਾਲ ਧੂੜਕੋਟ, ਸੁਖਚੈਨ ਸਿੰਘ, ਰਵੀ ਵੜਿੰਗ, ਆਦਿ ਪ੍ਰਮੁੱਖ ਹਨ।

**- ਮਨਦੀਪ ਖੁਰਮੀ ਹਿੰਮਤਪੁਰਾ**






ਭਾਈ ਹਰਬੰਸ ਸਿੰਘ ਝਿੰਗੜ ਜੀ ਦੇ ਪੋਤਰੇ ਨਵਜੋਤ ਸਿੰਘ ਸਪੁੱਤਰ ਭੁਪਿੰਦਰ ਸਿੰਘ ਅਤੇ ਸੁਰਿੰਦਰ ਕੌਰ ਨੇ ਵੂਸ਼ੂ ਗੇਮ ਵਿੱਚ ਇੰਡੀਆ ਚੋਂ ਪਹਿਲਾ ਸਥਾਨ ਪ੍ਰਾਪਤ ਕਰਕੇ ਸਾਰੇ ਸਮਾਜ ਦਾ ਸਿਰ ਉੱਚਾ ਕੀਤਾ ਹੈ। ਨਵਜੋਤ ਸਿੰਘ ਤੇ ਸਮੂਹ ਝਿੰਗੜ ਪ੍ਰੀਵਾਰ ਨੂੰ ਬਹੁੱਤ ਬਹੁੱਤ ਵਧਾਈ ਅਤੇ ਆਸ ਕਰਦੇ ਹਾਂ ਕੇ ਨਵਜੋਤ ਸਿੰਘ ਆਣ ਵਲੇ ਸਮੇਂ 'ਚ ਵੀ ਏਸੇ ਤਰਾਂ ਪ੍ਰੀਵਾਰ ਦੇ ਨਾਲ ਨਾਲ ਸਮਾਜ ਦਾ ਵੀ ਮਾਣ ਵਧਾਉਂਦਾ ਰਹੇਗਾ. **- ਅਮਰ ਦੜੋਚ**


SKY TRANSPORT SOLUTIONS

STRIVE FOR MORE

ਟਰੱਕਾਂ ਵਾਲਿਆਂ ਵੀਰਾਂ ਦੇ ਲਈ
ਸਕਾਈ ਟਰਾਂਸਪੋਰਟ ਸਾਲਿਊਸ਼ਨ
ਦੀਆਂ ਵਿਸ਼ੇਸ਼ ਸੇਵਾਵਾਂ



SPECIAL BIT INSPECTION AND DOT AUDIT COMPLIANCE:

WE PROVIDE ALL TRUCKING RELATED PERMITS AND SERVICES

ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.

NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS
FOR OUT OF SERVICE DOT.

SPECIAL DOT COMPLIANCE FOR SAFETY, AUDITS AND RECORD KEEPING.

PLEASE CONTACT US FOR MORE INFORMATION

PHONE: 209-855-6938, FAX: 209-762-6540

Email: skytransportsolution@gmail.com

Give us a chance to provide you best services

2680 N TRACY BLVD, SUITE 4, TRACY, CA 95376

# ਯੂਨੀਵਰਸਿਟੀਆਂ ਵਿਚ ਅਰਾਜਕਤਾ ਦਾ ਮਾਹੌਲ ਰੋਕਿਆ ਜਾਵੇ, ਦੋਸ਼ੀਆਂ ਨੂੰ ਦਿੱਤੀਆਂ ਜਾਣ ਸਖ਼ਤ ਸਜਾਵਾਂ

**ਜਲੰਧਰ (ਬਿਊਰੋ)–** ਅੰਬੇਡਕਰ ਮਿਸ਼ਨ ਸੋਸਾਇਟੀ ਪੰਜਾਬ (ਰਜਿ.) ਦੀ ਕਾਰਜਕਾਰਨੀ ਕਮੇਟੀ ਦੀ ਮੀਟਿੰਗ ਸੋਸਾਇਟੀ



ਦੀ ਪ੍ਰਧਾਨ ਮੈਡਮ ਸੁਦੇਸ਼ ਕਲਿਆਣ ਦੀ ਪ੍ਰਧਾਨਗੀ ਹੇਠ ਅੰ-ਬੇਡਕਰ ਭਵਨ ਜਲੰਧਰ ਵਿਖੇ ਹੋਈ. ਮੀਟਿੰਗ ਵਿਚ ਸੋਸਾਇਟੀ ਦੇ ਮੈਂਬਰਾਂ ਦਾ ਮੰਨਣਾ ਹੈ ਕਿ ਜਿਨ੍ਹਾਂ ਵੀ ਯੂਨੀਵਰਸਿਟੀਆਂ ਵਿਚ ਗਰੀਬ ਅਤੇ ਘੱਟ ਗਿਣਤੀਆਂ ਦੇ ਵਿਦਿਆਰਥੀ ਆਪਣੇ ਹੱਕਾਂ ਵਾਸਤੇ ਆਪਣੀ ਆਵਾਜ਼ ਉਠਾਉਣ ਦੀ ਕੋਸ਼ਿਸ਼ ਕਰਦੇ ਹਨ ਫਿਰਕੂ ਜਥੇਬੰਦੀਆਂ ਦੇ ਲੋਕ ਉਨ੍ਹਾਂ ਦੀ ਆਵਾਜ਼ ਬੰਦ ਕਰਨ ਵਾਸਤੇ ਉਨ੍ਹਾਂ ਤੇ ਹਿੰਸਕ ਹਮਲੇ ਕਰਦੇ ਹਨ। ਅਲੀਗੜ੍ਹ ਮੁਸਲਿਮ ਯੂਨੀਵਰਸਿਟੀ , ਜਾਮੀਆ ਮਿਲਿਆ ਇਸਲਾਮਿਆ ਅਤੇ ਜਵਾਹਰਲਾਲ ਨਹਿਰੂ ਯੂਨੀਵਰਸਿਟੀ ਦੇ ਵਿਦਿਆਰਥੀਆਂ ਤੇ ਫਿਰਕੂ ਜਥੇਬੰਦੀਆਂ ਦੇ ਨਾਕਾਬਪੋਸ਼ਾਂ ਦੁਆਰਾ ਖੂਨੀ ਹਮਲੇ ਅਤੇ ਪੁਲਿਸ ਦਾ ਪੱਖ ਪਾਤ ਇਸ ਦੀਆਂ ਜਿੰਦਾ ਉਦਹਾਰਣਾਂ ਹਨ। ਜੇਐਨਯੂ ਦੇ ਵਿਦਿਆਰਥੀਆਂ ਦੁਆਰਾ ਆਪਣੀਆਂ ਜਾਇਜ ਮੰਗਾਂ ਮਨਵਾਉਣ ਲਈ ਸ਼ਾਂਤਮਈ ਢੰਗ ਨਾਲ ਰੋਸ਼ ਪ੍ਰਦਰਸ਼ਨ ਕਰ ਰਹੇ ਵਿਦਿਆਰਥੀਆਂ ਤੇ ਫਿਰਕੂ ਜਥੇਬੰਦੀਆਂ ਦੁਆਰਾ ਯੋਜਨਾਬੱਧ ਢੰਗ ਨਾਲ ਹਮਲੇ ਕੀਤੇ ਗਏ। ਹੈਰਾਨੀ ਇਸ ਗੱਲ ਦੀ ਹੈ ਕਿ ਇਹ ਸਭ ਪੁਲਿਸ ਦੀ ਹਾਜਰੀ ਵਿਚ ਹੋਇਆ ਅਤੇ ਵਾਈਸ ਚਾਂਸਲਰ ਨੇ ਕੋਈ ਕਾਰਵਾਈ ਨਹੀਂ ਕੀਤੀ। ਹੋਰ ਵੀ ਸ਼ਰਮ ਦੀ ਗੱਲ ਇਹ ਹੈ ਕਿ ਵਾਈਸ ਚਾਂਸਲਰ ਨੇ ਜਖ਼ਮੀ ਵਿਦਿਆਰਥੀਆਂ ਦੀ ਖ਼ਬਰ ਲੈਣਦਾ ਕਸ਼ਟ ਵੀ ਨਹੀਂ ਕੀਤਾ. ਅਜਿਹਾ ਵਾਈਸ ਚਾਂਸਲਰ ਜੇਐਨਯੂ ਦੇ ਯੋਗ ਨਹੀਂ ਹੈ। ਇਹ ਜਾਣਕਾਰੀ ਸੋਸਾਇਟੀ ਦੇ ਜਨਰਲ ਸਕੱਤਰ ਵਰਿੰਦਰ ਕੁਮਾਰ ਨੇ ਇਕ ਪ੍ਰੈਸ ਬਿਆਨ ਰਾਹੀਂ ਦਿੱਤੀ। ਵਰਿੰਦਰ ਕੁਮਾਰ ਨੇ ਕਿਹਾ ਕਿ ਜੋ ਕੁਝ ਦੇਸ਼ ਦੀਆਂ ਯੂਨੀਵਰਸਿਟੀਆਂ ਵਿਚ ਪੁਲਿਸ ਅਤੇ ਪ੍ਰਸ਼ਾਸ਼ਨ ਵੱਲੋਂ ਕੀਤਾ ਗਿਆ ਉਸ ਨਾਲ ਭਾਰਤ ਦੀ ਦੁਨੀਆਂ ਭਰ ਵਿਚ ਬਦਨਾਮੀ ਹੋਈ ਹੈ। ਜੇਐਨਯੂ ਇੱਕੋ ਇੱਕ ਅਜਿਹੀ ਯੂਨੀਵਰਸਿਟੀ ਹੈ ਜਿਸਨੂੰ ਦੁਨੀਆਂ ਭਰ ਵਿਚ ਮਾਨ ਸਨਮਾਨ ਪ੍ਰਾਪਤ ਹੈ। ਉਸਨੂੰ ਬੰਦ ਕਰਨ ਦੀਆਂ ਸਾਜਸ਼ਾਂ ਹਿੰਦੂ ਰਾਸ਼ਟਰਵਾਦੀਆਂ ਵਲੋਂ ਕੀਤੀਆਂ ਜਾ ਰਹੀਆਂ ਹਨ।

ਵਰਿੰਦਰ ਕੁਮਾਰ ਨੇ ਅੱਗੇ ਕਿਹਾ ਕਿ ਅੰਬੇਡਕਰ ਮਿਸ਼ਨ ਸੋਸਾਇਟੀ ਇਸ ਬਾਬਤ ਦੇਸ਼ ਭਗਤ ਬੁਧੀਜੀਵੀਆਂ ਨੂੰ ਅਪੀਲ ਕਰਦੀ ਹੈ ਕਿ ਉਹ ਇਨ੍ਹਾਂ ਸਾਜਸ਼ਾਂ ਨੂੰ ਨਾਕਾਮ ਕਰਨ ਦੇ ਯਤਨ ਕਰਨ। ਸੋਸਾਇਟੀ ਇਹ ਵੀ ਮੰਗ ਕਰਦੀ ਹੈ ਦੋਸ਼ੀ ਹਮਲਾਵਰਾਂ ਦੀ ਜਲਦੀ ਤੋਂ ਜਲਦੀ ਪਛਾਣ ਕਰਕੇ ਉਨ੍ਹਾਂ ਨੂੰ ਸਖ਼ਤ ਸਜਾ ਦਿੱਤੀ ਜਾਵੇ ਅਤੇ ਯੂਨੀਵਰਸਿਟੀਆਂ ਵਿਚ ਵਿਦਿਆਰਥੀਆਂ ਨੂੰ ਪੂਰੀ ਸੁਰੱਖਿਆ ਪ੍ਰਦਾਨ ਕੀਤੀ ਜਾਵੇ। ਇਸ ਮੌਕੇ ਲਾਹੌਰੀ ਰਾਮ ਬਾਲੀ, ਬਲਦੇਵ ਰਾਜ ਭਾਰਦਵਾਜ, ਐਡਵੋਕੇਟ ਕੁਲਦੀਪ ਭੱਟੀ, ਐਡਵੋਕੇਟ ਹਰਭਜਨ ਸਾਂਪਲਾ, ਪਰਮਿੰਦਰ ਸਿੰਘ, ਚਮਨ ਦਾਸ ਸਾਂਪਲਾ ਅਤੇ ਰਣਵੀਰ ਭੱਟੀ ਹਾਜ਼ਰ ਸਨ।

## ਗ਼ਦਰੀ ਬਾਬਾ ਬਾਬੂ ਮੰਗੂ ਰਾਮ ਮੂਗੋਵਾਲੀਆ ਜੀ ਦੇ ਜਨਮ ਦਿਨ ਤੇ ਲੱਖ ਲੱਖ ਵਧਾਈ

ਗ਼ਦਰੀ ਬਾਬਾ ਬਾਬੂ ਮੰਗੂ ਰਾਮ ਮੂਗੋਵਾਲੀਆ ਨੇ ਆਦਿ ਧਰਮ ਮਿਸ਼ਨ ਦੀ ਲਹਿਰ ਚਲਾ ਕੇ ਦਲਿਤ ਸਮਾਜ ਨੂੰ ਨਾ ਸਿਰਫ ਜਾਗ੍ਰਿਤ ਕੀਤਾ ਬਲਕਿ ਬਾਬ-ਸਾਹਿਬ ਡਾ. ਭੀਮ ਰਾਓ ਅੰਬੇਡਕਰ ਦੇ ਅੰਦੋਲਨ ਵਿਚ ਵੱਧ ਚੜ੍ਹ ਕੇ ਯੋਗਦਾਨ ਪਾਇਆ. ਆਲ ਇੰਡੀਆ ਸਮਤਾ ਸੈਨਿਕ ਦਲ (ਰਜਿ.) ਪੰਜਾਬ ਯੂਨਿਟ ਵੱਲੋਂ ਅੱਜ 14 ਜਨਵਰੀ ਨੂੰ ਬਾਬੂ ਮੰਗੂ ਰਾਮ ਮੂਗੋਵਾਲੀਆ ਜੀ ਦੇ ਜਨਮ ਦਿਨ ਤੇ ਸਮੂਹ ਦੇਸ ਵਾਸੀਆਂ ਨੂੰ ਲੱਖ ਲੱਖ ਵਧਾਈ।

ਜਸਵਿੰਦਰ ਵਰਿਆਣਾ (ਸੂਬਾ ਪ੍ਰਧਾਨ),
ਬਲਦੇਵ ਰਾਜ ਭਾਰਦਵਾਜ (ਜਨਰਲ ਸਕੱਤਰ),
ਐਡਵੋਕੇਟ ਕੁਲਦੀਪ ਭੱਟੀ (ਵਿੱਤ ਸਕੱਤਰ)
ਵਰਿੰਦਰ ਕੁਮਾਰ (ਸਕੱਤਰ - ਉੱਤਰੀ ਭਾਰਤ)



# ਜੇ ਐਨ ਯੂ ਦੇ ਵਿਦਿਆਰਥੀਆਂ ਤੇ ਖੂਨੀ ਹਮਲੇ ਦੀ ਸਮਤਾ ਸੈਨਿਕ ਦਲ ਨੇ ਕੀਤੀ ਸਖ਼ਤ ਨਿਖੇਧੀ

ਜਲੰਧਰ- ਆਲ ਇੰਡੀਆ ਸਮਤਾ ਸੈਨਿਕ ਦਲ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਨਵੀਂ ਦਿੱਲੀ ਦੇ ਵਿਦਿਆਰਥੀਆਂ ਤੇ, ਕੈਂਪਸ ਦੇ ਅੰਦਰ ਜਾ ਕੇ ਫਿਰਕੂ ਤਾਕਤਾਂ ਵੱਲੋਂ ਦਿਨ ਦਿਹਾੜੇ ਲਾਠੀਆਂ ਅਤੇ ਲੋਹੇ ਦੀਆਂ ਰਾਡਾਂ ਨਾਲ ਖੂਨੀ ਹਮਲਾ ਕਰਨ ਦੀ ਸਖ਼ਤ ਨਿਖੇਧੀ ਕਰਦਾ ਹੈ। ਆਲ ਇੰਡੀਆ ਸਮਤਾ ਸੈਨਿਕ ਦਲ (ਰਜਿ.) ਪੰਜਾਬ ਯੂਨਿਟ ਦੇ ਸੂਬਾ ਪ੍ਰਧਾਨ ਜਸਵਿੰਦਰ ਵਰਿਆਣਾ ਨੇ ਕਿਹਾ ਕਿ ਜਿਥੇ ਦਲਿਤ, ਮੁਸਲਿਮ ਅਤੇ ਘੱਟ ਗਿਣਤੀਆਂ ਦੇ ਵਿਦਿਆਰਥੀ ਪੜ੍ਹਦੇ ਹਨ, ਉਨ੍ਹਾਂ ਯੂਨੀਵਰਿਸਟੀਆਂ ਵਿਚ ਵਿਦਿਆਰਥੀਆਂ ਤੇ ਫਿਰਕੂ ਜਥੇਬੰ-ਦੀਆਂ ਅਤੇ ਗੁੰਡਾ ਗਰੋਹਾਂ ਦੁਆਰਾ ਯੋਜਨਾਬੱਧ ਢੰਗ ਨਾਲ ਹਮਲੇ ਕੀਤੇ ਜਾ ਰਹੇ ਹਨ. ਪਹਿਲਾਂ ਜਾਮੀਆ ਮਿਲੀਆ ਇਸਲਾਮੀਆ, ਫਿਰ ਅਲੀਗੜ੍ਹ ਮੁਸਲਿਮ ਯੂਨੀਵਰਸਿਟੀ ਅਤੇ ਹੁਣ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਨੂੰ ਨਿਸ਼ਾਨਾ ਬਣਾਇਆ ਹੈ। ਜਸਵਿੰਦਰ ਵਰਿਆਣਾ ਨੇ ਚਿੰਤਾ ਪ੍ਰਗਟ ਕੀਤੀ ਕਿ ਜਦੋਂ ਗੁੰਡਾ ਗਰੋਹ ਜੇ ਐਨ ਯੂ ਦੇ ਵਿਦਿਆਰਥੀਆਂ ਤੇ ਖੂਨੀ ਹਮਲੇ ਕਰ ਰਹੇ ਸਨ ਤਾਂ ਪੁਲਸ ਮੂਕ ਦਰਸ਼ਕ ਬਣੀ ਹੋਈ ਸੀ ਅਤੇ ਯੂਨੀਵਰਸਿਟੀ ਦੇ ਉਪ ਕੁਲਪਤੀ ਨੇ ਵੀ ਕੋਈ ਕੋਈ ਕਾਰਵਾਈ ਨਹੀਂ ਕੀਤੀ। ਸਰਕਾਰ ਦੀਆਂ ਗ਼ਲਤ ਨੀਤੀਆਂ ਤੋਂ ਆਮ ਲੋਕਾਂ ਦਾ ਧਿਆਨ ਭਟਕਾਉਣ ਵਾਸਤੇ ਰੋਹਿਤ ਵੇਮੂਲਾ ਹਤਿਆ ਕਾਂਡ, ਭੀਮਾਂ ਕੋਰੇਗਾਓਂ, ਜੀ ਐਸ ਟੀ, ਸਰਜੀਕਲ ਸਟ੍ਰਾਈਕ, ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਜਨਜਾਤੀਆਂ (ਅੱਤਿਆਚਾਰ ਰੋਕੂ) ਐਕਟ ਨੂੰ ਪਤਲਾ ਕਰਨ ਅਤੇ ਸ਼੍ਰੀ ਗੁਰੂ ਰਵਿਦਾਸ ਮੰਦਿਰ ਢਾਉਣ ਵਰਗੇ ਕਾਰੇ ਕੀਤੇ ਗਏ। ਸਾਡਾ ਭਾਰਤ ਦੇਸ਼ ਧਰਮ ਨਿਰਪੱਖ ਦੇਸ਼ ਹੈ। ਇਸ ਵਿਚ ਵੱਖ ਵੱਖ ਧਰਮਾਂ ਦੇ - ਹਿੰਦੂ, ਸਿੱਖ, ਈਸਾਈ, ਮੁਸਲਿਮ, ਪਾਰਸੀ, ਬੋਧੀ, ਜੈਨੀ ਲੋਕ ਰਹਿੰਦੇ ਹਨ. ਇਥੇ ਅਜਿਹੇ ਲੋਕ ਵੀ ਰਹਿੰਦੇ ਹਨ ਜੋ ਕਿਸੇ ਵੀ ਧਰਮ ਨੂੰ ਨਹੀਂ ਮੰਨਦੇ। ਸਮਤਾ ਸੈਨਿਕ ਦਲ ਦਾ ਮੰਨਣਾ ਹੈ ਕਿ ਮੋਦੀ ਸਰਕਾਰ ਹੁਣ ਸੀ ਏ ਏ, ਐਨ ਪੀ ਆਰ ਅਤੇ ਐਨ ਆਰ ਸੀ ਵਰਗੇ ਕਾਨੂੰਨ ਲਾਗੂ ਕਰਕੇ ਦੇਸ਼ ਨੂੰ ਵੰਡਣ ਅਤੇ ਆਰ ਐਸ ਐਸ ਦੇ ਏਜੰਡੇ ਅਨੁਸਾਰ ਹਿੰਦੂ-ਰਾਜ ਸਥਾਪਤ ਕਰਨ ਦੇ ਯਤਨ ਕਰ ਰਹੀ ਹੈ। ਵਰਿਆਣਾ ਨੇ ਕਿਹਾ ਕਿ ਆਲ ਇੰਡੀਆ ਸਮਤਾ ਸੈਨਿਕ ਦਲ ਇਸਦਾ ਡੱਟ ਕੇ ਵਿਰੋਧ ਕਰਦਾ ਹੈ ਅਤੇ ਦੋਸ਼ੀਆਂ ਨੂੰ ਸਖ਼ਤ ਸਜਾਵਾਂ ਦੇਣ ਦੀ ਮੰਗ ਕਰਦਾ ਹੈ।



ਇਸ ਮੌਕੇ ਵਰਿੰਦਰ ਕੁਮਾਰ, ਬਲਦੇਵ ਰਾਜ ਭਾਰਦਵਾਜ, ਐਡਵੋਕੇਟ ਕੁਲਦੀਪ ਭੱਟੀ ਅਤੇ ਤਿਲਕ ਰਾਜ ਹਾਜ਼ਰ ਸਨ।

# ਅੰਬੇਡਕਰ ਯੂਥ ਕਲੱਬ ਛਾਉਣੀ ਕਲਾਂ ਬੰਗਲਾ ਵੱਲੋਂ ਕਬੱਡੀ ਕੱਪ ਕਰਵਾਇਆ

## ਡੇਰਾ ਸੱਚਖੰਡ ਸੀਤਲ ਦਾਸ ਜੀ ਦੇ ਗੱਦੀ ਨਸ਼ੀਨ ਸੰਤ ਸਰਵਣ ਦਾਸ ਜੀ ਨੇ ਕੀਤਾ ਉਦਘਾਟਨ









**ਹੁਸਿਆਰਪੁਰ–** ਡਾ ਬੀ ਆਰ ਅੰਬੇਡਕਰ ਯੂਥ ਕਲੱਬ ਛਾਉਣੀ ਕਲਾਂ ਬੰਗਲਾ ਵੱਲੋਂ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀਂ ਐਨ ਆਰ ਆਈ ਵੀਰਾਂ ਦੇ ਸਹਿਯੋਗ ਨਾਲ ਦੂਜਾ ਕਬੱਡੀ ਕੱਪ ਕਰਵਾਇਆ ਗਿਆ ਤੇ ਕਬੱਡੀ ਕੱਪ ਦਾ ਉਦਘਾਟਨ ਡੇਰਾ ਸੱਚਖੰਡ ਸੰਤ ਸੀਤਲ ਦਾਸ ਜੀ ਬੋਹਣ ਹੁਸਿਆਰਪੁਰ ਚੇਅਰਮੈਨ ਸ੍ਰੀ ਗੁਰੂ ਰਵਿਦਾਸ ਸਾਧੂ ਸੰਪ੍ਰਦਾਇ ਸੁਸਾਇਟੀ ਰਜਿ ਪੰਜਾਬ ਗੱਦੀ ਨਸ਼ੀਨ ਸੰਤ ਸਰਵਣ ਦਾਸ ਜੀ ਨੇ ਕੀਤਾ ਤੇ ਇਸ ਮੋਕੇ ਤੇ ਬਸਪਾ ਹੁਸਿਆਰਪੁਰ ਦੇ ਯੂਥ ਆਗੂ ਅਮਰਜੀਤ ਭੱਟੀ ਜੀ ਤੇ ਸਮੂਹ ਅਹੁਦੇਦਾਰਾਂ ਡਾ ਬੀ ਆਰ ਅੰਬੇਡਕਰ ਯੂਥ ਕਲੱਬ ਤੇ ਪਿੰਡ ਵਾਸੀ ਹਾਜ਼ਰ ਸਨ ਤੇ ਕਬੱਡੀ ਕੱਪ ਚ ਜਿੱਤਣ ਵਾਲੇ ਨੋਜਵਾਨਾ ਨੂੰ ਸਨਮਾਨਿਤ ਵੀ ਕੀਤਾ ਗਿਆ ਤੇ ਇਨਾਮ ਵੀ ਦਿੱਤੇ ਗਏ 108 ਸੰਤ ਸਰਵਣ ਦਾਸ ਜੀ ਮਹਾਰਾਜ ਨੇ ਸੰਗਤਾਂ ਨੂੰ ਅਪੀਲ ਕੀਤੀ ਕਿ ਅੱਜ ਦੇ ਨੋਜਵਾਨਾ ਨੂੰ ਨਸ਼ੇ ਛੱਡ ਕੇ ਖੇਡਾਂ ਵੱਲ ਧਿਆਨ ਦੇਣਾਂ ਚਾਹੀਦਾ ਹੈ ਤਾਂ ਹੀ ਪੰਜਾਬ ਦੀ ਪੀੜ੍ਹੀ ਨਸ਼ਿਆਂ ਨੂੰ ਛੱਡ ਸਕਦੀ ਹੈਂ ਤੇ ਦੱਸੇ ਹੋਏ ਗੁਰੂਆਂ ਮਹਾਪੁਰਸ਼ਾਂ ਦੇ ਰਾਸਤੇ ਤੇ ਚੱਲਣਾ ਵੀਂ ਚਾਹੀਦਾ ਹੈ।

# ਬਸਪਾ 15 ਜਨਵਰੀ ਨੂੰ ਕੁਮਾਰੀ ਮਾਇਆਵਤੀ ਦਾ ਜਨਮ ਦਿਨ ਮਨਾਏਗੀ ਜਨ ਕਲਿਆਣ ਦਿਵਸ ਵਜੋਂ: ਬਿਲਗਾ, ਨੱਤ, ਜੀ ਕੇ

**ਲੁਧਿਆਣਾ–** ਬਹੁਜਨ ਸਮਾਜ ਪਾਰਟੀ ਦੀ ਇੱਕ ਜਿਲ੍ਹਾ ਪੱਧਰੀ ਮੀਟਿੰਗ ਸਥਾਨਕ ਸਰਕਟ ਹਾਊਸ ਵਿਖੇ ਜਿਲ੍ਹਾ ਪ੍ਰਧਾਨ ਪ੍ਰਗਣ ਬਿਲਗਾ ਦੀ ਅਗਵਾਈ ਹੇਠ ਹੋਈ। ਜਿਸ ਵਿੱਚ ਸੂਬਾ ਸਕੱਤਰ ਗੁਰਮੇਲ ਸਿੰਘ ਜੀ ਕੇ, ਜੋਨ ਇੰਚਾਰਜ ਬਿੱਕਰ ਸਿੰਘ ਨੱਤ, ਭੁਪਿੰਦਰ ਸਿੰਘ ਜੌੜਾ ਅਤੇ ਦੇਹਾਤੀ ਪ੍ਰਧਾਨ ਨਿਰਮਲ ਸਿੰਘ ਸਾਇਆਂ ਪਹੁੰਚੇ। ਮੀਟਿੰਗ ਬਾਰੇ ਜਾਣਕਾਰੀ ਦਿੰਦਿਆਂ ਉਪਰੋਕਤ ਆਗੂਆਂ ਨੇ ਦੱਸਿਆ ਕਿ 15 ਜਨਵਰੀ ਨੂੰ ਬਸਪਾ ਮੁੱਖੀ ਭੈਣ ਕੁਮਾਰੀ ਮਾਇਆਵਤੀ ਦਾ ਜਨਮ ਦਿਨ ਆਰਥਿਕ ਸਹਿਜੋਗ ਵਜੋਂ ਜਿਲ੍ਹਾ ਪੱਧਰੀ 'ਜਨਕਲਿਆਣਕਾਰੀ' ਦਿਵਸ ਵਜੋਂ ਹਰ ਜਿਲ੍ਹੇ ਵਿੱਚ ਮਨਾਇਆ ਜਾਵੇਗਾ। 'ਜਨਕਾਲਿਆਣਕਾਰੀ ਦਿਵਸ' ਮੌਕੇ ਕੇਕ ਕੱਟਕੇ ਖੁਸ਼ੀਆ ਮਨਾਉਣਾ, ਗਰੀਬਾਂ ਤੇ ਲੋੜਵੰਦਾਂ ਨੂੰ ਕੰਬਲ, ਮਿਠਾਈਆਂ, ਦਵਾਈਆਂ ਵੰਡਣਾ ਅਤੇ ਆਰਥਿਕ ਸਹਿਯੋਗ ਦੇਣਾ ਹੈ। ਆਗੂਆਂ ਨੇ ਦੱਸਿਆ ਕਿ ਲੁਧਿਆਣਾ ਜਿਲੇ ਦਾ ਪ੍ਰੋਗਰਾਮ 15 ਜਨਵਰੀ ਨੂੰ 11 ਵਜੇ ਤੋਂ 1 ਵਜੇ ਤੱਕ ਡਾ ਅੰਬੇਡਕਰ ਚੌਂਕ ਜਲੰਧਰ ਬਾਈਪਾਸ ਵਿਖੇ ਬਾਬਾ ਸਾਹਿਬ ਡਾ ਭੀਮ ਰਾਓ ਅੰਬੇਦਕਰ ਦੇ ਬੁੱਤ ਕੋਲ ਰੱਖਿਆ ਗਿਆ ਅਤੇ ਸਾਰੇ ਵਰਕਰਾਂ ਨੂੰ ਪਹੁੰਚਣ ਦਾ ਬੇਨਤੀ ਕੀਤੀ ਗਈ ਹੈ। ਜਿਲ੍ਹੇ ਦੇ ਆਗੂ ਅਤੇ ਵਰਕਰ ਅਪਣੀ ਦਸਾਂ ਨਹੁੰਆਂ ਦੀ ਕਿਰਤ ਕਮਾਈ ਵਿੱਚੋਂ ਗਰੀਬ ਤੇ ਜਰੂਰਤਮੰਦ ਲੋਕਾਂ ਦੀ ਮੱਦਦ ਕਰਨਗੇ। ਉਨ੍ਹਾਂ 26 ਜਨਵਰੀ ਨੂੰ ਕੁਝ ਸਿੱਖ ਸੰਗਠਨਾਂ ਵੱਲੋਂ ਸੰਵਿਧਾਨ ਸਾੜਨ ਦੀਆਂ ਗੱਲਾਂ ਨੂੰ ਸਮਾਜ ਵਿੱਚ ਵੰਡ ਪਾਊ ਘਟੀਆ ਅਫਵਾਹਾਂ ਆਖ ਇਸਦੀ ਨਿੰਦਾ ਕੀਤੀ। ਉਨ੍ਹਾਂ ਕਿਹਾ ਕਿ ਅਜਿਹੇ ਲੋਕ ਸਿੱਖ ਹੋ ਹੀ ਨਹੀਂ ਸਕਦੇ ਜੋ ਸੰਵਿਧਾਨ ਸਾੜਨ ਦੀਆਂ ਗੱਲਾਂ ਕਰਦੇ ਹਨ। ਸੰਵਿਧਾਨ ਸਿੱਖਾਂ ਸਮੇਤ ਹਰ ਭਾਰਤੀ ਨੂੰ ਬਰਾਬਰਤਾ ਦਾ ਅਧਿਕਾਰ ਦਿੰਦਾ ਹੈ ਜਿਸ ਸਦਕਾ ਭਾਰਤ ਵਿੱਚ ਰਹਿੰਦੇ ਕਿਸੇ ਵੀ ਵਿਅਕਤੀ ਨੂੰ ਸੰਵਿਧਾਨ ਤੋਂ ਕੋਈ ਗਿਲਾ ਨਹੀਂ ਹੈ। ਹਾਂ ਕੁਝ ਹਿੰਦੂਤਵੀ ਤਾਕਤਾਂ ਸੰਵਿਧਾਨ ਦੀ ਜਗ੍ਹਾ ਤੇ ਮਨੂੰ ਸਿਮਰਤੀ ਲਾਗੂ ਕਰਨ ਦੀ ਤਾਕ ਵਿੱਚ ਹਨ ਜਿਨ੍ਹਾਂ ਨੂੰ ਮੂੰਹ ਦੀ ਖਾਣੀ ਪੈ ਰਹੀ ਹੈ। ਜਿਹੜਾ ਵੀ ਸਿੱਖ ਸੰਗਠਨ ਅਜਿਹੀ ਹੋਸ਼ੀ ਗੱਲ ਕਰਦਾ ਹੈ ਉਸ ਨੂੰ ਹਿੰਦੂਤਵੀ ਸੋਚ ਦੇ ਧਾਰਨੀ ਹੀ ਮੰਨਿਆ ਜਾ ਸਕਦਾ ਹੈ। ਬਸਪਾ ਸੰਵਿਧਾਨ ਦੇ ਸਨਮਾਨ ਵਿੱਚ ਪਹਿਲਾਂ ਵੀ ਖੜੀ ਸੀ ਅਤੇ ਅੱਜ ਵੀ ਖੜੀ ਹੈ। ਲੋੜ ਪੈਣ ਤੇ ਇਨ੍ਹਾਂ ਸੰਵਿਧਾਨ ਵਿਰੋਧੀ ਤਾਕਤਾਂ ਨੂੰ ਮੂੰਹ ਤੋੜ ਜਵਾਬ ਦਿੱਤਾ ਜਾਵੇਗਾ।



ਉਨ੍ਹਾਂ ਕਿਹਾ ਕਿ ਜੇਕਰ ਦੇਸ਼ ਜਾਂ ਕਿਸੇ ਸੂਬੇ ਵਿੱਚ ਅਜਿਹੀ ਘਟਨਾ ਵਾਪਰਦੀ ਹੈ ਉਸਦੇ ਲਈ ਸਿੱਧੇ ਤੌਰ ਤੇ ਕੇਂਦਰ ਅਤੇ ਸੂਬਾ ਸਰਕਾਰਾਂ ਜਿੰਮੇਵਾਰ ਹੋਣਗੀਆਂ। ਇਸ ਮੌਕੇ ਮਨਜੀਤ ਸਿੰਘ ਬਾੜੇਵਾਲ, ਗੁਰਦੀਪ ਸਿੰਘ ਚਮਿੰਡਾ, ਹਰਬੰਸ ਸਿੰਘ ਬਾੜੇਵਾਲ, ਜਸਵੀਰ ਸਿੰਘ ਪੌਲ, ਬਲਵਿੰਦਰ ਕੋਚ, ਚਰਨ ਸਿੰਘ ਲੁਹਾਰਾ, ਮਾਸਟਰ ਰਾਮਾਨੰਦ, ਬਲਵੀਰ ਸਿੰਘ ਰਾਜਗੜ੍ਹ, ਕੁਲਵਿੰਦਰ ਕੁਮਾਰ, ਕਰਮਪਾਲ ਮੋਰੀਆਂ, ਬੂਟਾ ਸਿੰਘ ਸੰਗੋਵਾਲ, ਜਗਮੋਹਣ ਸਿੰਘ, ਡਾ ਰਵਿੰਦਰ ਸਰੋਏ, ਨਾਜਰ ਸਿੰਘ, ਰਾਮਲੋਕ ਸਿੰਘ ਸਰਾਭਾ ।

ਘਲੇ ਆਵਏ ਨਾਨਕਾ ਸਦਿ ਉਠੀ ਜਾਹਿ॥

# ਮਾਤਾ ਜੀਤੋ ਜੀ ਦਾ ਸਸਕਾਰ ਤੇ ਪਾਠ ਦਾ ਭੋਗ ਮਿਤੀ 19 ਜਨਵਰੀ 2020 ਦਿਨ ਐਤਵਾਰ ਨੂੰ



ਆਪ ਜੀ ਨੂੰ ਬਹੁਤ ਹੀ ਦੁਖੀ ਹਿਰਦੇ ਨਾਲ ਸੂਚਿਤ ਕੀਤਾ ਜਾਂਦਾ ਹੈ ਕਿ ਸਾਡੇ ਪੂਜਨੀਕ ਮਾਤਾ ਜੀ ਸ੍ਰੀਮਤੀ ਜੀਤੋ ਸੁਪਤਨੀ ਸਵਰਗੀ ਸ੍ਰੀ ਦੇਵੀ ਚੰਦ ਫੌਜੀ, ਵਾਸੀ ਯੂਬਾ ਸਿਟੀ, ਕੈਲੇਫੋਰਨੀਆ, ਜਿਹਨਾਂ ਦਾ ਪਿਛਲਾ ਪਿੰਡ ਲੋਹੀਆਂ ਖਾਸ, ਜ਼ਿਲ੍ਹਾ ਜਲੰਧਰ, ਪੰਜਾਬ ਹੈ, **ਮਿਤੀ 29 ਦਸੰਬਰ 2019** ਨੂੰ ਵਾਹਿਗੁਰੂ ਵੱਲੋਂ ਬਖਸ਼ੀ ਸੁਆਸਾਂ ਦੀ ਪੂੰਜੀ ਨੂੰ ਪੂਰਾ ਕਰਦੇ ਹੋਏ, ਸਾਨੂੰ ਸਾਰਿਆਂ ਨੂੰ ਸਦੀਵੀ ਵਿਛੋੜਾ ਦੇ ਕੇ ਗੁਰੂ ਚਰਨਾਂ 'ਚ ਜਾ ਬਿਰਾਜੇ ਹਨ।

ਮਾਤਾ ਜੀਤੋ ਜੀ ਦਾ ਅੰਤਿਮ ਸਸਕਾਰ 19 ਜਨਵਰੀ 2020 ਦਿਨ ਐਤਵਾਰ ਨੂੰ ਸਵੇਰੇ 11 ਵਜੇ ਤੋਂ 1 ਵਜੇ ਤੱਕ

**CHAPEL OF THE TWIN CITIES, 715 SHASTA STREET, YUBA CITY, CA 95991**

ਵਿਖੇ ਹੋਵੇਗਾ ਅਤੇ ਉਹਨਾਂ ਦੀ ਆਤਮਾ ਦੀ ਸ਼ਾਂਤੀ ਲਈ ਪਾਠ ਦਾ ਭੋਗ ਮਿਤੀ 19 ਜਨਵਰੀ 2020 ਦਿਨ ਐਤਵਾਰ ਨੂੰ

**SRI GURU NANAK TEMPLE 2269 BOGUE ROAD, YUBA CITY, CA 95993**

ਵਿਖੇ ਦੁਪਹਿਰੇ 1 ਵਜੇ ਤੋਂ 3 ਵਜੇ ਤੱਕ ਪਾਇਆ ਜਾਵੇਗਾ।

ਸੋ ਆਪ ਸਭ ਨੂੰ ਦੁਖੀ ਗਿੱਲ ਪਰਿਵਾਰ ਵੱਲੋਂ ਬੇਨਤੀ ਹੈ ਕਿ ਸਸਕਾਰ ਅਤੇ ਅੰਤਿਮ ਅਰਦਾਸ ਵਿਚ ਸ਼ਾਮਲ ਹੋਣ ਦੀ ਕਿਰਪਾਲਤਾ ਕਰਨੀ ਜੀ।

## ਸ਼ੋਕ ਗ੍ਰਸਤ ਪਰਿਵਾਰ

ਸੰਤੋਖ ਸਿੰਘ ਗਿੱਲ- ਜਸਵਿੰਦਰ ਕੌਰ ਗਿੱਲ (ਪੁੱਤਰ-ਨੂੰਹ)
530-740-3056
ਵਿਜੈ ਗਿੱਲ- ਸੋਫੀਆ ਗਿੱਲ (ਪੋਤਰਾ- ਪੋਤਨੂੰਹ)
530-751-6603

ਦੀਪਕ ਗਿੱਲ, ਪਰਦੀਪ ਗਿੱਲ (ਪੋਤਰੇ)
ਮਮਤਾ ਗਿੱਲ (ਪੋਤਰੀ)
ਸੁਹਾਨਾ ਗਿੱਲ, ਰੀਹਾਨਾ ਗਿੱਲ (ਪੜਪੋਤਰੀਆਂ)

ਰਾਜਵਿੰਦਰ ਕੌਰ- ਬਲਕਾਰ ਸਿੰਘ (ਧੀ- ਜਵਾਈ)
ਕੋਮਲ ਪ੍ਰੀਤ (ਦੋਹਤੀ), ਬਲਰਾਜ ਸਿੰਘ (ਦੋਹਤਾ)
ਸ. ਸੁੱਚਾ ਸਿੰਘ ਢੰਡੋਵਾਲ (ਭਰਾ)
ਗੁਰਪ੍ਰੀਤ ਸਿੰਘ (ਭਤੀਜਾ)


# TANDOOR
## Indian Restaurant

**27167 Mission Blvd. Hayward, CA 95544**




ਵਿਆਹ ਸ਼ਾਦੀ, ਬਰਥ-ਡੇ ਪਾਰਟੀ, ਐਨਵਰਸਰੀ ਜਾਂ ਹੋਰ ਕਿਸੇ ਵੀ ਕਿਸਮ ਦੀ ਕੇਟਰਿੰਗ ਲਈ ਸਦਾ ਸਾਨੂੰ ਯਾਦ ਰੱਖੋ

WE ARE SPECIALIST IN CATERING & SPECIAL ITEMS ARE AVAILABLE HERE :

FISH PAKORE, CHILLI CHICKEN, GOAT KARI, SHAHI PANEER, BUTTER CHICKEN, SWEETS, SNACKS AND MORE SPECIAL ITEMS.



ਕੇਟਰਿੰਗ ਦੇ ਮਾਹਿਰ, ਹਫਤੇ ਦੇ 7 ਦਿਨ ਉਪਲਬੱਧ

Contact Us:

BUFFET LUNCH 11:00 AM To 3:00 PM



ਸੁਰਿੰਦਰ 'ਕੋਕਾ' ਧਲੇਤਾ

**Ph. 510-885-1212, Fax. 510-885-1532**

**We are open seven days 11 AM to 10 PM**

# ਲੋਹੜੀ ਦੀ ਖੁਸ਼ੀ ਵਿਚ ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਸੁਖਮਨੀ ਸਾਹਿਬ ਦੇ ਪਾਠ ਕਰਵਾਏ

**ਯੂਬਾ ਸਿਟੀ–** ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਗੁਰਮੁਖ ਪਰਿਵਾਰ (ਸਵਰਗਵਾਸੀ) ਸ੍ਰੀ ਪੂਰਨ ਚੰਦ (ਸ਼ਰਬਤੀ), ਬੀਬੀ ਕਰਮਜੀਤ ਕੌਰ (ਸ਼ਰਬਤੀ) ਦੇ ਸਪੁੱਤਰ ਸ੍ਰੀ ਵਿਸ਼ਾਲ ਸ਼ਰਬਤੀ, ਬੀਬੀ ਸੋਨੀਆ ਸ਼ਰਬਤੀ ਵੱਲੋਂ ਆਪਣੇ ਬੱਚੇ ਬੇਟਾ ਵਾਂਕੁਸ਼, ਬੇਟੀ ਵੰਸ਼ਿਕਾ ਸ਼ਰਬਤੀ ਦੀ ਲੋਹੜੀ ਪਾਉਣ ਦੀ ਖੁਸ਼ੀ ਵਿਚ ਗੁਰੂ ਘਰ ਵਿਖੇ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਕਰਵਾਏ ਗਏ, ਉਪਰੰਤ ਗੁਰਬਾਣੀ ਦੇ ਕੀਰਤਨ ਦਰਬਾਰ ਸਜਾਏ ਗਏ, ਜਿਸ ਵਿਚ ਗੁਰੂ ਘਰ ਦੇ ਹੈਡ ਗ੍ਰੰਥੀ ਭਾਈ ਸਾਹਿਬ ਭਾਈ ਗੁਰਦਿਆਲ ਸਿੰਘ ਜੀ (ਸੁਦਾਣੇ ਵਾਲੇ) ਨੇ ਗੁਰਬਾਣੀ ਦਾ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ ਗਿਆ। ਸਟੇਜ ਸੈਕਟਰੀ ਦੀ ਸੇਵਾ ਭਾਈ ਗੁਰਨਾਮ ਸਿੰਘ ਜੀ (ਭੰਡਾਲ) ਨੇ ਵਧੀਆ ਢੰਗ ਨਾਲ ਨਿਭਾਈ। ਗੁਰੂ ਘਰ ਦੇ ਮੁੱਖ ਸੇਵਾਦਾਰ ਸ. ਸ਼ਿੰਗਾਰਾ ਸਿੰਘ ਰੱਲ੍ਹ ਵੱਲੋਂ ਗੁਰਮੁਖ ਪਰਿਵਾਰ ਦਾ ਅਤੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ ਅਤੇ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਵੱਲੋਂ ਗੁਰਮੁਖ ਪਰਿਵਾਰ ਨੂੰ ਗੁਰੂ ਘਰ ਦੀ ਬਖਸ਼ਿਸ਼ ਸਿਰੋਪਾਓ ਨਾਲ ਸਨਮਾਨਿਤ ਕੀਤਾ ਗਿਆ। ਉਪਰੰਤ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ।




















## ਗਦਰੀ ਬਾਬਾ ਬਾਬੂ ਮੰਗੂ ਰਾਮ ਮੁੱਗੋਵਾਲੀਆ ਜੀ ਨੂੰ ਕੋਟਿਨ-ਕੋਟਿ ਪ੍ਰਣਾਮ !!!



ਉੱਘੇ ਮਹਾਨ ਦੇਸ਼ ਭਗਤ ਗਦਰੀ ਬਾਬਾ ਬਾਬੂ ਮੰਗੂ ਰਾਮ ਮੁੱਗੋਵਾਲੀਆ ਜੀ ਦੇ 134ਵੇਂ ਜਨਮ ਦਿਨ ਦੇ ਮੌਕੇ ਸਮੂਹ ਮਾਨਵਤਾ ਪ੍ਰੇਮੀਆਂ ਨੂੰ

**ਲੱਖ - ਲੱਖ ਵਧਾਈਆਂ**



**ਸ਼ਿੰਗਾਰਾ ਸਿੰਘ ਰੱਲ੍ਹ**
ਪ੍ਰਧਾਨ
ਸ੍ਰੀ ਗੁਰੂ ਰਵਿਦਾਸ ਟੈਂਪਲ, ਯੂਬਾ ਸਿਟੀ

# ਗਦਰੀ ਬਾਬਾ ਬਾਬੂ ਮੰਗੂ ਰਾਮ ਮੁੱਗੋਵਾਲੀਆ ਜੀ ਨੂੰ ਕੋਟਿਨ-ਕੋਟਿ ਪ੍ਰਣਾਮ !!!

ਉਘੇ ਮਹਾਨ ਦੇਸ਼ ਭਗਤ ਗਦਰੀ ਬਾਬਾ ਬਾਬੂ ਮੰਗੂ ਰਾਮ ਮੁੱਗੋਵਾਲੀਆ ਜੀ ਦੇ 134ਵੇਂ ਜਨਮ ਦਿਨ ਦੇ ਮੌਕੇ ਸਮੂਹ ਮਾਨਵਤਾ ਪ੍ਰੇਮੀਆਂ ਨੂੰ

## ਲੱਖ - ਲੱਖ ਵਧਾਈਆਂ




ਸੁਦੇਸ ਸਿੰਘ ਅਵਟਾਲ


ਜਸਵੀਰ ਸਿੰਘ ਤੱਖਰ

AAA AUTO AND BODY WORKS

510-755-2132

# CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

## AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH Sign of Excellence

### ਪੰਜਾਬੀ ਭਰਾਵਾਂ ਲਈ ਸੇਲ

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149
ਚਾਈਨੀਜ਼ 749 (ਦੋ ਟਾਇਰ) $749



Call:

530-824-5134

### ਪੁਰਾਣੇ ਟਾਇਰਾਂ ਦੀ ਸੇਲ

ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

LUCAS OIL LUCAS INJECTOR CLEANER $28.99

### NEW & USED TIRES

WASH, LUBE, BRAKES

Call:

650-642-0697

**3525 Highway 99, West Corning, CA 96021**

Across the Street from TA Truck Stop

ਸੋਹੰ

# SHRI GURU RAVIDASS SABHA (CA)

2150 Crestview Drive, Pittsburg CA 94565
Tel : (925) 439-2355

Guru- Piari SadhSangat Ji,
Devoted families are requesting entire Sangat to attend the following functions:

**January 19, 2020 Sukhani Sahib Path and Langer Sewa**
**by Master Bhagwan Dass and Bibi Kashmir Kaur**

Sri Sukhmani Sahib Path and Langar Sewa will be hosted by Master Bhagwan Dass, Bibi Kashmir Kaur and family for Sukh Shanti of their family. May Waheguru bless this dedicated family.

**February 2, 2020**
**Akhand Path and Langar Sewa by Bhai Major Singh and Bibi Pritpal Kaur**

Akhand path will start on Friday 1/31/2020, at 10:00 AM and will be concluded with Bhog ceremony on Sunday morning 02/02/2020. Path and Langar Sewa will be hosted by Bhai Major Singh, Bibi Pritpal Kaur and family for the Charadikala of their family.

**February 7-8-9, 2020 643rd Gurupurb of Sri Guru Ravidass Ji**

Sri Guru Ravidass Sabha CA, Pittsburg will be celebrating the 643rd Parkash Utsav of **SATGURU RAVIDASS JI on Sunday, February 9, 2020 at the temple .**

| | |
|---|---|
| **ARAMBH SHRI AKHAND PATH** | **February 7, 2020 (FRIDAY) 9:30 AM** |
| **BHOG SHRI AKHAND PATH** | **February 9, 2020 (SUNDAY) 9:30 AM** |
| **KIRTAN DIWAN** | **After Bhog Ceremony until 2:00 PM** |

Nishan Sahib Hoisting Ceremony will be held on February 8th 2020 (Saturday) at 11:00 AM.

**For stalls, Langar sewa or any other sewa, please contact President Shinder Paul Narebat at (925) 683-0178, General Secretary Dharam Pal Chonkria at (925)334-2877 or Dilbag Singh at (209)834-4641.**

Gurughar is open every day. Sukhmani Sahib path/ Akhand Path and Langar sewa is hosted by Sangat or some devotee every Sunday, followed by Guru Ka Kirtan. Please come and join us in the Sunday Diwan.

Sangat De Sewadar

| Chairman | President | General Secretary | Treasurer |
|---|---|---|---|
| Jagtar Bhatia | Shinder Paul Narabu | Dharam Pal Chonkria | Vinod Kumar |




# KB USED AUTO SALES



**8655 B Monterey Street Gilroy, CA 95020**

Kashmiri Bhatia,
Dealer/Broker
408-848-2365

50% OFF WARRANTY
with Qualifying Car Purchase

IN HOUSE
FINANCING AVALIABLE
www. kbusedautosales.com

ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ



Kashmiri Bhatia & his wife

# K&K AUTO REPAIR and Car Wash

63 Muckelemi St
San Juan Bautista 95045

Kashmiri Bhatia (Owner)
831-623-4702

20% OFF LABOUR
on your next qualifying service

Car Care You Can Trust

## ਧੀਆਂ ਦੀ ਲੋਹੜੀ ਉਰਫ ਬੇਬੀ ਡੇ 'ਤੇ ਵਿਸ਼ੇਸ਼

# 'ਬੇਟੀ ਬਚਾਓ-ਬੇਟੀ ਪੜ੍ਹਾਓ'



ਪ੍ਰੋ: ਐਚ.ਐਲ.ਕਪੂਰ

ਅਮਰੀਕਾ ਦੀ ਕੈਲੇਫੋਰਨੀਆ ਸਟੇਟ 'ਚ ਇੰਟਰਨੈਸ਼ਨਲ ਸਿੱਖ ਸਾਹਿਤ ਸਭਾ ਤੇ 'ਦਲ ਖਾਲਸਾ ਅਲਾਇੰਸ' ਵੱਲੋਂ 12ਵੀਂ ਧੀਆਂ ਦੀ ਲੋਹੜੀ ਉਰਫ ਬੇਬੀ ਡੇ, ਮੁੰਡੇ ਤੇ ਕੁੜੀਆਂ ਦੋਹਾਂ 'ਚ ਬਰਾਬਰ ਦੀ ਸਨਮਾਨਿਤਾ ਲਿਆਉਣ ਲਈ ਹਰ ਸਾਲ ਮਨਾਇਆ ਜਾਂਦਾ ਹੈ ਤੇ ਇਸ ਸਾਲ ਵੀ ਉਹ ਇਹ ਸਮਾਗਮ 17 ਜਨਵਰੀ, 2016 ਨੂੰ ਮਨਾ ਰਹੇ ਹਨ। ਅੱਜ ਇਹ ਸਮਾਗਮ ਆਪਣਾ ਅੰਤਰ ਰਾਸ਼ਟਰੀ ਰੂਪ ਧਾਰਨ ਕਰ ਚੁੱਕਾ ਹੈ ਤੇ ਹੁਣ ਇਹ ਇਕ ਲੋਕ ਲਹਿਰ ਬਣ ਗਈ ਹੈ। ਪੰਜਾਬ 'ਚ 'ਨੰਨ੍ਹੀ ਛਾਂ' ਲਹਿਰ ਵੀ ਇਸ ਤੋਂ ਬਾਅਦ ਹੀ, ਅਮਰੀਕਾ ਦੀ ਇਸ ਉਕਤ ਲਹਿਰ ਨੂੰ ਦੇਖ ਕੇ ਹੀ ਸ਼ੁਰੂ ਹੋਈ ਸੀ। ਇਸ ਤੋਂ ਉਪਰੰਤ ਭਾਰਤ 'ਚ 'ਸਰਬ-ਸਿੱਖਿਆ ਅਭਿਆਨ' ਤੇ 'ਬੇਟੀ ਬਚਾਓ-ਬੇਟੀ ਪੜ੍ਹਾਓ' ਅਭਿਆਨ ਵੀ ਇਸੇ ਹੀ ਉਕਤ ਆਸੇ ਨੂੰ ਲੈ ਕੇ ਸ਼ੁਰੂ ਕੀਤੇ ਗਏ ਹਨ ਤਾਂ ਕਿ ਕੁੜੀਆਂ ਵੱਧ ਤੋਂ ਵੱਧ ਪੜ੍ਹ ਸਕਣ। ਇਸ ਮਹਾਨ ਉਪਰਾਲੇ ਦਾ ਸਾਰਾ ਸਿਹਰਾ ਇਨ੍ਹਾਂ ਉਕਤ ਸੰਗਠਨਾਂ ਦੇ ਬਾਨੀ ਪ੍ਰਬੰਧਕਾਂ ਨੂੰ ਹੀ ਜਾਂਦਾ ਹੈ, ਇਸ ਲਈ ਉਹ ਧੰਨਵਾਦ ਦੇ ਪਾਤਰ ਹਨ। ਇਸ ਲਈ ਮੈਂ ਆਪਣੇ ਪਾਠਕ ਵੀਰਾਂ-ਭੈਣਾਂ ਨੂੰ ਪੁਰਜ਼ੋਰ ਸ਼ਬਦਾਂ 'ਚ ਬੇਨਤੀ ਕਰਦਾ ਹਾਂ ਕਿ ਇਸ ਲਹਿਰ ਨੂੰ ਵੱਧ ਤੋਂ ਵੱਧ ਸਹਿਯੋਗ ਦੇ ਕੇ ਹੋਰ ਮਜ਼ਬੂਤ ਕੀਤਾ ਜਾਵੇ ਤਾਂ ਜੋ ਲੜਕੀਆਂ ਦੀ ਭਰੂਣ ਹੱਤਿਆ ਰੋਕੀ ਜਾ ਸਕੇ। ਮੈਂ ਆਪਣੇ ਇਸ ਲੇਖ 'ਚ ਔਰਤ ਦੀ ਮਨੁੱਖ ਦੇ ਜੀਵਨ 'ਚ ਕੀ ਮਹਾਨਤਾ ਹੈ, ਔਰਤ ਨੂੰ ਆਪਣੇ ਜੀਵਨ 'ਚ ਕਿਸ ਤਰ੍ਹਾਂ ਦੀਆਂ ਮੁਸੀਬਤਾਂ ਦਾ ਸਾਹਮਣਾ ਕਰਨਾ ਪੈਂਦਾ ਹੈ, ਉਹ ਇਨ੍ਹਾਂ ਮੁਸੀਬਤਾਂ ਤੇ ਉਸ ਨਾਲ ਹੁੰਦੇ ਨਾਬਰਾਬਰੀ ਦੇ ਵਿਤਕਰੇ ਤੋਂ ਕਿਵੇਂ ਨਿਜਾਤ ਪਾ ਸਕਦੀ ਹੈ ਤੇ ਆਪਣਾ ਸਨਮਾਨ ਕਿਵੇਂ ਬਹਾਲ ਕਰ ਸਕਦੀ ਹੈ, ਦਾ ਜ਼ਿਕਰ ਕਰਨ ਦਾ ਯਤਨ ਕੀਤਾ ਹੈ।

ਆਦਿ ਕਾਲ ਤੋਂ ਹੀ ਔਰਤ ਆਪਣੇ ਸਵੈਮਾਣ ਲਈ ਤੇ ਆਪਣੀ ਹੋਂਦ ਭਾਵ ਹਸਤੀ ਨੂੰ ਕਾਇਮ ਰੱਖਣ ਲਈ ਸੰਘਰਸ਼ ਕਰ ਰਹੀ ਹੈ। ਆਦਮੀ ਨੇ ਮੁੱਢ-ਕਦੀਮ ਤੋਂ ਔਰਤ ਨੂੰ ਆਪਣੇ ਨਿਸ਼ਾਨੇ 'ਤੇ ਰੱਖਿਆ ਹੈ ਤੇ ਉਸ ਨੂੰ ਹਮੇਸ਼ਾ ਹੀ ਦਬਾਅ ਕੇ ਰੱਖਣ ਦੀ ਕੋਸ਼ਿਸ਼ ਕੀਤੀ ਹੈ। ਉਹ ਭਾਵੇਂ ਆਰਥਿਕ ਤੌਰ 'ਤੇ ਤਕੜੀ ਹੋਵੇ ਜਾਂ ਕਮਜ਼ੋਰ, ਸੁਤੰਤਰ ਹੋਵੇ ਜਾਂ ਗੁਲਾਮ, ਪੜ੍ਹੀ ਲਿਖੀ ਹੋਵੇ ਜਾਂ ਅਨਪੜ੍ਹ, ਇਕ ਹੇਠਲੇ ਪੱਧਰ ਦੀ ਮਜ਼ਦੂਰ ਹੋਵੇ ਜਾਂ ਦੇਸ਼ ਦੇ ਉੱਚੇ ਤੋਂ ਉੱਚੇ ਅਹੁਦੇ 'ਤੇ ਬਿਰਾਜਮਾਨ, ਉਹ ਆਸਤਕ ਹੋਵੇ ਲਾਂ ਨਾਸਤਕ, ਧੰਨਵਾਦ ਹੋਵੇ ਜਾਂ ਨਿਰਧਨ, ਆਮ ਤੌਰ 'ਤੇ ਉਹ ਮਰਦ ਪ੍ਰਧਾਨ ਸਮਾਜ ਵਿਚ ਆਪਣਾ ਜੀਵਨ ਬਤੀਤ ਕਰਦਿਆਂ ਆਪਣੇ ਵਿਅੱਕਤਿੱਤਵ ਦੀ ਸਹੀ ਕੀਮਤ ਨਹੀਂ ਪੁਆ ਸਕਦੀ। ਇਹ ਸਾਡੇ ਮਰਦ ਪ੍ਰਧਾਨ ਸਮਾਜ ਦੀ ਬੜੀ ਵੱਡੀ ਤ੍ਰਾਸਦੀ ਹੈ। ਵੈਸੇ ਵੀ ਇਹ ਨਜ਼ਰੀਆ ਸਾਨੂੰ ਦੁਨੀਆਂ ਦੇ ਹਰ ਦੇਸ਼ ਅੰਦਰ ਕਿਸੇ ਨਾ ਕਿਸੇ ਰੂਪ ਵਿਚ ਨਜ਼ਰ ਆ ਹੀ ਜਾਂਦਾ ਹੈ। ਅਸੀਂ ਆਪਣੇ ਜਾਂ ਦੁਨੀਆਂ ਦੇ ਇਤਿਹਾਸ ਵੱਲ ਜਦੋਂ ਨਜ਼ਰ ਮਾਰਦੇ ਹਾਂ ਤਾਂ ਸਾਨੂੰ ਆਪਣੇ ਜੀਵਨ ਦੇ ਹਰ ਪਹਿਲੂ ਵਿਚੋਂ, ਅਧਿਐਨ ਕਰਨ ਨਾਲ ਇਹ ਗੱਲ ਸਪਸ਼ਟ ਨਜ਼ਰ ਆਉਂਦੀ ਹੈ ਕਿ ਔਰਤ ਹਮੇਸ਼ਾਂ ਵਾਦ-ਵਿਵਾਦ ਦੇ ਘੇਰੇ 'ਚ ਰਹੀ ਹੈ। ਅਣਵਿਗਿਆਨਕ ਸੋਚ ਤੇ ਤਰਕਹੀਣ ਆਦਮੀ ਆਪਣੇ ਜੀਵਨ ਦੀ ਹਰ ਅਸਫਲਤਾ ਭਾਵੇਂ ਉਹ ਕਿਸੇ ਵੀ ਖੇਤਰ ਦੀ ਹੋਵੇ, ਉਸ ਨੂੰ ਔਰਤ ਹੀ ਆਪਣੀ ਅਸਫਲਤਾ ਦਾ ਕਾਰਨ ਨਜ਼ਰ ਆਉਂਦੀ ਹੈ। ਉਹ ਔਰਤ ਨੂੰ ਭੈੜੇ ਤੋਂ ਭੈੜੇ ਵਿਸ਼ੇਸ਼ਣਾਂ ਤੇ ਅਲੰਕਾਰਾਂ ਨਾਲ ਨਿਵਾਜਦਾ ਰਿਹਾ ਹੈ, ਜਿਵੇਂ: ਇਹ ਪੈਰ ਦੀ ਜੁੱਤੀ ਹੈ, ਇਸ ਦੀ ਗੁੱਤ ਪਿੱਛੇ ਮੱਤ ਹੈ, ਇਹ ਨਰਕ ਦਾ ਦਰਵਾਜਾ ਹੈ, ਮਰਦ ਦੀ ਤਰੱਕੀ 'ਚ ਅੜਿੱਕਾ ਹੈ, ਬੇਵਫ਼ਾ ਹੈ, ਪਰਾਇਆ ਧਨ ਹੈ, ਅਬਲਾ ਹੈ, ਮਨੁੱਖ 'ਤੇ ਇਕ ਬੋਝ ਹੈ, ਇਕ ਬਘਿਆੜਨ, ਸੱਪਨੀ ਤੇ ਡੈਣ ਹੈ ਆਦਿਕ। ਔਰਤ ਪ੍ਰਤੀ ਇਹ ਧਾਰਨਾ ਸਿਰਫ ਭਾਰਤ 'ਚ ਹੀ ਨਹੀਂ ਸਗੋਂ ਦੁਨੀਆਂ ਦੇ ਵਿਕਸਤ ਦੇਸ਼ਾਂ ਵਿਚ ਵੀ ਇਹ ਦੇਖਣ ਨੂੰ ਮਿਲਦੀ ਹੈ। ਅੰਗਰੇਜ਼ੀ ਸਾਹਿਤ ਦਾ ਸੰਸਾਰ ਪ੍ਰਸਿੱਧ ਨਾਟਕਕਾਰ ਵਿਲੀਅਮ ਸ਼ੇਕਸਪੀਅਰ ਔਰਤ ਨੂੰ, 'ਕਮਜ਼ੋਰੀ ਦਾ ਦੂਸਰਾ ਨਾਮ ਦਿੰਦਾ ਹੈ।' ਬਨਰਜ ਔਰਤ ਪ੍ਰਤੀ ਕਹਿੰਦਾ ਹੈ, "ਸ਼ੈਤਾਨ ਹੀ ਉਸ 'ਤੇ ਰਾਜ ਕਰਦਾ ਹੈ।" ਨਿਤਜਸਚ ਔਰਤ ਨੂੰ, 'ਰੱਬ ਦੀ ਦੂਸਰੀ ਗਲਤੀ ਮੰਨਦਾ ਹੈ।' ਆਮ ਅਤੇ ਸਮੂਹਿਕ ਵਿਚਾਰਧਾਰਾ ਔਰਤ ਪ੍ਰਤੀ ਇਹੀ ਧਾਰਨਾ ਰੱਖਦੀ ਹੈ।

ਹਰ ਸਾਲ ਜਦੋਂ ਔਰਤ ਦਾ ਕੌਮੀ ਜਾਂ ਕੌਮਾਂਤਰੀ ਦਿਵਸ ਮਨਾਇਆ ਜਾਂਦਾ ਹੈ ਤਾਂ ਸਾਡੇ ਦੇਸ਼ ਵਿਚ ਹੀ ਨਹੀਂ, ਦੁਨੀਆਂ ਭਰ ਦੇ ਸਾਰੇ ਦੇਸ਼ਾਂ ਵਿਚ ਔਰਤ ਪ੍ਰਤੀ ਬੜੇ ਉੱਚੇ-ਉੱਚੇ ਦਮਗਜੇ ਮਾਰੇ ਜਾਂਦੇ ਹਨ, ਵੱਡੇ-ਵੱਡੇ ਭਾਸ਼ਣ ਦਿੱਤੇ ਜਾਂਦੇ ਹਨ, ਦੂਰਦਰਸ਼ਨ ਤੇ ਰੇਡੀਓ 'ਤੇ ਸਮਾਂ ਲੈ ਕੇ ਔਰਤ ਦੇ ਦਿਨ-ਦਿਹਾਰ ਨੂੰ ਮਨਾਉਣ ਦੇ ਬਹਾਨੇ ਨਾਲ, ਸਾਡੇ ਰਾਜਨੀਤਿਕ ਲੋਕ ਤੇ ਸਮਾਜ ਦੇ ਹੋਰ ਕਈ ਵਰਗਾਂ ਦੇ ਲੋਕ ਔਰਤ ਦੇ ਸਵੈਮਾਣ ਤੇ ਉਸ ਦੀ ਹੋਂਦ ਦੀਆਂ ਵੱਡੀਆਂ-ਵੱਡੀਆਂ ਗੱਲਾਂ ਕਰਕੇ ਔਰਤ ਵਰਗ ਦੀ ਹਮਦਰਦੀ ਹਾਸਲ ਕਰਨ ਦੇ ਯਤਨ ਕਰਦੇ ਹਨ। ਇਸ ਤਰ੍ਹਾਂ ਇਹ ਔਰਤ ਪ੍ਰਤੀ ਮਨਾਇਆ ਜਾਂਦਾ ਕੌਮੀ ਤੇ ਕੌਮਾਂਤਰੀ ਦਿਵਸ ਵੀ ਆਮ ਦਿਨਾਂ ਵਾਂਗ ਲੰਘ ਜਾਂਦਾ ਹੈ। ਔਰਤ ਨੂੰ ਆ ਰਹੀਆਂ ਮੁਸ਼ਕਿਲਾਂ ਤੇ ਨਿਰਾਸ਼ਾਜਨਕ ਹੋਈ ਜਾ ਰਹੇ ਹਨ। ਗੱਲ ਕੀ 'ਪੰਚਾਂ ਦਾ ਕਹਿਣਾ ਸਿਰ ਮੱਥੇ, ਪਰਨਾਲਾ ਉਥੇ ਦਾ ਉਥੇ' ਵਾਲੀ ਗੱਲ ਹੀ ਰਹਿੰਦੀ ਹੈ।

ਔਰਤ ਜਨਮ ਤੋਂ ਹੀ ਵਿਤਕਰੇ ਦਾ ਸ਼ਿਕਾਰ ਹੋ ਜਾਂਦੀ ਹੈ। ਘਰ ਅਤੇ ਸਮਾਜ ਵਿਚ ਉਸਦਾ ਸਥਾਨ ਮਰਦ ਨਾਲੋਂ ਕਿਤੇ ਨੀਵਾਂ ਮੰਨਿਆ ਜਾਂਦਾ ਹੈ। ਉਸ ਦਾ ਪਾਲਣ-ਪੋਸ਼ਣ ਇਸ ਤਰੀਕੇ ਨਾਲ ਕੀਤਾ ਜਾਂਦਾ ਹੈ ਕਿ ਉਸ ਦੇ ਮਨ ਅੰਦਰ ਸੁਤੰਤਰ ਰਾਹ ਤੇ ਤੁਰਨ ਦੀ ਲਾਲਸਾ ਨਾ ਜਾਗੇ। ਪੰਜਾਬੀ ਦੀ ਮਹਾਨ ਲੇਖਿਕਾ ਅਜੀਤ ਕੌਰ ਨੇ ਔਰਤ ਦੀ ਇਸ ਵੇਦਨਾ ਨੂੰ ਤੇ ਔਰਤ ਦੇ ਦੁਖਾਂਤ ਨੂੰ ਆਪਣੀਆਂ ਰਚਨਾਵਾਂ ਵਿਚ ਵਿਸ਼ੇਸ਼ ਸਥਾਨ ਦਿੱਤਾ ਹੈ ਅਤੇ ਆਦਮੀ ਨੂੰ ਆਪਣੀ ਮਾਨਸਿਕਤਾ ਨੂੰ ਬਦਲਣ ਲਈ ਨਸੀਹਤ ਦਿੱਤੀ ਹੈ ਤੇ ਨਾਲ ਹੀ ਔਰਤ ਨੂੰ ਆਪਣੀ ਹੋਂਦ ਨੂੰ ਕਾਇਮ ਰੱਖਣ ਲਈ ਪ੍ਰਗਤੀਸ਼ੀਲ ਬਣੇ ਰਹਿਣ ਤੇ ਸੁਤੰਤਰ ਸੋਚ ਰੱਖਣ ਦੀ ਨਸੀਹਤ ਵੀ ਦਿੱਤੀ ਹੈ ਤਾਂ ਜੋ ਮਰਦ ਦੇ ਗਰੂਰ ਨੂੰ ਕਿ 'ਮੈਂ ਮਰਦ ਹਾਂ ਤੇ ਸਭ ਕੁਝ ਕਰ ਸਕਦਾ ਹਾਂ' ਨੂੰ ਤੋੜਿਆ ਜਾ ਸਕੇ।

ਮਰਦ ਦੀ ਨਕਾਰਆਤਮਕ ਸੋਚ ਦੀਆਂ ਜੜ੍ਹਾਂ ਸਾਡੇ ਸਮਾਜ ਵਿਚ ਬਹੁਤ ਡੂੰਘੀਆਂ ਲੱਗੀਆਂ ਹੋਈਆਂ ਹਨ। ਔਰਤ ਅਤੇ ਮਰਦ ਲਈ ਦੋ ਵੱਖਰੀ ਕਿਸਮ ਦੇ ਇਖਲਾਕੀ ਕਾਨੂੰਨ ਹਨ, ਦੋ ਵੱਖਰੀ ਕਿਸਮ ਦੀਆਂ ਇਖਲਾਕੀ ਕਦਰਾਂ ਕੀਮਤਾਂ ਹਨ, ਜਿਹਨਾਂ ਤਹਿਤ ਔਰਤ ਦੀ ਹਰ ਗੱਲ ਦਾ ਫੈਸਲਾ ਮਰਦ ਨੇ ਕਰਨਾ ਹੁੰਦਾ ਹੈ। ਮਰਦ ਪ੍ਰਧਾਨ ਸਮਾਜ ਦੀ ਹਮੇਸ਼ਾ ਇਹੀ ਨੀਤੀ ਰਹੀ ਹੈ ਕਿ ਇਸਤਰੀ ਦੇ ਸੁਭਾਅ ਨੂੰ ਆਪਣੇ ਸੁਆਰਥ ਅਨੁਸਾਰ ਢਾਲਿਆ ਜਾਵੇ। ਅਸਲ ਵਿਚ ਭਾਰਤੀ ਸਮਾਜ ਅੰਦਰ ਔਰਤ ਲਈ ਥਾਂ-ਥਾਂ ਤੇ ਬੰਦਸ਼ਾਂ ਤੇ ਅੜਿੱਕੇ ਹਨ। ਜਦੋਂ ਉਹ ਰੋਂਦੀ ਹੈ ਤਾਂ ਕਹਿੰਦੇ ਹਨ ਕਿ ਇਹ ਚਲਿੱਤਰ ਕਰਦੀ ਹੈ। ਸਭ ਤੋਂ ਵੱਧ ਕੇ ਬਲਾਤਕਾਰ ਦੀ ਤਲਵਾਰ ਹਰ ਵੇਲੇ ਔਰਤ ਦੇ ਸਿਰ 'ਤੇ ਲਟਕਦੀ ਰਹਿੰਦੀ ਹੈ। ਔਰਤ ਦੇ ਹੋ ਰਹੇ ਸ਼ੋਸ਼ਣ ਸਬੰਧੀ ਪ੍ਰਸਿੱਧ ਲੇਖਿਕਾ ਸ਼੍ਰੀਮਤੀ ਦਲੀਪ ਕੌਰ ਟਿਵਾਣਾ ਦਾ ਕਹਿਣਾ ਹੈ ਕਿ, ਕਾਰੋਬਾਰੀ ਥਾਂਵਾਂ ਉਤੇ ਔਰਤ ਦਾ ਸ਼ੋਸ਼ਣ ਹਰੇਕ ਪੱਧਰ 'ਤੇ ਹੋ ਰਿਹਾ ਹੈ। ਕੁਝ ਨੌਕਰੀ ਪ੍ਰਾਪਤ ਕਰਨ ਲਈ ਤੇ ਕੁਝ ਨੂੰ ਆਪਣੀ ਨੌਕਰੀ ਬਚਾਉਣ ਲਈ ਗਲਤ ਕੰਮ ਕਰਨੇ ਪੈਂਦੇ ਹਨ। ਦੂਜਾ ਔਰਤ ਭਾਵੇਂ ਕੰਮਕਾਜੀ ਹੋਵੇ ਜਾਂ ਘਰੇਲੂ ਤਸ਼ੱਦਦ ਤੇ ਸ਼ੋਸ਼ਣ ਹਰ ਜਗ੍ਹਾ ਹੈ। ਜੇ ਉਹ ਆਪਣੇ ਪਤੀ ਦੀ ਕਿਸੇ ਗੱਲ ਦਾ ਵਿਰੋਧ ਕਰਦੀ ਹਾਂ ਪਤੀ ਵਿੰਗ-ਵਲ ਕੱਢਣ ਲਈ ਡੰਡੋਰਕਾ ਚੁੱਕ ਕੇ ਇਕ ਲੋਕ ਗੀਤ ਦੀ ਜਵਾਨੀ ਲਲਕਾਰਦਾ ਹੈ, 'ਕਰਦੂੰ ਗਜ਼ ਵਰਗੀ, ਜੇ ਮੁੜ ਕੇ ਜਵਾਨ ਖੋਲੀ।"



ਅਸਲੀਅਤ ਤਾਂ ਇਹ ਹੈ ਕਿ ਸਾਡੇ ਦੇਸ਼ ਦੀ ਹਰ ਔਰਤ ਦਾ ਮਸਤਕ ਖੋਟਾ ਹੈ, ਅਜਿਹੇ ਮੁਸ਼ਕਿਲਾਂ ਭਰੇ ਹਾਲਾਤ ਨਾਲ ਜੂਝ ਰਹੀ ਔਰਤ, ਅਕਸਰ ਆਪਣੇ ਦਰਦ ਨੂੰ ਇਕ ਟੱਸ-ਟੱਸ ਕਰਦੇ ਫੋੜੇ ਵਾਂਗੂੰ ਗੰਢ ਦੇ ਕੇ ਰੱਖਦੀ ਹੈ ਜਿਵੇਂ ਇਹ ਜ਼ਖਮੀ ਹੋਇਆ ਕਬੂਤਰ ਆਪਣੇ ਜ਼ਖ਼ਮਾਂ ਨੂੰ ਆਪਣੇ ਖੰਭਾਂ ਹੇਠ ਛੁਪਾਅ ਰੱਖਦਾ ਹੈ। ਇਸ ਤਰ੍ਹਾਂ ਔਰਤ ਆਪਣੇ ਦਿਲ ਵਿਚ ਕਿੰਨੇ ਹੀ ਦਰਦ ਛੁਪਾਈ ਰੱਖਦੀ ਹੈ। ਔਰਤ ਵਿਆਹ ਤੋਂ ਪਹਿਲਾਂ ਵੀ ਜ਼ੰਜੀਰਾਂ ਵਿਚ ਜਕੜੀ ਹੋਈ ਹੈ ਤੇ ਵਿਆਹ ਤੋਂ ਬਾਅਦ ਵੀ। ਪੰਜਾਬੀ ਸਾਹਿਤ ਦਾ ਮਸ਼ਹੂਰ ਸ਼ਾਇਰ ਸੁਰਜੀਤ ਪਾਤਰ ਔਰਤ ਦੇ ਦੁਖਾਂਤ ਨੂੰ ਆਪਣੀ ਕਵਿਤਾ ਵਿਚ ਇੰਝ ਬਿਆਨ ਕਰਦਾ ਹੈ:-

ਇਕ ਕੈਦ 'ਚੋਂ ਦੂਜੀ ਕੈਦ ਵਿਚ ਪਹੁੰਚ ਗਈ ਹੈ,
ਕੀ ਖੱਟਿਆ ਵਟਣਾ ਮਲ ਕੇ, ਮਹਿੰਦੀ ਲਾ ਕੇ।

ਇਹ ਸਵੈ ਅਭਿਮਾਨੀ ਮਨੁੱਖ ਜੋ ਆਪਣੇ ਆਪ ਨੂੰ ਇਕ ਸੁਤੰਤਰ ਹੋਂਦ ਰੱਖਣ ਦਾ ਭਰਮ ਪਾਲੀ ਬੈਠਾ ਹੈ ਤੇ ਬੜੇ ਫਖਰ ਨਾਲ ਆਖਦਾ ਹੈ ਕਿ, ਮੈਂ ਕਿਸੇ ਤੋਂ ਡਰਦਾ ਨਹੀਂ ਹਾਂ ਤੇ ਨਾਂ ਹੀ ਉਹ ਮਹਾਂਪੁਰਸ਼ਾਂ ਦੇ ਦਿੱਤੇ ਗਏ ਉਪਦੇਸ਼ਾਂ ਦੀ ਪਾਲਣਾ ਵੀ ਨਹੀਂ ਕਰਦਾ ਹੈ। ਸਾਡੇ ਸ਼ਾਸਤਰਾਂ ਅਨੁਸਾਰ ਔਰਤ ਤੇ ਮਰਦ ਇਸ ਜੀਵਨ ਰੂਪੀ ਗੱਡੀ ਦੇ ਦੋ ਪਹੀਏ ਹਨ ਜੋ ਦੋਵੇਂ ਬਰਾਬਰ ਦੀ ਤਾਕਤ ਤੇ ਅਧਿਕਾਰ ਰੱਖਦੇ ਹਨ, ਜਿਹਨਾਂ ਨਾਲ ਜੀਵਨ ਦਾ ਸਾਂਵਾਪਣ ਬਣਿਆ ਰਹਿੰਦਾ ਹੈ, ਜੇਕਰ ਇਕ ਪਹੀਏ ਵਿਚ ਕੋਈ ਕੁਦਰਤੀ ਜਾਂ ਗੈਰ ਕੁਦਰਤੀ ਵਿਗਾੜ ਪੈ ਜਾਵੇ ਤਾਂ ਜੀਵਨ ਰੂਪੀ ਚੱਲਦੀ ਗੱਡੀ ਵਿਚ ਅਸਾਵਾਪਣ ਆ ਜਾਂਦਾ ਹੈ ਪਰ ਇਸ ਜੀਵਨ ਰੂਪੀ ਗੱਡੀ ਵਿਚ ਮਰਦ ਵੱਲੋਂ ਔਰਤ ਨੂੰ ਕਦੀ ਵੀ ਬਰਾਬਰ ਦਾ ਅੱਧ ਨਹੀਂ ਸਮਝਿਆ ਗਿਆ ਪਰ ਇਹ ਮਨੁੱਖ ਲਈ ਬੜੇ ਦੁੱਖ ਤੇ ਸ਼ਰਮ ਦੀ ਗੱਲ ਹੈ।

ਅੱਜ ਅਸੀਂ ਭਾਵੇਂ 'ਕੌਮਾਂਤਰੀ ਜਾਂ ਕੌਮੀ ਮਹਿਲਾ ਦਿਵਸ' ਮੌਕੇ ਤੇ ਕੀਤੇ ਗਏ ਸਮਾਗਮਾਂ ਤੇ ਔਰਤਾਂ ਦੇ ਹੱਕਾਂ ਲਈ ਲਾਏ ਗਏ ਵੱਡੇ-ਵੱਡੇ ਨਾਹਰਿਆਂ ਤੇ ਭਾਸ਼ਣਾਂ ਤੇ ਮਾਣ ਕਰੀਏ ਤੇ ਨਾਲ ਹੀ ਸੱਤਾ ਤੇ ਮਹੱਤਵਪੂਰਨ ਅਹੁਦਿਆਂ ਤੇ ਬਿਰਾਜਮਾਨ ਔਰਤਾਂ ਨੂੰ ਸਨਮਾਨ ਦੇ ਕੇ ਫਖਰ ਮਹਿਸੂਸ ਕਰੀਏ ਪਰ ਇਕ ਕੌੜਾ ਸੱਚ ਇਹ ਵੀ ਹੈ ਕਿ ਦੇਸ਼ ਵਿਚ ਅਜੇ ਵੀ ਕਰੋੜਾਂ ਔਰਤਾਂ ਨੂੰ ਅਨੇਕਾਂ ਮੁਸੀਬਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। 'ਕਬਾਇਲੀ ਖੋਜ ਅਤੇ ਸਭਿਆਚਾਰਕ ਫਾਊਂਡੇਸ਼ਨ' ਵੱਲੋਂ ਕਰਵਾਏ ਗਏ ਸਰਵੇਖਣ ਨੇ ਜੰਮੂ-ਕਸ਼ਮੀਰ ਵਿਚ ਗੁੱਜਰ ਔਰਤਾਂ ਬਾਰੇ ਨਿਰਾਸ਼ਾਜਨਕ ਤੱਥ ਸਾਹਮਣੇ ਲਿਆਂਦੇ ਹਨ। ਭਾਵੇਂ ਇਸ ਦਾ ਦੋਸ਼ ਗਰੀਬੀ, ਅਨਪੜ੍ਹਤਾ, ਮਾੜਾ ਜੀਵਨ ਢੰਗ, ਜਲਦ ਵਿਆਹ, ਵਹਿਮ-ਭਰਮ, ਰਵਾਇਤੀ ਅਣਦੇਖੀ ਜਾਂ ਭਲਾਈ ਸਕੀਮਾਂ ਬਾਰੇ ਜਾਗਰੂਪਤਾ ਦੀ ਘਾਟ ਨੂੰ ਵੇਖੀਏ ਪਰ ਸੱਚ ਤਾਂ ਇਹ ਹੈ ਕਿ ਇਨ੍ਹਾਂ ਔਰਤਾਂ ਨੂੰ ਸਮਾਜਿਕ-ਰਾਜਨੀਤਿਕ ਖੇਤਰ ਵਿਚ ਘੱਟ ਪ੍ਰਤੀਨਿਧਤਾ ਮਿਲਦੀ ਹੈ। ਉਹਨਾਂ ਦੀ ਸ਼ਮੂਲੀਅਤ ਨਾ ਕੇਵਲ ਸੂਬੇ ਦੀ ਨੀਤੀ ਨਿਰਮਾਣ ਢਾਂਚੇ ਵਿਚ ਹੀ ਨਾਮਾਤਰ ਹੈ, ਸਗੋਂ ਗੁੱਜਰ ਮਾਮਲਿਆਂ ਲਈ ਕੰਮ ਕਰ ਰਹੇ ਇਕ ਮਾਤਰ ਮਹਿਕਮੇ ਵਿਚ ਵੀ ਉਹ ਪ੍ਰਤੱਖ ਤੌਰ ਤੇ ਗੈਰ ਹਾਜ਼ਰ ਹਨ।

ਅਗਰ ਸਮੁੱਚੇ ਭਾਰਤ ਵਿਚ ਔਰਤ ਦੀ ਦਸ਼ਾ ਤੇ ਝਾਤ ਮਾਰੀਏ ਤਾਂ ਇਸ ਦੇ ਨਤੀਜੇ ਬੜੇ ਹੈਰਾਨੀਜਨਕ ਸਾਡੇ ਸਾਹਮਣੇ ਆਉਂਦੇ ਹਨ, ਭਾਵੇਂ ਜੰਮੂ-ਕਸ਼ਮੀਰ ਦੀਆਂ ਔਰਤਾਂ ਦੇ ਸਰਵੇ ਦੀ ਗੱਲ ਹੋਵੇ ਜਾਂ ਹੋਰ ਸੂਬਿਆਂ ਦੀ ਗੱਲ ਹੋਵੇ, ਵੱਡੀ ਗਿਣਤੀ ਵਿਚ ਲੜਕੀਆਂ ਸਕੂਲਾਂ ਵਿਚ ਪੜ੍ਹਾਈ ਲਈ ਨਹੀਂ ਜਾਂ-ਦੀਆਂ। ਜਿਨ੍ਹਾਂ ਕੁਝ ਲੜਕੀਆਂ ਨੂੰ ਸਕੂਲਾਂ ਵਿਚ ਦਾਖਲਾ ਮਿਲ ਵੀ ਜਾਂਦਾ ਹੈ, ਉਹ ਆਪਣੀਆਂ ਘਰੇਲੂ ਮਜਬੂਰੀਆਂ ਤੇ ਆਰਥਿਕ ਤੰਗੀਆਂ ਕਾਰਨ ਆਪਣੀ ਪੜ੍ਹਾਈ ਜਾਰੀ ਨਹੀਂ ਰੱਖ ਸਕਦੀਆਂ। ਇਸੇ ਮੁੱਖ ਕਾਰਨ ਕਰਕੇ ਔਰਤਾਂ ਦੀ ਸਾਖਰਤਾ ਦਰ ਰਸਾਤਲ ਵੱਲ ਜਾ ਰਹੀ ਹੈ। ਉਨ੍ਹਾਂ 'ਚੋਂ 70 ਫੀਸਦੀ ਤੋਂ ਜ਼ਿਆਦਾ ਔਰਤਾਂ ਅਨਪੜ੍ਹ ਹਨ। ਹੁਣ ਇਹ ਉਮੀਦ ਕੀਤੀ ਜਾਂਦੀ ਹੈ ਕਿ ਕਾਨੂੰਨੀ ਤੌਰ ਤੇ ਲਾਗੂ ਹੋ ਸਕਣ ਵਾਲਾ 'ਸਿੱਖਿਆ ਦਾ ਅਧਿਕਾਰ' ਔਰਤ ਦੀ ਮਦਦ ਕਰੇਗਾ। ਕੁਝ ਵਰਗਾਂ ਨੂੰ ਕਈ ਪੱਧਰਾਂ 'ਤੇ ਵਿਤਕਰੇ ਦਾ ਸਾਹਮਣਾ ਵੀ ਕਰਨਾ ਪੈ ਰਿਹਾ ਹੈ। ਸਭ ਸੂਬਿਆਂ ਵਿਚ ਅਨੁਸੂਚਿਤ ਜਨ ਜਾਤੀਆਂ ਲਈ ਰਾਖਵੇਂਕਰਨ ਜਿਹੀਆਂ ਹਾਂ-ਪੱਖੀ ਨੀਤੀਆਂ ਪਹਿਲਾਂ ਵੀ ਮੌਜੂਦ ਹਨ ਅਤੇ ਲੋੜ ਤਾਂ ਸਿਰਫ ਜਾਗਰੂਪਤਾ ਮੁਹਿੰਮ ਚਲਾਉਣ ਦੀ ਹੈ। ਭਾਰਤ ਸਰਕਾਰ ਦੇ 'ਸਰਵ-ਸਿੱਖਿਆ ਅਭਿਆਨ' ਦੀ ਨੀਤੀ ਨਾਲ ਮੌਜੂਦਾ ਅਧਿਐਨ ਤੇ ਸਰਵੇਖਣ ਇਹ ਦੱਸਦੇ ਹਨ ਕਿ ਸਮੁੱਚੇ ਭਾਰਤ ਵਰਸ਼ ਵਿਚ ਲੜਕੀਆਂ ਦਾ ਪੜ੍ਹ-ਾਈ ਵੱਲ ਰੁਝਾਨ ਵਧਿਆ ਹੈ ਤੇ ਇਹ ਔਰਤ ਨੂੰ ਸਾਖਰ ਕਰਨ ਵੱਲ ਚੰਗੇ ਸੰਕੇਤ ਹਨ। ਇਸ ਜਾਗਰੂਪਤਾ ਅਭਿਆਨ ਰਾਹੀਂ ਔਰਤ ਪ੍ਰਤੀ ਪ੍ਰੰਪਰਾਗਤ ਨਜ਼ਰੀਏ ਨੂੰ ਬਦਲਣਾ ਚਾਹੀਦਾ ਹੈ ਜੋ ਔਰਤ ਨੂੰ ਸਾਖਰ ਕਰਨ ਦੇ ਰਾਹ ਵਿਚ ਰੋੜਾ ਅਟਕਾਉਂਦਾ ਹੈ। ਔਰਤ ਦਾ ਕਿਸੇ ਕਿਸਮ ਦਾ ਸਸ਼ਕਤੀਕਰਨ ਉਦੋਂ ਤੱਕ ਕੋਈ ਮਾਇਨੇ ਨਹੀਂ ਰੱਖਦਾ ਜਿੰਨਾ ਚਿਰ ਇਹ ਆਮ ਔਰਤਾਂ ਤੱਕ ਨਹੀਂ ਪਹੁੰਚਦਾ ਅਤੇ ਔਰਤਾਂ ਨੂੰ ਬਰਾਬਰ ਦੇ ਮੌਕੇ ਪ੍ਰਦਾਨ ਨਹੀਂ ਕਰਦਾ। ਇਸ ਲਈ ਸਰਕਾਰ ਦਾ ਇਹ ਨਾਅਰਾ 'ਬੇਟੀ ਬਚਾਓ-ਬੇਟੀ ਪੜ੍ਹਾਓ' ਦਾ ਸਨਮਾਨ ਕਰਦਿਆਂ ਸਾਨੂੰ ਆਪਣੀਆਂ ਬੇਟੀਆਂ ਨੂੰ ਵੱਧ ਤੋਂ ਵੱਧ ਪੜ੍ਹਾਉਣਾ ਚਾਹੀਦਾ ਹੈ।

ਪੁਰਾਤਨ ਸ਼ਾਸਤਰ ਮਨੁੱਖੀ ਜੀਵਨ ਦੇ ਜਿੱਥੇ ਔਰਤ ਤੇ ਮਰਦ ਨੂੰ ਦੋ ਪਹੀਏ ਦੱਸਦੇ ਹਨ, ਉਥੇ ਔਰਤ ਦਾ ਨਾਂ ਆਉਂਦਿਆਂ ਹੀ ਮਨੁੱਖ ਦੀ ਹੋਂਦ ਨੂੰ ਸੰਸਾਰ ਵਿਚ ਲਿਆਉਣ ਵਾਲੀ (ਭਾਵ ਮਨੁੱਖ ਦੀ ਜਨਮਦਾਤੀ) ਤਿਆਗ, ਸਹਿਣਸ਼ੀਲਤਾ ਅਤੇ ਬਲੀਦਾਨ ਦੀ ਤਸਵੀਰ ਸਾਡੀ ਚੇਤਨਾ ਦਾ ਆਂਗਣ ਮੱਲ ਲੈਂਦੀ ਹੈ। ਔਰਤ ਦੀ ਮਹਾਨਤਾ ਨੂੰ ਅੱਜ ਤੋਂ ਕੋਈ ਪੰਜ ਸਦੀਆਂ ਤੋਂ ਵੀ ਜ਼ਿਆਦਾ ਸਮਾਂ ਪਹਿਲਾਂ ਗੁਰੂ ਨਾਨਕ ਦੇਵ ਜੀ ਨੇ ਆਪਣੀ ਰਚਨਾ 'ਆਸਾ ਦੀ ਵਾਰ' ਵਿਚ ਇੰਝ ਬਿਆਨ ਕੀਤਾ ਹੈ:

'ਭੰਡ ਮੋਆ ਭੰਡ ਭਾਲੀਐ, ਭੰਡ ਹੋਵੈ ਵਰਦਾਨ,
ਸੋ ਕਿਉ ਮੰਦਾ ਆਖੀਐ ਜਿਤੁ ਜੰਮੈ ਰਾਜਾਨ।

ਭਾਵ ਅਸੀਂ ਉਸ ਔਰਤ ਨੂੰ ਮੰਦਾ ਜਾਂ ਬੁਰਾ ਕਿਉਂ ਆਖਦੇ ਹਾਂ, ਜਿਹੜੀ ਰਾਜੇ ਮਹਾਰਾਜਿਆਂ ਨੂੰ ਜਨਮ ਦਿੰਦੀ ਹੈ। ਇਕ ਵਿਆਹੁਤਾ ਔਰਤ ਦੇ ਮਰਨ ਬਾਅਦ ਅਸੀਂ ਥੋੜ੍ਹੇ ਸਮੇਂ ਲਈ ਵੀ ਸਵਰ ਨਹੀਂ ਕਰ ਸਕਦੇ ਤੇ ਦੂਸਰੇ ਵਿਆਹ ਲਈ ਨਵੀਂ ਔਰਤ ਭਾਲਣੀ ਸ਼ੁਰੂ ਕਰ ਦਿੰਦੇ ਹਾਂ। ਅਕਸਰ ਇਹ ਦੇਖਿਆ ਜਾਂਦਾ ਹੈ ਕਿ ਜਦੋਂ ਕਿਸੇ ਦੀ ਜਵਾਨ ਔਰਤ ਮਰ ਜਾਂਦੀ ਹੈ ਤਾਂ ਲੋਕ ਅਫਸੋਸ ਕਰਨ ਜਾਂਦੇ ਹਨ ਤੇ ਫੂਹੜੀ ਤੇ ਅਫਸੋਸ ਕਰਦੇ ਸਮੇਂ ਹੀ ਆਖੀ ਜਾਣਗੇ ਕਿ ਮਾੜਾ ਹੋਇਆ ਅਜੇ ਤਾਂ ਉਮਰ ਹੀ ਕੀ ਸੀ, ਵਿਚਾਰੀ ਦੇ ਛੋਟੇ-ਛੋਟੇ ਬੱਚੇ ਸਨ, ਉਨ੍ਹਾਂ ਨੂੰ ਕੌਣ ਸੰਭਾਲੇਗਾ, ਚਲੋ ਹੁਣ ਤਾਂ ਤੇਰਾ ਕੋਈ ਨਾ ਕੋਈ ਵਿਆਹ ਦਾ ਜੁਗਾੜ ਕਰਦੇ ਹਾਂ, ਨਾਲੇ ਬੱਚੇ ਸੰਭਾਲੇ ਜਾਣਗੇ ਤੇ ਨਾਲੇ ਕਾਕਾ ਤੇਰੀ ਰੋਟੀ ਪੱਕਦੀ ਹੋ ਜਾਊਗੀ ਆਦਿ-ਆਦਿ ਗੱਲਾਂ ਕਰਦੇ ਹਨ। ਇੱਥੇ ਸੋਚਣ ਵਾਲੀ ਗੱਲ ਇਹ ਹੈ ਕਿ ਅਜੇ ਸੋਗ ਖਤਮ ਨਹੀਂ ਹੋਇਆ ਹੁੰਦਾ ਕਿ ਲੋਕ ਨਵੇਂ ਵਿਆਹ ਲਈ ਔਰਤ ਦੀ ਭਾਲ ਕਰਨ ਦੀ ਗੱਲ ਸ਼ੁਰੂ ਕਰ ਦਿੰਦੇ ਹਨ, ਇਹ ਨਹੀਂ ਸੋਚਦੇ ਕਿ ਅਜੇ ਤਾਂ ਸੋਗ ਵੀ ਖਤਮ ਨਹੀਂ ਹੋਇਆ । ਉਂਝ ਉਨ੍ਹਾਂ ਦਾ ਔਰਤ ਬਿਨਾਂ ਨਾ ਗੁਜ਼ਾਰਾ ਹੁੰਦਾ ਹੈ ਤੇ ਨਾ ਹੀ ਉਹ ਮਨੁੱਖ ਆਪਣਾ ਜੀਵਨ ਪੰਧ ਮੁਕਾਅ ਸਕਦਾ ਹੈ। ਇੱਥੇ ਮਨੁੱਖ ਆਪਣੀ ਮਾਨਸਿਕਤਾ ਬਦਲੇ, ਔਰਤ ਨੂੰ ਮਾਨਤਾ ਤੇ ਸਤਿਕਾਰ ਦੇਵੇ ਤੇ ਉਸ ਨੂੰ ਸਮਾਜਿਕ ਬਰਾਬਰੀ ਦੇਣ ਦੀ ਗੱਲ ਨੂੰ ਆਪਣੇ ਖਾਨੇ ਵਿਚ ਪਾਵੇ ਤੇ ਉਸਦਾ ਰੁਤਬਾ ਬਰਾਬਰ ਸਮਝੇ ਕਿ ਉਹ ਮੇਰੇ ਨਾਲੋਂ ਕਿਸੇ ਗੱਲੋਂ ਵੀ ਘੱਟ ਨਹੀਂ ਹੈ ਸਗੋਂ ਮਨੁੱਖ ਨਾਲੋਂ ਉਹ ਕਿਤੇ ਮਹਾਨ ਹੈ, ਇੰਝ ਕਰਨ ਨਾਲ ਹੀ ਔਰਤ ਦੀ ਹੋਂਦ ਨੂੰ ਸਮਾਜ ਵਿਚ ਮਰਦ ਦੇ ਬਰਾਬਰ ਸਥਾਪਤ ਕੀਤਾ ਜਾ ਸਕਦਾ ਹੈ। ਉਸ ਸਮੇਂ ਗੁਰੂ ਨਾਨਕ ਦੇਵ ਜੀ ਨੇ ਮਨੁੱਖ ਨੂੰ, ਔਰਤ ਦਾ ਸਤਿਕਾਰ ਕਰਨ ਲਈ ਲਲਕਾਰਿਆ ਸੀ ਤੇ ਆਪਣੇ ਹੱਕਾਂ ਦੀ ਖਾਤਰ ਤੜਫਦੀ ਔਰਤ ਦੇ ਹੱਕ ਵਿਚ ਆਪਣੀ ਆਵਾਜ਼ ਬੁਲੰਦ ਕੀਤੀ ਸੀ, ਕਿਉਂਕਿ ਉਸ ਸਮੇਂ ਔਰਤ ਦੀ ਸਮਾਜ ਵਿਚ ਬਹੁਤ ਮੰਦੀ ਹਾਲਤ ਸੀ। ਗੁਰੂ ਜੀ ਨੇ ਇਸੇ ਕ੍ਰਾਂਤੀਕਾਰੀ ਕਦਮ ਨੂੰ ਦੂਸਰੇ ਗੁਰੂ ਸਾਹਿਬਾਨ ਨੇ ਅੱਗੇ ਤੋਰਿਆ। ਗੁਰੂ ਅਮਰਦਾਸ ਜੀ ਨੇ 'ਸਤੀ ਦੀ ਰਸਮ' ਵਿਰੁੱਧ ਆਪਣੀ ਆਵਾਜ਼ ਬੁਲੰਦ ਕੀਤੀ। ਗੁਰੂ ਗੋਬਿੰਦ ਸਿੰਘ ਜੀ ਨੇ ਮਾਤਾ ਸਾਹਿਬ ਕੌਰ ਜੀ ਨੂੰ 'ਖ਼ਾਲਸੇ ਦੀ ਮਾਤਾ' ਹੋਣ ਦਾ ਮਾਣ ਬਖਸ਼ਿਆ। ਇਸ ਤਰ੍ਹਾਂ ਗੁਰੂ ਸਾਹਿਬਾਨ ਨੇ ਸਦੀਆਂ ਤੋਂ ਬੰਦੀ ਬਣਾਈ ਔਰਤ ਨੂੰ ਇਕ ਤਰ੍ਹਾਂ ਨਾਲ ਆਜ਼ਾਦ ਕਰ ਦਿੱਤਾ। ਔਰਤ ਨੂੰ ਬੇਵਫ਼ਾ, ਝੂਠੀ ਤੇ ਧੋਖੇਬਾਜ਼ ਕਹਿਣ ਵਾਲਿਓ! ਜ਼ਰਾ ਆਪਣੇ ਅੰਦਰ ਝਾਤੀ ਮਾਰ ਕੇ ਦੇਖੋ ਕਿ ਤੁਸੀਂ ਕਿੰਨੇ ਕੁ ਸੱਚੇ-ਸੁੱਚੇ ਤੇ ਦੁੱਧ ਧੋਤੇ ਹੋ? ਸੱਚ ਤਾਂ ਇਹ ਹੈ ਕਿ 'ਅਸੀਂ ਤਾਂ ਔਰਤ ਤੋਂ ਜਨਮ ਲੈ ਕੇ ਔਰਤ ਦੇ ਦੇਣਦਾਰ ਹਾਂ। ਜਿਸ ਨੇ ਪਹਿਲਾਂ ਜ਼ਿੰਦਗੀ ਦਿੱਤੀ ਅਤੇ ਫਿਰ ਜਿੰਦਗੀ ਨੂੰ ਜਿਊਣ ਜੋਗਾ ਬਣਾਇਆ।' ਇਸ ਲਈ ਜਿਹਨਾਂ ਕੁਦਰਤ ਦੇ ਬੰਦਿਆਂ ਨੇ ਔਰਤ ਦਾ ਆਦਰਸ਼ ਰੂਪ ਦੇਖ ਲਿਆ ਹੈ, ਉਹ ਇਸ ਦੇ ਪੁਜਾਰੀ ਬਣ ਗਏ ਹਨ।

ਪੰਜਾਬੀ ਦਾ ਮਹਾਨ ਪਿਤਾਮਾ ਨਾਵਲਕਾਰ ਨਾਨਕ ਸਿੰਘ ਆਪਣੇ ਨਾਵਲ 'ਕੱਟੀ ਪਤੰਗ' ਵਿਚ ਔਰਤ ਬਾਰੇ ਆਖਦਾ ਹੈ ਕਿ ਅੱਜ ਸਾਡੇ ਸਮਾਜ ਵਿਚ ਔਰਤ ਦੀ ਹਾਲਤ ਇਕ ਕੱਟੀ ਹੋਈ ਪਤੰਗ ਵਾਂਗ ਹੈ ਜੋ ਬਚਪਨ ਵਿਚ ਮਾਤਾ-ਪਿਤਾ ਦੀ ਗੁਲਾਮੀ, ਵਿਆਹੀ ਜਾਣ ਤੇ ਪਤੀ ਦੀ ਗੁਲਾਮੀ ਤੇ ਬੁੱਢੇ ਹੋ ਜਾਣ ਤੇ ਫਿਰ ਆਪਣੇ ਧੀਆਂ-ਪੁੱਤਰਾਂ ਦੀ ਗੁਲਾਮੀ ਦਾ ਸਾਹਮਣਾ ਕਰਦੀ ਹੈ। ਉਸ ਦੀ ਹਾਲਤ ਇਕ ਕੱਟੀ ਹੋਈ ਪਤੰਗ ਵਾਂਗ ਹੈ ਜਿਸ ਨੂੰ ਕੱਟੀ ਜਾਣ 'ਤੇ ਹਰ ਆਦਮੀ ਲੁੱਟਣ ਲਈ ਦੌੜਦਾ ਹੈ ਤੇ ਉਹ ਲੁੱਟ ਹੋ ਕੇ ਪੁਰਜਾ-ਪੁਰਜਾ ਹੋ ਜਾਂਦੀ ਹੈ। ਪਰ ਇਸ ਦੇ ਉਲਟ ਉਹ ਆਪਣੇ ਅਗਲੇ ਨਾਵਲ 'ਅੱਧ ਖਿੜਿਆ ਫੁੱਲ' ਵਿਚ ਔਰਤ ਦੀ ਮਹਾਨਤਾ ਦੀ ਗੱਲ ਇਸ ਤਰ੍ਹਾਂ ਕਰਦਾ ਹੈ, "ਮੈਂ ਇਸਤਰੀ ਨੂੰ ਏਡੀ ਉੱਚਤਾ, ਏਡੀ ਵਿਲਾਸਤਾ ਕਿਵੇਂ ਪ੍ਰਾਪਤ ਕਰ ਲਈ? ਸਹਿਣਸ਼ੀਲਤਾ ਦੇ ਸੋਮੇ ਤੇਰੇ ਅੰਦਰ, ਮਸਤੀ ਦੀਆਂ ਕਾਂਗਾਂ ਤੇਰੇ ਵਿਚ, ਤਿਆਗ ਦੇ ਅਟੁੱਟ ਪਹਾੜ ਤੇਰੇ ਵਿਚ, ਪਿਆਰ ਦੇ ਅਥਾਹ ਸਮੁੰਦਰ ਤੇਰੇ ਵਿਚ। ਇਹ ਸਭ ਕੁਝ ਹੇ ਇਸਤਰੀ ਤੂੰ ਕਿਵੇਂ ਪ੍ਰਾਪਤ ਕਰ ਲਿਆ?

ਸ਼ਿਵ ਕੁਮਾਰ ਬਟਾਲਵੀ ਔਰਤ ਦੀ ਮਹਾਨਤਾ ਬਾਰੇ ਇੰਝ ਲਿਖਦਾ ਹੈ, "ਗੱਲ ਕੀ ਔਰਤ ਕੁਦਰਤ ਦਾ ਇਕ ਅਜਿਹਾ ਅਦਭੁਤ ਤੇ ਰਹੱਸਮਈ ਕਰਿਸ਼ਮਾ ਹੈ ਜੋ ਆਦਿ ਕਾਲ ਤੋਂ ਹੀ ਸਾਰੇ ਸੰਸਾਰ ਦਾ ਭਾਰ ਚੁੱਕੀ ਫਿਰਦੀ ਹੈ। ਇੰਝ ਜਾਪਦਾ ਹੈ ਜਿਵੇਂ ਧਰਤੀ ਬਲਦ ਦਿਆਂ ਸਿੰਗਾਂ ਤੋਂ ਆਪਣਾ ਸਥਾਨ ਬਦਲ ਕੇ, ਔਰਤ ਦਿਆਂ ਮੋਢਿਆਂ 'ਤੇ ਟਿਕੀ ਹੋਵੇ। ਦੂਜੇ ਬੰਨੇ, ਮਰਦ ਜਨਮ ਤੋਂ ਲੈ ਕੇ ਮਰਨ ਤੱਕ ਹਰ ਕੰਮ ਲਈ ਔਰਤ ਤੇ ਨਿਰਭਰ ਕਰਦਾ ਹੈ। ਕਦੇ ਮਾਂ, ਕਦੇ ਭੈਣ ਤੇ ਕਦੇ ਪਤਨੀ ਦੇ ਰੂਪ ਵਿਚ। ਜ਼ਾਹਿਰ ਹੈ, ਔਰਤ, ਮਰਦ ਨੂੰ ਕੁਦਰਤ ਵੱਲੋਂ ਦਿੱਤੀ ਸਭ ਤੋਂ ਸ੍ਰੇਸ਼ਟ ਸੌਗਾਤ ਹੈ। ਇਸ ਲਈ ਕਿਹਾ ਜਾ ਸਕਦਾ ਹੈ ਕਿ ਔਰਤ ਸੰਸਾਰ ਰੂਪੀ ਬਾਗ ਵਿਚ ਸਭ ਤੋਂ ਉੱਤਮ ਫੁੱਲ ਹੈ। ਇਹ ਸੰਸਾਰ ਕਦੀ ਏਨਾ ਖੂਬਸੂਰਤ ਤੇ ਦਿਲਕਸ਼ ਨਾ ਹੁੰਦਾ ਜੇ ਇਸ ਵਿਚ ਔਰਤ ਨਾ ਹੁੰਦੀ ਕਿਉਂਕਿ ਧਰਤੀ 'ਤੇ ਜੋ ਕੁਝ ਸੋਹਣਾ ਹੈ ਉਸ ਦੇ ਪਿੱਛੇ ਔਰਤ ਅਵੱਸ਼ ਹੈ।"

ਸਮਾਜ ਦੇ ਇਸ ਚਿੱਕੜ ਵਿਚ ਔਰਤ ਰੂਪੀ ਕੰਵਲ ਖਿੜਦੇ ਹਨ। ਸਾਡੇ ਭਾਰਤ ਦੇ ਇਤਿਹਾਸ ਵਿਚ ਝਾਂਸੀ ਦੀ ਰਾਣੀ ਅਤੇ ਮਾਈ ਭਾਗੋ ਨੂੰ ਸ਼ਕਤੀ ਦਾ ਸੰਚਾਰ ਕਰਨ ਦਾ ਆਦਰਸ਼ ਮੰਨਦੇ ਹਨ। ਕਿਰਨ ਬੇਦੀ ਨੂੰ ਇਕ ਪ੍ਰਭਾਵਸ਼ਾਲੀ ਬਲਵਾਨ ਤੇ ਇਕ ਸੁਚਾਰੂ ਪ੍ਰਬੰਧਕਾ, ਪੀ. ਟੀ. ਊਸ਼ਾ ਨੂੰ ਖੇਡ ਮੈਦਾਨ ਦੀ ਝੰਡਾ ਬਰਦਾਰ, ਅੰਮ੍ਰਿਤਾ ਪ੍ਰੀਤਮ, ਡਾ. ਦਲੀਪ ਕੌਰ ਟਿਵਾਣਾ ਤੇ ਲੇਖਿਕਾ ਅਜੀਤ ਕੌਰ ਨੂੰ ਸਾਹਿਤ ਦੀ ਵਿਲੱਖਣ ਹਸਤਾਖਰ, ਕਲਪਨਾ ਚਾਵਲਾ ਸਪੇਸ ਦੀ ਪਹਿਲੀ ਰਾਣੀ, ਲਤਾ ਮੰਗੇਸ਼ਕਰ ਨੂੰ ਸੁਰੀਲੀ ਆਵਾਜ਼ ਦੇ ਸੂਰਜ ਦਾ ਪ੍ਰਤੀਨਿਧ ਰੂਪ ਸਮਝਦੇ ਹਾਂ। ਭਾਵੇਂ ਇਹ ਬਹੁਤ ਥੋੜ੍ਹੇ ਗਿਣੇ-ਚੁਣੇ ਨਾਮ ਹੀ ਹਨ ਪਰ ਔਰਤ ਜਾਤੀ ਲਈ ਵੱਖ-ਵੱਖ ਖੇਤਰਾਂ ਦੇ ਆਦਰਸ਼ ਅਤੇ ਮੀਲ ਪੱਥਰ ਹਨ। ਇਹਨਾਂ ਦਾ ਜੀਵਨ ਅਤੇ ਪ੍ਰਾਪਤੀਆਂ ਅਬਲਾ ਨੂੰ ਸਬਲਾ ਤੇ ਨਿਰਬਲ ਨੂੰ ਬਲਵਾਨ ਬਣਨ ਦੀ ਪ੍ਰੇਰਨਾ ਦਿੰਦੀਆਂ ਹਨ।

ਜੀਵਨ ਦਾ ਤਜਰਬਾ ਦੱਸਦਾ ਹੈ ਕਿ ਹਰ ਕਾਮਯਾਬ ਇਨਸਾਨ ਦੇ ਪਿੱਛੇ ਇਕ ਔਰਤ ਦਾ ਹੱਥ ਹੁੰਦਾ ਹੈ। ਉਹ ਔਰਤ ਆਮ ਤੌਰ 'ਤੇ ਇਕ ਮਾਂ ਜਾਂ ਪਤਨੀ ਹੁੰਦੀ ਹੈ। ਮਹਾਂਭਾਰਤ ਵਿਚ ਜ਼ਿਕਰ ਆਉਂਦਾ ਹੈ, "ਮਰਦ ਦਾ ਨਾਰੀ ਦੇ ਸਮਾਨ ਕੋਈ ਦੋਸਤ ਨਹੀਂ ਹੈ।" ਇਸ ਲਈ ਪਤੀ ਨੂੰ ਆਪਣੀ ਪਤਨੀ ਨਾਲ ਇਕ ਦੋਸਤ ਦੀ ਤਰ੍ਹਾਂ ਪਿਆਰ ਤੇ ਸਤਿਕਾਰ ਨਾਲ ਪੇਸ਼ ਆਉਣਾ ਚਾਹੀਦਾ ਹੈ। ਇਸ ਸਬੰਧ ਵਿਚ ਪਾਦਰੀ ਧਿਊਡਰ ਹੈਮਵਰਗ ਦਾ ਇਹ ਕਥਨ ਕਾਬਲ-ਏ-ਗੌਰ ਹੈ: "ਇਕ ਪਿਤਾ ਆਪਣੇ ਬੱਚਿਆਂ ਲਈ ਸਭ ਤੋਂ ਮਹੱਤਵਪੂਰਨ ਜੋ ਕੰਮ ਕਰ ਸਕਦਾ ਹੈ, ਉਹ ਹੈ ਉਨ੍ਹਾਂ ਦੀ ਮਾਂ ਨਾਲ ਅਥਾਹ ਪਿਆਰ।" ਕਬੀਰ ਦਾਸ ਜੀ ਦਾ ਨਿਮਨ-ਲਿਖਤ ਦੋਹਾ ਔਰਤ ਦੀ ਵੇਦਨਾ ਬੜੇ ਸਪਸ਼ਟ ਰੂਪ ਵਿਚ ਪ੍ਰਗਟ ਕਰਦਾ ਹੈ:-

"ਵਾਹ! ਵਾਹ! ਰੇ ਅਬਲਾ ਨਾਰੀ।
ਤੇਰੇ ਆਂਚਲ ਮੇਂ ਹੈ ਦੂਧ ਆਖੋਂ ਮੇਂ ਪਾਨੀ।"

**(ਬਾਕੀ ਅਗਲੇ ਸਫੇ ਤੇ)**

# ਬਾਬਾ ਸਾਹਿਬ ਦੀ ਰਿਜ਼ਰਵੇਸ਼ਨ ਦੀ ਪਹਿਲੀ ਰਿਟਾਇਰ ਪੀੜ੍ਹੀ



ਡਾ. ਐਸ. ਐਸ. ਪਰਿਹਾਰ
91-94142-42059



ਜੈਪੁਰ ਵਿਚ ਇਕ ਵੱਡੀ ਕਾਲੋਨੀ ਹੈ, ਜਿਸ ਵਿਚ ਲੱਗਭਗ ਸਾਰੇ ਅਨੁਸੂਚਿਤ ਜਾਤੀ ਦੇ ਗੌਰਮਿੰਟ ਅਫਸਰ ਰਹਿੰਦੇ ਹਨ। ਇਹ ਰਾਜਸਥਾਨ ਦੇ ਅਲੱਗ-ਅਲੱਗ ਹਿੱਸਿਆਂ ਤੋਂ ਆ ਕੇ ਇੱਥੇ ਵੱਸ ਗਏ ਅਤੇ ਹੁਣ ਜ਼ਿਆਦਾਤਰ ਰਿਟਾਇਰ ਹੋ ਚੁੱਕੇ ਹਨ। ਕਾਲੋਨੀ ਵਿਚ ਇਕ ਵੱਡਾ ਅੰਬੇਡਕਰ ਪਾਰਕ ਹੈ। ਸਵੇਰ ਤੋਂ ਸ਼ਾਮ ਤੱਕ ਉਥੇ ਇਕ ਅਜੀਬ ਨਜ਼ਾਰਾ ਦੇਖਣ ਨੂੰ ਮਿਲਦਾ ਹੈ। ਇੱਥੇ ਵੀਹ-ਵੀਹ ਲੋਕਾਂ ਦੇ ਕਈ ਝੁੰਡਾਂ ਨੂੰ ਆਪਸ ਵਿਚ ਤਾਸ਼ ਖੇਡਦੇ ਦੇਖ ਸਕਦੇ ਹਾਂ। ਦੇਸ਼ ਦੁਨੀਆਂ ਅਤੇ ਸਮਾਜਿਕ ਸਰੋਕਾਰਾਂ ਤੋਂ ਦੂਰ ਉਹਨਾਂ ਦੀ ਜ਼ਿੰਦਗੀ ਬੱਸ ਤਾਸ਼ ਦੇ ਪੱਤਿਆਂ ਵਿਚਕਾਰ ਘੁੰਮਦੀ ਰਹਿੰਦੀ ਹੈ। ਇਹ ਦਾਸਤਾਨ ਸਿਰਫ ਕਿਸੇ ਇਕ ਸ਼ਹਿਰ ਦੀ ਨਹੀਂ, ਬਲਕਿ ਅਸੀਂ ਸਾਰਿਆਂ ਦੇ ਆਸ-ਪਾਸ ਹਰ ਥਾਂ ਇਹੀ ਕੁਝ ਹੁੰਦਾ ਹੈ।

ਉਹਨਾਂ ਲੋਕਾਂ ਨੇ ਬਾਬਾ ਸਾਹਿਬ ਦੀ ਰਿਜ਼ਰਵੇਸ਼ਨ ਦੀ ਬਦੌਲਤ ਇਤਿਹਾਸ ਵਿਚ ਪਹਿਲੀ ਵਾਰ ਸਰਕਾਰੀ ਅਹੁਦੇ ਦੇ ਜ਼ਰੀਏ ਧਨ ਦੌਲਤ ਦਾ ਸੁੱਖ ਮਿਲਿਆ। ਰਿਜ਼ਰਵੇਸ਼ਨ ਦੇ ਜ਼ਰੀਏ ਨੌਕਰੀ ਪ੍ਰਾਪਤ ਕਰਨ ਵਾਲੇ ਤਾਂ ਸਮਾਜ ਦੇ ਪ੍ਰਤੀਨਿਧੀ ਹੁੰਦੇ ਹਨ। ਸੇਵਾ ਦੇ ਦੌਰਾਨ ਅਤੇ ਰਿਟਾਇਰ ਹੋਣ ਤੋਂ ਬਾਅਦ ਉਹਨਾਂ ਦੀ ਜ਼ਿੰਮੇਵਾਰੀ ਹੁੰਦੀ ਹੈ ਕਿ ਉਹ ਸਮਾਜ ਦੇ ਉਹਨਾਂ ਲੋਕਾਂ ਦਾ ਹੱਥ ਪਕੜ ਕੇ ਉਹਨਾਂ ਨੂੰ ਅੱਗੇ ਵਧਾਉਣ ਜੋ ਗਰੀਬੀ, ਅਨਪੜ੍ਹਤਾ, ਅੰਧ ਵਿਸ਼ਵਾਸ ਵਿਚ ਘਿਰਨ ਦੇ ਕਾਰਨ ਪਿੱਛੇ ਰਹਿ ਗਏ ਹਨ। ਬੁੱਧ, ਕਬੀਰ, ਰਵਿਦਾਸ ਦੀ ਵਿਚਾਰਧਾਰਾ ਨੂੰ ਘਰ ਘਰ ਤੱਕ ਫੈਲਾਉਣਾ ਹੈ ਪਰ ਸਚਾਈ ਇਹ ਹੈ ਕਿ ਰਿਟਾਇਰਡ ਪੀੜ੍ਹੀ ਆਪਣੀਆਂ ਜੜ੍ਹਾਂ ਤੋਂ ਕਟ ਕੇ ਨੀਂਦ, ਸ਼ਰਾਬ, ਗੱਪਾਂ, ਟੀ. ਵੀ., ਕ੍ਰਿਕਟ, ਪੂਜਾ ਪਾਠ, ਤੀਰਥ ਯਾਤਰਾ ਅਤੇ ਤਾਸ਼ ਵਿਚ ਮਸਤ ਹੈ।

ਜਿਹਨਾਂ ਜਾਤੀਆਂ ਨੂੰ ਅਸੀਂ ਰਾਤ ਦਿਨ ਕੋਸਦੇ ਹਾਂ, ਉਹਨਾਂ ਦੇ ਰਿਟਾਇਰਡ ਲੋਕ ਸਮਾਜਿਕ, ਸਿੱਖਿਆ, ਆਰਥਿਕ ਅਤੇ ਧਾਰਮਿਕ ਗਤੀਵਿਧੀਆਂ ਵਿਚ ਰੁੱਝੇ ਨਜ਼ਰ ਆਵੁੰਦੇ ਹਨ। ਕੋਈ ਕੁਰੀਤੀਆਂ ਦੇ ਖਾਤਮੇ ਲਈ ਕੰਮ ਕਰ ਰਿਹਾ ਹੁੰਦਾ ਹੈ ਅਤੇ ਕੋਈ ਆਰਥਿਕ ਖੁਸ਼ਹਾਲੀ ਦੇ ਲਈ ਆਪਣੇ ਬੱਚੇ ਦੇ ਬਿਜਨਸ ਵਿਚ ਮਦਦ ਕਰਦਾ ਹੈ ਅਤੇ ਕੋਈ ਸਮਾਜਿਕ ਧਾਰਮਿਕ ਸੰਸਥਾਵਾਂ ਵਿਚ ਸਰਗਰਮ ਨਜ਼ਰ ਆਉਂਦਾ ਹੈ, ਜਦਕਿ ਬਹੁਜਨ ਸਮਾਜ ਦੇ ਰਿਟਾਇਰਡ ਲੋਕ ਸਮਾਜ ਨੂੰ ਦਿਸ਼ਾ ਦੇਣ ਦੀ ਬਜਾਏ ਘਰਾਂ ਵਿਚ ਬੰਦ ਹਨ। ਮੋਹੱਲੇ ਜਾਂ ਸ਼ਹਿਰ ਦੀ ਕਾਲੋਨੀ ਵਿਚ ਤਾਸ਼ ਖੇਡਦੇ ਰਹਿੰਦੇ ਹਨ। ਕੁਰੀਤੀਆਂ ਨੂੰ ਖਤਮ ਕਰਨ ਦੀ ਬਜਾਏ ਇਹ ਉਲਟਾ ਉਸਨੂੰ ਹੱਲਾਸ਼ੇਰੀ ਦਿੰਦੇ ਹਨ। ਪਿੰਡਾਂ ਵਿਚ ਤਾਂ ਕੁਝ ਰਿਟਾਇਰਡ ਪੜ੍ਹੇ-ਲਿਖੇ ਨਿਰਦਈ ਲੋਕ ਜਾਤੀ ਪੰਚ ਰੂਪੀ ਜੱਜ ਬਣ ਕੇ ਗਰੀਬਾਂ ਨੂੰ ਤੰਗ ਕਰਦੇ ਹਨ।

ਬਹੁਜਨ ਸਮਾਜ ਦੇ ਰਿਟਾਇਰਡ ਸਮਾਜ ਦੇ ਕੋਲ ਧਨ, ਦੌਲਤ, ਤਜਰਬਾ ਅਤੇ ਵਕਤ ਬਹੁਤ ਹੈ ਪਰ ਉਹਨਾਂ ਦੇ ਅੰਦਰ ਸਮਾਜ ਨੂੰ ਦੇਣ ਦੀ ਭਾਵਨਾ ਨਜ਼ਰ ਨਹੀਂ ਆਉਂਦੀ ਹੈ। ਧਨ ਦਾ ਇੰਨਾ ਜ਼ਿਆਦਾ ਮੋਹ ਕਿ ਰਿਟਾਇਰ ਹੋਣ ਤੋਂ ਬਾਅਦ ਵੀ ਉਸਨੂੰ ਆਫਿਸ ਵਿਚ ਹੱਥ ਜੋੜ ਕੇ ਵਾਪਸ ਕਾਂਟ੍ਰੈਕਟ ਤੇ ਲੱਗਣਾ ਮਨਜ਼ੂਰ ਹੈ, ਵਧੀਆ ਪੈਨਸ਼ਨ ਮਿਲਦੀ ਹੈ, ਬੱਚੇ ਉਚੇ ਅਹੁਦਿਆਂ ਤੇ ਹਨ। ਕਈਆਂ ਦੀ ਤਾਂ ਸ਼ਹਿਰ ਦੀਆਂ ਅਲੱਗ ਅਲੱਗ ਕਾਲੋਨੀਆਂ ਵਿਚ ਕੋਠੀਆਂ ਹਨ, ਕਿਰਾਇਆ ਵੀ ਖੂਬ ਆ ਰਿਹਾ ਹੈ। ਧਨ ਜੋੜਿਆ ਜਾ ਰਿਹਾ ਹੈ ਪਰ ਖਰਚ ਨਹੀਂ ਕੀਤਾ ਜਾਂਦਾ। ਇਹਨਾਂ ਦਾ ਰਿਸ਼ਤੇਦਾਰਾਂ ਅਤੇ ਸਮਾਜ ਦੀ ਸਮਾਜਿਕ, ਆਰਥਿਕ ਵਿਚਾਰਕ ਜਾਗਰਤੀ ਦੇ ਲਈ ਧਨ, ਵਕਤ ਅਤੇ ਗਿਆਨ ਦੇਣ ਵਿਚ ਮਨ ਨਹੀਂ ਲੱਗਦਾ ਹੈ। ਜੋ ਜਾਗਰੂਕ ਹਨ ਉਹ ਸਮਾਜਿਕ ਖੇਤਰ ਵਿਚ ਕੰਮ ਕਰਨ ਦੀ ਬਜਾਏ ਰਿਟਾਇਰ ਹੋ ਕੇ ਐਮ. ਐਲ. ਏ., ਐਮ. ਪੀ. ਦੀ ਦੌੜ ਵਿਚ ਲੱਗੇ ਰਹਿੰਦੇ ਹਨ। ਮੰਦਰਾਂ ਜਾਂ ਚੋਣ ਟਿਕਟ ਦੇ ਲਈ ਪਾਰਟੀਆਂ ਨੂੰ ਖੂਬ ਪੈਸਾ ਲੁਟਾ ਦਿੰਦੇ ਹਨ ਪਰ ਸਮਾਜ ਦੀ ਖੁਸ਼ਹਾਲੀ ਦੇ ਲਈ ਹਰ ਵਕਤ ਕੰਜੂਸੀ ਕਰਦੇ ਹਨ।

ਸਮਾਜ ਨੂੰ ਇਹਨਾਂ ਤੋਂ ਬਹੁਤ ਆਸ ਸੀ ਪਰ ਉਹ ਪੂਰੀ ਨਹੀਂ ਹੋ ਸਕੀ ਜਦਕਿ ਇਕ ਸਰਕਾਰੀ ਪ੍ਰਤੀਨਿਧੀ ਦੇ ਰੂਪ ਵਿਚ ਉਹਨਾਂ ਨੂੰ ਸੁਨਹਿਰੀ ਮੌਕਾ ਮਿਲਿਆ ਸੀ। ਨੌਕਰੀ ਵਿਚ ਰਹਿੰਦੇ ਹੋਏ ਉਹ ਸਮਾਜਿਕ ਕੰਮਾਂ ਦੇ ਲਈ ਵਕਤ ਦੀ ਕਮੀ ਦੱਸਦੇ ਸਨ, ਸਰਕਾਰੀ ਨਿਯਮਾਂ ਨਾਲ ਬੰਨ੍ਹੇ ਹੋਣ ਦਾ ਰੋਣਾ ਰੋਂਦੇ ਰਹਿੰਦੇ ਸਨ, ਸਾਹਿਤ ਪੜ੍ਹਨ ਦੇ ਲਈ ਵਕਤ ਨਾ ਹੋਣ ਦਾ ਬਹਾਨਾ ਸੀ ਪਰ ਰਿਟਾਇਰਮੈਂਟ ਤੋਂ ਬਾਅਦ ਕਹਿੰਦੇ ਹਨ ਕਿ ਅੱਖਾਂ ਦੀ ਨਜ਼ਰ ਘੱਟ ਹੋ ਗਈ, ਗੋਡੇ ਜਵਾਬ ਦੇ ਗਏ, ਇਹਨਾਂ ਦਾ ਜੀਵਨ ਜਾ ਰਿਹਾ ਹੈ ਪਰ ਸਮਾਜ ਦੇ ਲਈ ਕੋਈ ਕੰਮ ਨਹੀਂ ਆ ਰਿਹਾ ਹੈ ਅਤੇ ਇਹ ਖੁਦ ਤੱਕ ਹੀ ਸੀਮਤ ਹਨ।

ਹਾਲਾਂਕਿ ਇਸ ਨਿਰਾਸ਼ਾ ਵਿਚਕਾਰ ਕੁਝ ਜਾਗਰੂਕ ਲੋਕ ਅਜਿਹੇ ਵੀ ਹਨ ਜੋ ਸਮਾਜ ਦੀ ਪੀੜ ਨੂੰ ਮਹਿਸੂਸ ਕਰਕੇ ਆਪਣੀ ਜ਼ਿੰਮੇਵਾਰੀ ਪੂਰੀ ਇਮਾਨਦਾਰੀ ਨਾਲ ਨਿਭਾਅ ਰਹੇ ਹਨ। ਖੁਦ ਨੂੰ ਸਮਾਜ ਦੇ ਲਈ ਝੋਕ ਰਹੇ ਹਨ ਅਤੇ ਪੇ ਬੈਕ ਟੂ ਸੁਸਾਇਟੀ ਦੇ ਤਹਿਤ ਆਪਣਾ ਵਕਤ, ਧਨ ਅਤੇ ਗਿਆਨ ਦਾ ਦਾਨ ਕਰ ਰਹੇ ਹਨ।

ਬਜ਼ੁਰਗ ਬਾਬਾ ਸਾਹਿਬ, ਕਬੀਰ, ਰਵਿਦਾਸ ਦੀ ਵਿਚਾਰਧਾਰਾ ਦਾ ਕਾਰਵਾਂ ਸਮਾਜ ਦੀ ਖੁਸ਼ਹਾਲੀ ਲਈ ਸਮਰਪਿਤ, ਜਨੂੰਨੀ ਸਮਾਜਿਕ ਵਰਕਰਾਂ, ਅਫਸਰਾਂ, ਵਿਚਾਰਕਾਂ, ਚਿੰਤਕਾਂ, ਮਿਹਨਤਕਸ਼ਾਂ ਅਤੇ ਦਾਨ ਦਾਤਾਵਾਂ ਦੇ ਕਾਰਨ ਤੇਜ਼ੀ ਨਾਲ ਅੱਗੇ ਵੱਧ ਰਿਹਾ ਹੈ। ਇਹ ਸਾਡੇ ਸਾਰਿਆਂ ਦੇ ਲਈ ਵਧੀਆ ਗੱਲ ਹੈ ਅਤੇ ਆਸ ਦੀ ਕਿਰਨ ਹੈ।

**(ਲੇਖਕ ਅੰਬੇਡਕਰੀ ਅੰਦੋਲਨ ਨਾਲ ਜੁੜੇ ਹਨ।)**

# 'ਬੇਟੀ ਬਚਾਓ-ਬੇਟੀ ਪੜ੍ਹਾਓ'

ਪੰਜਾਬੀ ਦੇ ਮਸ਼ਹੂਰ ਪ੍ਰਗਤੀਵਾਦੀ ਸਮਾਜਵਾਦੀ ਸ਼ਾਇਰ ਪ੍ਰੋ: ਮੋਹਣ ਸਿੰਘ ਜੀ ਆਪਣੀ ਪਤਨੀ ਬਸੰਤ ਕੌਰ ਦੀ ਮੌਤ ਬਾਅਦ ਆਪਣੀ ਮਸ਼ਹੂਰ ਕਵਿਤਾ 'ਬਸੰਤ' ਵਿਚ ਔਰਤ ਦੀ ਮਹਾਨਤਾ ਤੇ ਉਸ ਤੋਂ ਲਈ ਪ੍ਰੇਰਨਾ ਦਾ ਜ਼ਿਕਰ ਇਸ ਤਰ੍ਹਾਂ ਕਰਦੇ ਹਨ:-

"ਮੋਹਨ ਕਿੰਝ ਬਣਦਾ ਤੂੰ ਸ਼ਾਇਰ,
ਜੇ ਕਰ ਮੈਂ ਨਾ ਮਰਦੀ''!

ਪ੍ਰੋ: ਮੋਹਨ ਸਿੰਘ ਜੀ ਇਕ ਕਵਿਤਾ ਵਿਚ ਹੋਰ ਮਾਂ ਦੀ ਮਹਾਨਤਾ ਦਾ ਜ਼ਿਕਰ ਇਸ ਤਰ੍ਹਾਂ ਕਰਦੇ ਹਨ:-

ਮਾਂ ਵਰਗਾ ਘਣਛਾਵਾਂ ਬੂਟਾ, ਮੈਨੂੰ ਕਿਧਰੇ ਨਜ਼ਰ ਨਾ ਆਵੇ।
ਲੈ ਕੇ ਜਿਸ ਤੋਂ ਛਾਂ ਉਧਾਰੀ, ਰੱਬ ਨੇ ਸੁਰਗ ਬਣਾਏ।
ਬਾਕੀ ਕੁੱਲ ਦੁਨੀਆਂ ਦੇ ਬੂਟੇ, ਜੜ੍ਹ ਸੁੱਕਿਆਂ ਸੁੱਕ ਜਾਂਦੇ।
ਐਪਰ ਫੁੱਲਾਂ ਦੇ ਮੁਰਝਾਇਆਂ, ਇਹ ਬੂਟਾ ਸੁੱਕ ਜਾਵੇ।

ਵਾਰਿਸ ਸ਼ਾਹ ਪੰਜਾਬੀ ਦੇ ਸਿਰਮੌਰ ਕਵੀ ਹਨ, ਭਾਵੇਂ ਉਹ ਔਰਤ ਦੀ ਨਿੰਦਿਆ ਬੜੇ ਕੜੇ ਸ਼ਬਦਾਂ ਵਿਚ ਕਰਦਾ ਹੈ ਪਰ ਉਹ ਪੰਜਾਬੀ ਦੀ ਸ਼ਾਹਕਾਰ ਰਚਨਾ 'ਹੀਰ' ਨੂੰ 'ਭਾਗ-ਭਰੀ' ਦੇ ਵਿਯੋਗ ਤੋਂ ਪ੍ਰੇਰਨਾ ਲੈ ਕੇ ਹੀ ਲਿਖ ਸਕਿਆ ਸੀ ਕਿਉਂਕਿ ਭਾਗਭਰੀ ਨਾਲ ਉਸਦਾ ਰੋਮਾਂਸ ਚਲਦਾ ਸੀ। ਸ਼ਿਵ ਕੁਮਾਰ ਬਟਾਲਵੀ ਵੀ ਵਿਯੋਗ ਵਿਚੋਂ ਹੀ 'ਬਿਰਹੋਂ ਦਾ ਸੁਲਤਾਨ' ਬਣ ਸਕਿਆ ਸੀ। ਅੰਮ੍ਰਿਤਾ ਪ੍ਰੀਤਮ ਬੜੀ ਵੱਡੀ ਪੱਧਰ 'ਤੇ ਔਰਤ ਦੀ ਵੇਦਨਾ ਤੇ ਉਸ ਦੀ ਹੋਂਦ ਨੂੰ ਸ਼ਾਹਕਾਰ ਕਰਨ ਲਈ ਆਪਣੀ ਆਵਾਜ਼ ਨੂੰ ਆਪਣੀ ਬਹੁਤ ਹੀ ਪ੍ਰਸਿੱਧ ਕਵਿਤਾ 'ਅੱਜ ਆਖਾਂ ਵਾਰਸ ਸ਼ਾਹ ਨੂੰ' ਵਿਚ ਭਾਰਤ ਦੇ ਹੋਏ ਬਟਵਾਰੇ ਸਮੇਂ ਔਰਤ ਦੀ ਹੋਈ ਦੁਰਗਤੀ ਬਾਰੇ ਆਵਾਜ਼ ਇਸ ਤਰ੍ਹਾਂ ਬੁਲੰਦ ਕਰਦੀ ਹੈ:-

ਅੱਜ ਲੱਖਾਂ ਧੀਆਂ ਰੋਂਦੀਆਂ, ਤੈਨੂੰ ਵਾਰਸ ਸ਼ਾਹ ਨੂੰ ਕਹਿਣ।
ਇਕ ਰੋਈ ਸੀ ਧੀ ਪੰਜਾਬ ਦੀ, ਤੂੰ ਲਿਖ-ਲਿਖ ਮਾਰੇ ਵੈਣ।
ਉੱਠ ਦਰਦਬੰਦਾਂ ਦਿਆ ਦਰਦੀਆ ਉੱਠ ਤੱਕ ਆਪਣਾ ਪੰਜਾਬ।

ਹੁਣ ਤੱਕ ਉਕਤ ਚਰਚਾ ਤੋਂ ਇਹ ਸਪਸ਼ਟ ਹੋ ਚੁੱਕਾ ਹੈ ਕਿ ਔਰਤ ਪ੍ਰਤੀ ਤਾਂਹੀਓਂ ਗੁਰੂ ਪੀਰ ਤੇ ਮਹਾਨ ਵਿਦਵਾਨ ਵੀ ਔਰਤ ਦੀ ਤਰਫਦਾਰੀ ਤੇ ਵਕਾਲਤ ਕਰਦੇ ਹਨ-ਪਰ ਔਰਤ ਪ੍ਰਤੀ ਹਰ ਵਿਰੋਧੀ ਵਰਤਾਰੇ ਲਈ ਮਰਦ ਨੂੰ ਭੰਡਣਾ ਤੇ ਔਰਤ ਨੂੰ ਖਾਹਮਖਾਹ ਪੀੜਤ ਸਾਬਤ ਕਰੀ ਜਾਣਾ ਵੀ ਗਲਤ ਹੈ ਕਿਉਂਕਿ ਔਰਤ ਵਾਲੇ ਪਾਸੇ ਵੀ ਸਭ ਠੀਕ ਨਹੀਂ ਹੈ। ਇਸ ਲਈ ਔਰਤ ਨੂੰ ਵੀ ਆਪਣੀ ਸੋਚ ਵਿਚ ਉਸਾਰੂ ਪ੍ਰੀਵਰਤਨ ਲਿਆਉਣ ਦੀ ਲੋੜ ਹੈ ਤਾਂ ਜੋ ਕੋਈ ਇਹ ਨਾ ਕਹਿ ਸਕੇ ਕਿ ਔਰਤ ਹੀ ਔਰਤ ਦੀ ਦੁਸ਼ਮਣ ਹੈ।

ਕੇਵਲ ਉਹ ਸਮਾਜ ਹੀ ਸਭਿਅਤ ਅਖਵਾਉਣ ਦਾ ਹੱਕ ਰੱਖਦਾ ਹੈ, ਜਿਸ ਵਿਚ ਇਸਤਰੀ ਨੂੰ ਸਨਮਾਨਯੋਗ ਸਥਾਨ ਪ੍ਰਾਪਤ ਹੈ। ਇਸ ਸੰਦਰਭ ਵਿਚ ਪੰਡਤ ਜਵਾਹਰ ਲਾਲ ਨਹਿਰੂ ਦਾ ਕਥਨ ਹੈ ਕਿ, "ਕਿਸੇ ਕੌਮ ਵਿਚ ਇਸਤਰੀ ਦੀ ਪਦਵੀ ਉਸ ਕੌਮ ਦੀ ਉਨਤੀ ਦੇ ਸਭ ਤੋਂ ਸਹੀ ਨਾਪਾਂ ਵਿਚੋਂ ਇਕ ਹੈ।'' ਅਰਸਤੂ ਕਹਿੰਦਾ ਹੈ, "ਔਰਤ ਦੀ ਉਨਤੀ ਅਤੇ ਗਿਰਾਵਟ ਤੇ ਹੀ ਰਾਸ਼ਟਰ ਦੀ ਉਨਤੀ ਅਤੇ ਗਿਰਾਵਟ ਨਿਰਭਰ ਕਰਦੀ ਹੈ।'' ਨਿਰਸੰਦੇਹ ਜਿੱਥੇ ਨਾਰੀ ਦਾ ਉੱਚ ਸਥਾਨ ਹੈ, ਉਥੇ ਖੁਸ਼ੀਆਂ ਖੇ-ੜਆਂ ਤੇ ਖੁਸ਼ਹਾਲੀ ਦਾ ਵਾਸਾ ਹੈ। ਕਿਸੇ ਕਵੀ ਨੇ ਠੀਕ ਹੀ ਕਿਹਾ ਹੈ ਕਿ, "ਸੰਦਲੀ ਪੌਣਾਂ ਝੁਲਦੀਆਂ, ਜਿੱਥੇ ਨਾਰੀ ਦਾ ਸਨਮਾਨ।''

ਔਰਤ ਜਾਤੀ ਦੀਆਂ ਸਮੱਸਿਆਵਾਂ ਦਾ ਅਧਿਐਨ ਤੇ ਚਿੰਤਨ ਕਰਨਾ ਬੜੀ ਜ਼ਰੂਰੀ ਹੈ ਤਾਂ ਜੋ ਇਸ ਦਾ ਕੋਈ ਸਾਰਥਕ ਤੇ ਵਿਗਿਆਨਕ ਹੱਲ ਲੱਭਿਆ ਜਾ ਸਕੇ। ਔਰਤ ਨੂੰ ਨਿਰੋਲ ਵਸਤੂ ਜਾਂ ਪਦਾਰਥ ਨਾ ਸਮਝਦਿਆਂ ਹੋਇਆਂ ਉਸ ਨਾਲ ਸੁਖਾਵਾਂ ਤੇ ਸੁਹਿਰਦਤਾ ਵਾਲਾ ਵਿਵਹਾਰ ਕਰੀਏ। ਮੇਰੇ ਵੀਰੋ ਆਓ! ਉਸ ਨੂੰ ਪੀੜਾਂ, ਕਸਕਾਂ, ਚਸਕਾਂ, ਹਉਕਿਆਂ, ਹਾਵਿਆਂ ਦੀ ਤ੍ਰਾਸਦੀ ਤੋਂ ਮੁਕਤੀ ਤੇ ਆਜ਼ਾਦੀ ਦਿਵਾਉਣ ਲਈ ਹਰ ਹੀਲਾ ਅਪਣਾਈਏ।

ਇਸ ਲਈ ਭਾਵੇਂ ਸਾਨੂੰ ਕਿਸੇ ਲੰਮੇ ਸੰਘਰਸ਼ ਦਾ ਹੀ ਕਿਉਂ ਨਾ ਰਾਹ ਅਪਣਾਉਣਾ ਪਵੇ। ਜਨਮ-ਪੂਰਵ ਤੋਂ ਮਰਨ ਤੱਕ ਉਸ ਨੂੰ ਭਰੂਣ ਹੱਤਿਆ, ਬਲਾਤਕਾਰ, ਦਾਜ, ਵੇਸ਼ਵਾਪਣ, ਨਾ ਬਰਾਬਰੀ, ਪਤੀ ਦਾ ਜ਼ੁਲਮ, ਅਸੁਰੱਖਿਆ ਤੇ ਅਨਪੜ੍ਹਤਾ ਆਦਿਕ ਅਨੇਕਾਂ ਗੰਭੀਰ ਸਮੱਸਿਆਵਾਂ 'ਚੋਂ ਗੁਜ਼ਰਨਾ ਪੈਂਦਾ ਹੈ। ਫਿਰ ਵੀ ਉਹ ਸਮਾਜ ਵਿਚ ਵਿਚਰ ਰਹੀ ਹੈ। ਉਹ ਅਬਲਾ ਨਹੀਂ ਹੈ, ਕਮਜ਼ੋਰ ਨਹੀਂ ਸਗੋਂ ਬਹੁਤ ਬਲਵਾਨ ਹੈ ਜੋ ਮਨੁੱਖੀ ਸ਼ਕਤੀ ਲਈ ਪ੍ਰੇਰਨਾ ਸਰੋਤ ਬਣ ਕੇ ਉਸ ਦੇ ਵਿਅਕਤਿਤੱਵ ਨੂੰ ਸਨਮਾਨਿਤ ਕਰਦੀ ਹੈ। ਆਓ, ਜ਼ਰਾ ਅਧਿਐਨ ਕਰੀਏ ਇਨ੍ਹਾਂ ਗੰਭੀਰ ਸਮੱਸਿਆਵਾਂ ਦਾ ਜੋ ਔਰਤ ਜਾਤੀ ਦੀ ਹੋਂਦ ਵਿਚ ਅੜਿੱਕਾ ਬਣ ਕੇ ਖੜ੍ਹੀਆਂ ਹਨ:-

ਦਾਜ ਦੀ ਸਮੱਸਿਆ:- ਇਹ ਘਟਨਾਵਾਂ ਸਿਰਫ ਨੂੰਹਾਂ ਨਾਲ ਹੀ ਵਾਪਰਦੀਆਂ ਹਨ ਪਰ ਆਪਣੀਆਂ ਧੀਆਂ ਨਾਲ ਨਹੀਂ? ਇਹ ਇਲਜ਼ਾਮ ਆਮ ਦੇਖਣ ਨੂੰ ਲੱਗਦਾ ਹੈ ਕਿ ਲੋਭੀ ਸੌਹਰੇ ਦਾਜ ਦੀ ਮੰਗ ਕਰਦੇ ਹਨ, ਵਹੁਟੀ ਦੇ ਦਾਜ ਨਾ ਲਿਆਉਣ ਤੇ ਉਸ ਦੀ ਕੁੱਟਮਾਰ ਕੀਤੀ ਜਾਂਦੀ ਹੈ, ਸਟੋਵ ਫੱਟ ਗਿਆ, ਅੱਗ ਲੱਗ ਗਈ, ਖੁਦਕੁਸ਼ੀ ਕਰਨ ਦੀਆਂ ਘਟਨਾਵਾਂ, ਅੱਗੇ ਬੋਲਣ ਦੇ ਇਲਜ਼ਾਮ, ਨਾਜਾਇਜ਼ ਸੰਬੰਧਾਂ ਦਾ ਇਲਜ਼ਾਮ, ਕਹਿਣਾ ਨਾ ਮੰਨਣ ਦਾ ਇਲਜ਼ਾਮ ਤੇ ਘਰ ਦੀ ਮਰਿਆਦਾ ਤੋੜਨ ਦੇ ਇਲਜ਼ਾਮ ਆਦਿ ਲੱਗਦੇ ਹਨ। ਘਰਦਿਆਂ 'ਤੇ ਜ਼ਿਆਦਾਤਰ ਦਾਜ ਦੇ ਝੂਠੇ ਕੇਸ ਹੀ ਬਣਾਏ ਜਾਂਦੇ ਹਨ, ਸਿਰਫ ਲੜਕੇ ਵਾਲਿਆਂ ਤੋਂ ਪੈਸੇ ਲੈਣ ਦੀ ਖਾਤਰ ਇਸ ਤਰ੍ਹਾਂ ਕੀਤਾ ਜਾਂਦਾ ਹੈ ਕਿਉਂਕਿ ਔਰਤ ਦੇ ਹੱਕ ਵਿਚ ਜ਼ਿਆਦਾ ਕਾਨੂੰਨ ਹੋਣ ਕਾਰਨ ਇਸ ਤਰ੍ਹਾਂ ਕੀਤਾ ਜਾਂਦਾ ਹੈ।

ਹੁਣੇ-ਹੁਣੇ ਇਕ ਰਿਪੋਰਟ ਆਈ ਹੈ ਜਿਸ ਵਿਚ ਦਾਜ ਦੀ ਮੰਗ ਤੇ ਉਕਤ ਦੱਸੇ ਗਏ ਇਲਜ਼ਾਮਾਂ ਦੀਆਂ ਘਟਨਾਵਾਂ ਵਾਪਰਨ ਦੇ 98 ਫੀਸਦੀ ਕੇਸ ਝੂਠੇ ਸਾਬਤ ਹੋਏ ਹਨ ਤੇ ਸਿਰਫ 2 ਫੀਸਦੀ ਕੇਸ ਹੀ ਅਦਾਲਤਾਂ ਵਿਚ ਸੱਚ ਸਾਬਤ ਹੋਏ ਹਨ। ਮੈਂ ਆਪਣੇ ਪਾਠਕਾਂ ਨੂੰ ਇਸ ਸਬੰਧੀ ਆਪਣੇ ਕਿਸੇ ਅਗਲੇ ਲੇਖ ਵਿਚ ਵਿਸਥਾਰ ਨਾਲ ਜਾਣਕਾਰੀ ਦਿਆਂਗਾ। ਸੌਹਰਾ ਪਰਿਵਾਰ ਹੋਵੇ ਭਾਵੇਂ ਵਿਆਹੁਤਾ ਖੁਦ ਕਿੜਾਂ ਕੱਢਣ ਦੀ ਪ੍ਰਵਿਰਤੀ ਨੂੰ ਜ਼ਿੰਦਗੀ ਦੀ ਤ੍ਰਾਸਦੀ ਸਮਝ ਕੇ ਤਿਆਗ ਦੇਣ। ਸਮਾਜ ਸੇਵੀ ਸੰਸਥਾਵਾਂ ਨੂੰ ਸਹਿਯੋਗ ਦੇ ਕੇ ਅਜਿਹੇ ਮਾਮਲਿਆਂ ਨੂੰ ਨਿਪਟਾਉਣ ਲਈ ਅੱਗੇ ਆਉਣਾ ਚਾਹੀਦਾ ਹੈ।

ਭਰੂਣ ਹੱਤਿਆ:- ਕੁਦਰਤ ਦੀ ਸਧਾਰਨ ਜਨਮ ਪ੍ਰਕਿਰਿਆ ਅਨੁਸਾਰ ਹਰ 100 ਲੜਕੀਆਂ ਪਿੱਛੇ 105 ਲੜਕੇ ਜਨਮ ਲੈਂਦੇ ਹਨ ਪਰ ਕੁੜੀਆਂ ਪ੍ਰਤੀ ਤਾਂ ਜਨਮ ਤੋਂ ਪਹਿਲਾਂ ਹੀ ਵਰਤੇ ਜਾਂਦੇ ਕੁਹਰਾਮ (ਭਰੂਣ ਹੱਤਿਆ) ਸਦਕਾ ਲਿੰਗ ਅਨੁਪਾਤ ਚਿੰਤਾ ਦਾ ਵਿਸ਼ਾ ਬਣਿਆ ਹੋਇਆ ਹੈ। ਜਿਸ ਰਫ਼ਤਾਰ ਨਾਲ ਲੜਕੀਆਂ ਦੀ ਗਿਣਤੀ ਘੱਟ ਰਹੀ ਹੈ, ਆਉਣ ਵਾਲੇ ਸਮੇਂ ਵਿਚ ਲੜਕਿਆਂ ਨੂੰ ਵਿਆਹ ਕਰਾਉਣ ਲਈ ਲੜਕੀਆਂ ਦੀ ਬਹੁਤ ਘਾਟ ਹੋ ਜਾਏਗੀ ਤੇ ਵਿਆਹ ਕਰਾਉਣ ਲਈ ਕੋਈ ਲੜਕੀ ਨਹੀਂ ਮਿਲੇਗੀ। ਇਸ ਘਾਟ ਕਾਰਨ ਔਰਤ ਨਾਲ ਜਬਰਨ ਬਲਾਤਕਾਰ ਦੀਆਂ ਘਟਨਾਵਾਂ ਵਿਚ ਹੋਰ ਵਾਧਾ ਹੋਵੇਗਾ। ਸੰਸਾਰ ਦਾ ਮਹਾਨ ਮਨੋਵਿਗਿਆਨੀ ਸਿਗਮੰਡ ਫਰਾਇਡ, "ਕਾਮ ਪ੍ਰਵਿਰਤੀ ਨੂੰ ਮਨੁੱਖ ਦੀਆਂ ਦੂਜੀਆਂ ਪ੍ਰਵਿਰਤੀਆਂ ਨਾਲੋਂ ਜ਼ਿਆਦਾ ਬਲਵਾਨ ਪ੍ਰਵਿਰਤੀ ਦੱਸਦਾ ਹੈ, ਕਿਉਂਕਿ ਜਦੋਂ ਇਹ ਪ੍ਰਵਿਰਤੀ ਉਜਾਗਰ ਹੁੰਦੀ ਹੈ ਤਾਂ ਇਹ ਮਨੁੱਖ ਦੀਆਂ ਦੂਜੀਆਂ ਪ੍ਰਵਿਰਤੀਆਂ ਤੇ ਆਪਣਾ ਗਲਬਾ ਜਮਾ ਲੈਂਦੀ ਹੈ ਤੇ ਮਨੁੱਖ ਪਾਗਲ ਹੋ ਕੇ ਬਲਾਤਕਾਰ ਵਰਗੀਆਂ ਘਟਨਾਵਾਂ ਨੂੰ ਅੰਜਾਮ ਦਿੰਦਾ ਹੈ।'' ਇਸ ਲਈ ਹੇ ਮਨੁੱਖ! ਤੂੰ ਮੁੰਡੇ ਦੀ ਚਾਹਤ ਲਈ ਇਸ ਪ੍ਰਕਿਰਤੀ ਦੇ ਨਿਯਮ ਨਾਲ ਭਰੂਣ ਹੱਤਿਆ ਕਰਕੇ ਸੰਤੁਲਨ ਨਾ ਵਿਗਾੜ ਨਹੀਂ ਤਾਂ ਵੇਲਾ ਲੰਘ ਜਾਣ ਤੋਂ ਬਾਅਦ ਬਹੁਤ ਪਛਤਾਏਂਗਾ।

ਸਾਲ 2001 ਦੀ ਮਰਦਮਸ਼ੁਮਾਰੀ ਅਨੁਸਾਰ 0-1 ਸਾਲ ਦੇ ਬੱਚਿਆਂ ਦਾ ਇਹ ਅਨੁਪਾਤ ਪੰਜਾਬ ਤੇ ਭਾਰਤ ਦੇ ਕਈ ਹਿੱਸਿਆਂ ਵਿਚ 747 : 1000 ਸੀ। ਲਿੰਗ ਅਨੁਪਾਤ ਦਾ ਇਹ ਅਸਾਵਾਪਣ ਮਨੁੱਖ ਜਾਤੀ ਲਈ ਇਕ ਖਤਰੇ ਦੀ ਵੱਡੀ ਘੰਟੀ ਹੈ। ਇਸ ਕੁਰੀਤੀ ਦੇ ਕਈ ਕਾਰਨ ਹਨ। ਅਗਿਆਨਤਾ ਤੇ ਅਨਪੜ੍ਹਤਾ, ਸਮਾਨਤਾ ਦੀ ਉਸਾਰੂ ਸੋਚ ਨਹੀਂ ਬਣਨ ਦਿੰਦੀ। ਇਸ ਤੋਂ ਅੱਗੇ ਵੰਸ਼ ਅੱਗੇ ਤੋਰਨ ਦੀ ਲਾਲਸਾ, ਦਾਜ ਦੀ ਲਾਹਨਤ, ਬੁਢਾਪੇ ਦਾ ਸੰਕਲਪ ਕਿ ਪੁੱਤ ਹੀ ਕਮਾਊ ਤੇ ਬੁਢਾਪੇ ਦਾ ਸਹਾਰਾ ਹੁੰਦੇ ਹਨ, ਜਿਹੇ ਕਾਰਨ ਵੀ ਕੁੜੀਆਂ ਦੀ ਘਟਦੀ ਗਿਣਤੀ ਲਈ ਜ਼ਿੰਮੇਵਾਰ ਹਨ। ਭਾਵੇਂ ਕਾਨੂੰਨ ਦੀ ਸਖ਼ਤੀ ਕਾਰਨ ਇਸ 'ਤੇ ਕੁਝ ਹੱਦ ਤੱਕ ਰੋਕ ਵੀ ਲੱਗੀ ਹੈ ਤੇ ਲਿੰਗ ਅਨੁਪਾਤ ਵਿਚ ਕੁਝ ਵਾਧਾ ਵੀ ਹੋਇਆ ਹੈ ਪਰ ਇਸ ਵਿਚ ਵੱਡੀ ਲੋੜ ਸਾਨੂੰ ਆਪਣੀ ਮਾਨਸਿਕਤਾ ਨੂੰ ਬਦਲਣ ਦੀ ਹੈ।

ਬਲਾਤਕਾਰ ਦੀ ਸਮੱਸਿਆ:- ਬਲਾਤਕਾਰ ਲਈ ਪਹਿਲਾਂ 'ਇੱਜ਼ਤ ਨਾਲ ਖੇਡਣਾ' ਸ਼ਬਦ ਦੀ ਵਰਤੋਂ ਕੀਤੀ ਜਾਂਦੀ ਸੀ। ਹਰ ਰੋਜ਼ ਅਖ਼ਬਾਰਾਂ ਤੇ ਟੀ. ਵੀ. ਤੇ ਅਨੇਕਾਂ ਕੇਸ ਰੋਜ਼ ਬਲਾਤਕਾਰ ਦੇ ਦੇਖਣ ਤੇ ਸੁਨਣ ਨੂੰ ਮਿਲਦੇ ਹਨ। ਸੰਨ 1992 ਦੀ ਇਕ ਸਰਕਾਰੀ ਰਿਪੋਰਟ ਅਨੁਸਾਰ ਹਰ 54 ਮਿੰਟਾਂ ਬਾਅਦ ਇਕ ਬਲਾਤਕਾਰ ਹੁੰਦਾ ਸੀ ਜਿਸ ਦਾ ਭਾਵ ਹੈ ਹਰ ਸਾਲ 11000 ਤੋਂ ਵੱਧ ਪ੍ਰਤੀ ਸਾਲ, ਸਾਲ 2005 ਵਿਚ ਇਹ ਅੰਕੜਾ ਉਛਾਲ ਮਾਰ ਕੇ 20,000 ਪ੍ਰਤੀ ਸਾਲ ਤੇ ਹੁਣ 2012-13 ਦੀ ਨਵੀਂ ਰਿਪੋਰਟ ਅਨੁਸਾਰ ਇਹ ਅੰਕੜਾ 35000 ਪ੍ਰਤੀ ਸਾਲ ਤੋਂ ਵੱਧ ਗਿਆ ਹੈ।

ਔਰਤ ਇੱਥੋਂ ਤੱਕ ਅਸੁਰੱਖਿਅਤ ਹੋ ਗਈ ਹੈ ਕਿ ਬਲਾਤਕਾਰ ਦੀਆਂ ਘਟਨਾਵਾਂ ਸਕੇ ਬਾਪ ਆਪਣੀਆਂ ਧੀਆਂ ਨਾਲ ਕਰਨ ਲੱਗ ਪਏ ਹਨ। ਇਸਦਾ ਮਤਲਬ ਇਹ ਹੈ ਕਿ ਔਰਤ ਜੋ ਆਪਣੇ ਘਰ ਨੂੰ ਸੁਰੱਖਿਅਤ ਸਮਝਦੀ ਸੀ, ਉਹ ਅੱਜ ਆਪਣੇ ਘਰ ਵਿਚ ਵੀ ਅਸੁਰੱਖਿਅਤ ਹੈ। ਉਸ ਦੇ ਚਾਰ ਚੁਫੇਰੇ ਖਤਰਾ ਮੰਡਰਾ ਰਿਹਾ ਹੈ। ਬਹੁਤੇ ਮਾਮਲਿਆਂ ਵਿਚ ਔਰਤ ਆਪਣੀ ਇੱਜ਼ਤ ਤੇ ਬਦਨਾਮੀ ਤੋਂ ਡਰਦੀ ਅਜਿਹੇ ਮਾਮਲਿਆਂ ਵਿਚ ਚੁੱਪ ਰਹਿਣਾ ਹੀ ਬਿਹਤਰ ਸਮਝਦੀ ਹੈ। ਇਹ ਵਹਿਸ਼ੀਪੁਣਾ ਇੱਥੋਂ ਤੱਕ ਵੱਧ ਗਿਆ ਹੈ ਕਿ 3-4 ਸਾਲ ਦੀਆ ਬਾਲੜੀਆਂ ਤੋਂ ਲੈ ਕੇ 50-60 ਸਾਲ ਦੀਆਂ ਬਜ਼ੁਰਗ ਔਰਤਾਂ ਤੱਕ ਇਸ ਦਾ ਸ਼ਿਕਾਰ ਹੋ ਰਹੀਆਂ ਹਨ।

ਅਸ਼ਲੀਲਤਾ- ਪੈਸਾ ਕਮਾਉਣ ਦੇ ਲਾਲਚ ਨੇ ਭੀ ਆਪਣੇ ਵਿਉਪਾਰ ਦੇ ਪ੍ਰਚਾਰ ਲਈ ਔਰਤ ਦੇ ਸਰੀਰ ਦਾ ਸ਼ੋਸ਼ਣ ਕੀਤਾ ਹੈ।

ਔਰਤ ਨੂੰ ਸੁੰਦਰਤਾ ਅਤੇ ਸੁਹਜਮਈ ਅਦਾਵਾਂ ਦਾ ਬਾਜ਼ਾਰ ਬਣਾਇਆ ਜਾਂਦਾ ਹੈ। ਕਈ ਲੋਕ ਇਨ੍ਹਾਂ ਨੂੰ ਯਥਾਰਥ ਅਤੇ ਬਾਜ਼ਾਰ ਦਾ ਨਾਂ ਦੇ ਕੇ ਅੱਖੋਂ ਪਰੋਖੇ ਕਰ ਦਿੰਦੇ ਹਨ। ਸਾਰੇ ਮੀਡੀਆ ਦਾ ਇਹੀ ਹਾਲ ਹੈ। ਇਹ ਵਿਚਾਰ ਤਾਂ ਸਿਰਫ ਕੁਝ ਗਿਣਤੀ ਦੇ ਲੋਕਾਂ ਦਾ ਹੈ ਪਰ ਆਮ ਲੋਕ ਇਨ੍ਹਾਂ ਪ੍ਰਵਿਰਤੀਆਂ ਨੂੰ ਸਮਾਜ ਲਈ ਨੁਕਸਾਨਦਾਇਕ ਸਮਝਦੇ ਹਨ ਅਤੇ ਕੁਝ ਅਜਿਹੇ ਵੀ ਹਨ ਜੋ ਇਸਦਾ ਮੀਡੀਆ ਰਾਹੀਂ ਡਟਵਾਂ ਵਿਰੋਧ ਵੀ ਕਰਦੇ ਹਨ।

ਭਾਵੇਂ ਭਾਰਤੀ ਕਾਨੂੰਨ ਇਸ ਦੀ ਇਜਾਜ਼ਤ ਨਹੀਂ ਦਿੰਦਾ ਫਿਰ ਵੀ ਵੇਸਵਾਵਾਂ ਦੇ ਚਕਲੇ, ਕੋਠੇ ਅਤੇ ਅੱਡੇ ਚੱਲ ਰਹੇ ਹਨ। ਕੇਵਲ ਕੌਮੀ ਜਾਂ ਕੌਮਾਂਤਰੀ ਦਿਵਸ ਮਨਾਉਣਾ ਹੀ ਔਰਤ ਸਸ਼ਕਤੀਕਰਨ ਦਾ ਜਾਮਨ ਨਹੀਂ ਬਲਕਿ ਸ਼ਕਤੀਵਾਨ ਹੋਣ ਲਈ ਔਰਤ ਨੂੰ ਹਾਲੇ ਵੀ ਸੰਘਰਸ਼ ਕਰਨ ਦੀ ਲੋੜ ਹੈ। ਜਾਗਰੂਪਤਾ ਮੁਹਿੰਮ ਰਾਹੀਂ ਪ੍ਰੰਪਰਾਗਤ ਨਜ਼ਰੀਏ ਨੂੰ ਬਦਲਣਾ ਚਾਹੀਦਾ ਹੈ ਜੋ ਉਨ੍ਹਾਂ ਨੂੰ ਆਪਣੇ ਸੁਪਨਿਆਂ ਨੂੰ ਪੂਰਾ ਕਰਨ ਵਿਚ ਰੁਕਾਵਟ ਹੈ। ਔਰਤਾਂ ਦਾ ਕਿਸੇ ਵੀ ਕਿਸਮ ਦਾ ਸਸ਼ਕਤੀਕਰਨ ਉਦੋਂ ਤੱਕ ਅਰਥਹੀਣ ਹੈ ਜਦੋਂ ਤੱਕ ਇਹ ਆਮ ਔਰਤਾਂ ਤੱਕ ਨਹੀਂ ਪਹੁੰ-ਚਦਾ ਤੇ ਉਨ੍ਹਾਂ ਨੂੰ ਬਰਾਬਰ ਦੇ ਮੌਕੇ ਨਹੀਂ ਦਿੰਦਾ।

ਨਿਮਨ-ਲਿਖਤ ਕੁਝ ਨਜ਼ਰੀਏ ਤੇ ਯਥਾਰਥਕ ਤੱਤ ਮਨੁੱਖ ਦੀ ਆਪਣੇ ਮਨ ਵਿਚ ਔਰਤ ਪ੍ਰਤੀ ਬਣਾਈ ਹੋਈ ਸੌੜੀ ਮਾਨਸਿਕਤਾ ਨੂੰ ਬਦਲ ਸਕਦੇ ਹਨ, ਜੇਕਰ ਮਨੁੱਖ ਇਨ੍ਹਾਂ ਤੇ ਗਹਿਨਤਾ ਨਾਲ ਵਿਚਾਰ ਕਰੇ।

ਇਸ ਨਾਲ ਸਾਡੇ ਸਮਾਜ ਵਿਚ ਔਰਤ ਦੀ ਹੋਂਦ ਮਰਦ ਦੇ ਬਰਾਬਰ ਹੋ ਸਕਦੀ ਹੈ ਤੇ ਔਰਤ ਪ੍ਰਤੀ ਸਦੀਆਂ ਤੋਂ ਮਨੁੱਖ ਦੇ ਅੰਦਰ ਬਣੀ ਪ੍ਰਵਿਰਤੀ ਬਦਲ ਸਕਦੀ ਹੈ ਤੇ ਔਰਤ ਖੁਸ਼ਹਾਲ ਬਣ ਸਕਦੀ ਹੈ।

ਨਿਮਨ-ਲਿਖਤ ਸਤਰਾਂ ਔਰਤ ਤੇ ਮਰਦ ਦੀ ਸਮਾਨਤਾ ਹੀ ਪ੍ਰਗਟ ਨਹੀਂ ਕਰਦੀਆਂ ਸਗੋਂ ਔਰਤ ਦੇ ਸਨਮਾਨ ਨੂੰ ਪੁਰਸ਼ ਨਾਲੋਂ ਉਪਰ ਦਰਸਾਉਂਦੀਆਂ ਹਨ:-

ਬੇਟਾ ਵਾਰਿਸ ਹੈ- ਬੇਟੀ ਪਾਰਸ ਹੈ।
ਬੇਟਾ ਬੰਸ਼ ਹੈ- ਬੇਟੀ ਅੰਸ਼ ਹੈ।
ਬੇਟਾ ਆਨ ਹੈ- ਬੇਟੀ ਸ਼ਾਨ ਹੈ।
ਬੇਟਾ ਤਨ ਹੈ- ਬੇਟੀ ਮਨ ਹੈ।
ਬੇਟਾ ਮਾਨ ਹੈ- ਬੇਟੀ ਗੁਮਾਨ ਹੈ।
ਬੇਟਾ ਸੰਸਕਾਰ ਹੈ- ਬੇਟੀ ਸੰਸਕ੍ਰਿਤੀ ਹੈ।
ਬੇਟਾ ਰਾਗ ਹੈ- ਬੇਟੀ ਬਾਗ ਹੈ।
ਬੇਟਾ ਦਵਾ ਹੈ- ਬੇਟੀ ਦੁਆ ਹੈ।
ਬੇਟਾ ਭਾਗਯ ਹੈ- ਬੇਟੀ ਵਿਧਾਤਾ ਹੈ।
ਬੇਟਾ ਸ਼ਬਦ ਹੈ- ਬੇਟੀ ਅਰਥ ਹੈ।
ਬੇਟਾ ਗੀਤ ਹੈ- ਬੇਟੀ ਸੰਗੀਤ ਹੈ।
ਬੇਟਾ ਪ੍ਰੇਮ ਹੈ- 'ਬੇਟੀ ਪੂਜਾ ਹੈ'।

# 'ਮੁਕਤਸਰ ਦਾ ਯੁੱਧ' (29 ਦਸੰਬਰ 1705)



ਕਲਗੀਧਰ ਦਸਮੇਸ਼ ਪਿਤਾ ਜੀ ਦੇ ਸਮੇਂ ਸਿੱਖ ਧਰਮ ਦੀ ਹਰਮਨ ਪਿਆਰਤਾ ਨਿਰੰਤਰ ਵਧਦੀ ਵੇਖ ਕੇ ਹਿੰਦੂ ਪਹਾੜੀ ਰਾਜੇ ਅਤੇ ਮੁਗਲ ਇਸਨੂੰ ਸਾਮਰਾਜ ਲਈ ਖਤਰਾ ਸਮਝਣ ਲੱਗ ਪਏ ਸਨ। ਗੁਰੂ ਜੀ ਨੇ ਸਿੰਘਾਂ ਨੂੰ ਅੰਮ੍ਰਿਤ ਦੀ ਦਾਤ ਬਖਸ਼ ਕੇ ਇਹ ਅਹਿਸਾਸ ਦਿਵਾਇਆ ਕਿ ਉਹ ਬਲਹੀਣ ਨਹੀਂ ਹਨ, ਸਗੋਂ ਉਨ੍ਹਾਂ ਨੂੰ ਆਪਣੇ ਅੰਦਰਲੀ ਸ਼ਕਤੀ ਨੂੰ ਪਛਾਨਣ ਦੀ ਲੋੜ ਹੈ। ਗੁਰੂ ਜੀ ਤਲਵਾਰ ਨੂੰ ਸੰਘਰਸ਼ ਸ਼ਕਤੀ ਦਾ ਪ੍ਰਤੀਕ ਮੰਨਦੇ ਸਨ। ਉਹਨਾਂ ਨੇ ਬਹੁਤ ਸਾਰੇ ਯੁੱਧ ਲੜੇ ਅਤੇ ਜਿੱਤੇ ਵੀ। ਪਰ ਕਿਸੇ ਦੇ ਇਲਾਕੇ 'ਤੇ ਕਬਜਾ ਨਹੀਂ ਕੀਤਾ। ਕਿਸੇ ਦੇ ਧਨ-ਮਾਲ ਜਾਂ ਇੱਜਤ ਲੁੱਟੇ ਜਾਣ, ਭੱਜੇ ਜਾਂਦੇ ਜਾਂ ਸੁੱਤੇ ਪਏ ਵੈਰੀ 'ਤੇ ਵਾਰ ਨਾ ਕੀਤਾ। ਕਿਸੇ ਬੁੱਢੇ, ਬੱਚੇ ਜਾਂ ਔਰਤ ਤੇ ਵਾਰ ਨਹੀਂ ਕੀਤਾ। ਉਹਨਾਂ ਨੇ ਪਹਿਲਾਂ ਕਿਸੇ 'ਤੇ ਹਮਲਾ ਨਹੀਂ ਕੀਤਾ। ਜਿੱਤ ਲਈ ਜੂਝਣ ਅਤੇ ਜਿੱਤ ਪ੍ਰਾਪਤ ਕਰਨ ਵਿਚ ਅਟੁੱਟ ਵਿਸ਼ਵਾਸ ਰੱਖਦੇ ਸਨ। ਕੋਈ ਵੀ ਯੁੱਧ ਜਰ, ਜੋਰੂ ਜਾਂ ਜ਼ਮੀਨ ਵਾਸਤੇ ਨਹੀਂ ਲੜਿਆ। ਉਹਨਾਂ ਹਮੇਸ਼ਾ ਨਿਮਾਣਿਆਂ, ਨਿਤਾਣਿਆਂ, ਨੀਵਿਆਂ ਅਤੇ ਲਿਤਾੜਿਆਂ ਦੇ ਹੱਕ-ਸੱਚ ਤੇ ਬਰਾਬਰੀ ਲਈ ਹੀ ਸੰਘਰਸ਼ ਕੀਤਾ ਅਤੇ ਸਰਬੰਸ ਦਾਨ ਕੀਤਾ।

ਇਨ ਪੁਤਰਨ ਕੇ ਸੀਸ ਪੇ ਵਾਰ ਦੀਏ ਸੁਤ ਚਾਰ

ਚਾਰ ਮੂਏ ਤੋ ਕਿਆ ਭਇਆ, ਏ ਜੀਵਤ ਕਈ ਹਜਾਰ।



ਪ੍ਰਮਿੰਦਰ ਸਿੰਘ ਪ੍ਰਵਾਨਾ
510-781-0487

ਉਹਨਾਂ ਪੰਜ ਪਿਆਰਿਆਂ, ਚਾਲੀ ਮੁਕਤਿਆਂ ਦੀ ਲਾਸਾਨੀ ਵਫਾਦਾਰੀ ਅਤੇ ਕੁਰਬਾਨੀ ਤੋਂ ਲੈ ਕੇ ਸਿੱਖਾਂ ਵਿਚ ਇੰਨੀ ਸ਼ਰਧਾ ਅਤੇ ਜੋਸ਼ ਭਰ ਦਿੱਤਾ ਕਿ ਉਹ ਸ਼ਹੀਦੀਆਂ ਪਾਉਣ ਲਈ ਖੁਸ਼ੀ-ਖੁਸ਼ੀ ਅੱਗੇ ਆਉਣ ਲੱਗੇ, ਜਿਸ ਦੀ ਲਾਸਾਨੀ ਮਿਸਾਲ 29 ਦਸੰਬਰ 1705 ਦੇ ਮੁਕਤਸਰ ਦੇ ਯੁੱਧ ਵਿਚ ਮਿਲਦੀ ਹੈ। ਇਹ ਗੁਰੂ ਜੀ ਦੇ ਯੁੱਧ ਕਾਲ ਦਾ ਆਖਰੀ ਤੇ ਫੈਸਲਾਕੁੰਨ ਯੁੱਧ ਸੀ, ਜਿਸ ਵਿਚ ਔਰੰਗਜੇਬ ਰਾਜ ਦਾ ਅੰਤ ਹੋਇਆ।

ਗੁਰੂ ਜੀ ਜਦੋਂ ਆਨੰਦਪੁਰ ਦੇ ਧਰਮ ਯੁੱਧ ਮੋਰਚੇ ਵਿਚ ਲੰਮੇ ਸਮੇਂ ਤੋਂ ਡਟੇ ਹੋਏ ਸਨ ਤਾਂ ਮੁਗਲਾਂ ਅਤੇ ਪਹਾੜੀ ਰਾਜਿਆਂ ਨੇ ਚਾਹਿਆ ਕਿ ਗੁਰੂ ਜੀ ਆਨੰਦਪੁਰ ਛੱਡ ਜਾਣ। ਇਸ ਲਈ ਬਹਾਨੇ ਨਾਲ ਉਹਨਾਂ ਨੇ ਕਸਮਾਂ ਖਾਧੀਆਂ ਕਿ ਜੇਕਰ ਗੁਰੂ ਜੀ ਆਨੰਦਪੁਰ ਦਾ ਕਿਲਾ ਛੱਡ ਦੇਣ ਤਾਂ ਉਹਨਾਂ ਨੂੰ ਕੋਈ ਨੁਕਸਾਨ ਨਹੀਂ ਪਹੁੰਚਾਇਆ ਜਾਵੇਗਾ ਪਰ ਉਹਨਾਂ ਨੇ ਤਾਂ ਸਿੱਖਾਂ ਦਾ ਖੁਰਾ-ਖੋਜ ਮਿਟਾਉਣ ਅਤੇ ਗੁਰੂ ਜੀ ਨੂੰ ਜਿੰਦਾ ਗ੍ਰਿਫਤਾਰ ਕਰਕੇ ਅਧੀਨ ਕਰਨ ਦਾ ਮਨ ਬਣਾਇਆ ਹੋਇਆ ਸੀ। ਗੁਰੂ ਜੀ ਚਮਕੌਰ ਸਾਹਿਬ ਦੀ ਲੜਾਈ ਅਤੇ ਬਿਖੜਿਆਂ ਪੈਂਡਿਆਂ, ਮਾਛੀਵਾੜਾ ਕਾਂਗੜ ਤੋਂ ਹੁੰਦੇ ਹੋਏ ਕੋਟਕਪੁਰਾ ਪੁੱਜੇ ਤੇ ਮੁਗਲ ਫੌਜਾਂ ਨੇ ਆਪਣੇ ਇਕਰਾਰ ਤੋੜ ਕੇ ਗੁਰੂ ਜੀ ਦਾ ਪਿੱਛਾ ਕਰਨਾ ਸ਼ੁਰੂ ਕਰ ਦਿੱਤਾ। ਗੁਰੂ ਜੀ ਕੋਲ ਸਮਰਪਿਤ ਸਿੰਘ ਸਨ ਜੋ ਜਾਨ ਦੀ ਪਰਵਾਹ ਕੀਤੇ ਬਿਨਾਂ ਕੁਰਬਾਨੀ ਲਈ ਤਿਆਰ ਸਨ। ਗੁਰੂ ਜੀ ਰਾਮੇਆਣੇ ਤੇ ਖਿਦਰਾਣੇ ਵੱਲ ਵਧਣ ਲੱਗੇ। ਤਦ ਤੱਕ ਮਾਈ ਭਾਗੋ ਦੀ ਅਗਵਾਈ ਹੇਠ 40 ਸਿੰਘਾਂ ਦਾ ਜਥਾ ਗੁਰੂ ਜੀ ਦੀ ਮਦਦ ਲਈ ਖਿਦਰਾਣੇ ਦੀ ਢਾਬ 'ਤੇ ਪੁੱਜਿਆ। ਇਹ ਉਹ ਸਿੰਘ ਸਨ ਜੋ ਆਨੰਦਪੁਰ ਛੱਡਣ ਦੇ ਅਖੀਰਲੇ ਦਿਨਾਂ ਵਿਚ ਗੁਰੂ ਜੀ ਤੋਂ ਵਿੱਛੜ ਗਏ ਸਨ।

ਦੁਸ਼ਮਣ ਅਤੇ ਸ਼ਾਹੀ ਫੌਜ ਨੇੜੇ ਪਹੁੰਚ ਚੁੱਕੀ ਸੀ। ਗੁਰੂ ਜੀ ਉਸ ਸਮੇਂ ਅਜਿਹੀ ਜਗ੍ਹਾ ਦੀ ਤਲਾਸ਼ ਵਿਚ ਸਨ, ਜਿੱਥੇ ਦੁਸ਼ਮਣਾਂ ਨੂੰ ਘੇਰਿਆ ਜਾ ਸਕੇ ਅਤੇ ਦੁਸ਼ਮਣ ਦਾ ਮੁਕਾਬਲਾ ਵਿਉਂਤਬੰਦੀ ਨਾਲ ਕੀਤਾ ਜਾ ਸਕੇ। ਤਦ ਗੁਰੂ ਜੀ ਨੇ ਖਿਦਰਾਣੇ ਦੀ ਢਾਬ ਤੇ ਮੋਰਚਾ ਲਾਉਣਾ ਮੁਨਾਸਿਬ ਸਮਝਿਆ। ਜੋ ਕਿ ਢਾਬ ਝਾੜੀਆਂ ਨਾਲ ਘਿਰੀ ਹੋਈ ਸੀ। ਸਭ ਤੋਂ ਵੱਡੀ ਗੱਲ ਇਹ ਸੀ ਕਿ ਉਥੇ ਪਾਣੀ ਦਾ ਭੰਡਾਰ ਸੀ। ਜਦਕਿ ਦੂਰ-ਦੂਰ ਤੱਕ ਪਾਣੀ ਨਹੀਂ ਸੀ ਮਿਲਦਾ। ਗੁਰੂ ਜੀ ਨੇ ਤੰਬੂ ਲਗਾ ਕੇ ਢਾਬ ਨੂੰ ਇਕ ਵਿਸ਼ਾਲ ਫੌਜੀ ਛਾਉਣੀ ਵਿਚ ਬਦਲ ਦਿੱਤਾ। ਮੁਗਲ ਫੌਜਾਂ ਨੇ ਅੰਮ੍ਰਿਤ ਵੇਲੇ ਹਮਲਾ ਕਰ ਦਿੱਤਾ। ਸਿੰਘਾਂ ਨੇ ਰਣਨੀਤੀ ਬਣਾਈ ਕਿ ਵਾਰੀ-ਵਾਰੀ ਸਿੰਘ ਟਾਕਰੇ ਲਈ ਜਾਣਗੇ। ਉਹਨਾਂ ਦੀ ਹਿਫਾਜ਼ਤ ਲਈ ਪੰਜ ਸਿੰਘਾਂ ਨੂੰ ਨਾਲ ਨਾਲ ਭੇਜਿਆ ਜਾਣ ਲੱਗਾ। ਗੁਰੂ ਜੀ ਟਿੱਬੇ ਤੇ ਸਮੇਂ ਸਮੇਂ ਤੀਰਾਂ ਦੀ ਬੁਛਾੜ ਹੇਠਾਂ ਵੱਲ ਕਰਦੇ ਰਹੇ। ਉਹਨਾਂ ਨੇ ਇਸੇ ਤਰ੍ਹਾਂ ਹੀ ਦੁਸ਼ਮਣ ਨੂੰ ਉਲਝਾਈ ਰੱਖਿਆ। ਸਭ ਤੋਂ ਅਹਿਮ ਗੱਲ ਇਹ ਹੋ ਨਿੱਬੜੀ ਕਿ ਸਿੰਘਾਂ ਦਾ ਪਾਣੀ 'ਤੇ ਕਬਜਾ ਸੀ। ਦੁਸ਼ਮਣਾਂ ਨੂੰ ਨੇੜੇ ਤੇੜੇ ਪਾਣੀ ਲੱਭਣਾ ਮੁਸ਼ਕਿਲ ਹੋ ਗਿਆ। ਲੜਾਈ ਗਹਿਗੱਚ ਹੋ ਚੁੱਕੀ ਸੀ। ਇਸ ਘਮਾਸਾਨ ਯੁੱਧ ਵਿਚ ਮੁਗਲ ਫੌਜ ਦੇ ਕਮਾਂਡਰ ਅਜਿਹੇ ਉਲਝੇ ਕਿ ਇਕ ਤਾਂ ਪਾਣੀ ਨਾ ਮਿਲਿਆ, ਉਪਰੋਂ ਗੁਰੂ ਜੀ ਸਾਹਮਣੇ ਢਾਬ ਦੀ ਉਚਾਈ ਤੋਂ ਤੀਰ ਛੱਡ ਰਹੇ ਸਨ। ਇਸ ਆਹਮੋ-ਸਾਹਮਣੇ ਦੀ ਟੱਕਰ ਵਿਚ ਮੁਗਲ ਫੌਜ ਨਾ ਟਿਕ ਸਕੀ। ਮੁਗਲ ਫੌਜ ਭੁਲੇਖੇ ਵਿਚ ਰਹੀ ਕਿ ਇੱਥੇ ਭਾਰੀ ਗਿਣਤੀ ਵਿਚ ਫੌਜ ਹੋਵੇਗੀ ਜੋ ਇਕ ਫੌਜੀ ਛਾਉਣੀ ਬਣਾਈ ਬੈਠੇ ਹਨ। ਪਰ ਸਿਰਫ 250 ਸਿੰਘਾਂ ਦੀ ਫੌਜ ਨੇ ਲੱਗਭੱਗ 20 ਹਜ਼ਾਰ ਦਾ ਟਾਕਰਾ ਬੜੀ ਦਲੇਰੀ ਨਾਲ ਕੀਤਾ। ਇਸ ਤਰ੍ਹਾਂ ਸਿੰਘਾਂ ਨੇ ਅਦੁੱਤੀ ਬਹਾਦਰੀ ਦਾ ਸਬੂਤ ਦਿੰਦੇ ਹੋਏ ਦੁਸ਼ਮਣਾਂ ਦੇ ਆਹੂ ਲਾਹ ਦਿੱਤੇ ਪਰ ਆਪਣੀ ਜਾਨ ਦੀ ਪਰਵਾਹ ਨਾ ਕਰਦੇ ਹੋਏ ਸ਼ਹੀਦੀਆਂ ਪ੍ਰਾਪਤ ਕਰ ਗਏ। ਮੁਗਲ ਫੌਜ ਦਾ 4000 ਦਾ ਜਾਨੀ ਨੁਕਸਾਨ ਹੋਇਆ। ਗੁਰੂ ਜੀ ਦੀ ਫੌਜ ਵਿਚ ਜਿਹਨਾਂ ਨੇ ਸ਼ਹੀਦੀਆਂ ਪ੍ਰਾਪਤ ਕੀਤੀਆਂ, ਉਹਨਾਂ ਵਿਚ ਲਾਗਲੇ ਪਿੰਡਾਂ ਦੇ ਕਿਸਾਨ ਅਤੇ ਕਾਰੀਗਰ ਵੀ ਸਨ।

ਮੁਗਲ ਫੌਜ ਨੂੰ ਅਹਿਸਾਸ ਹੋ ਗਿਆ ਕਿ ਗੁਰੂ ਜੀ ਦੀ ਅਗਵਾਈ ਹੇਠ ਜੋ ਫੌਜ ਤੋਂ ਉਸਦਾ ਟਾਂਕਰਾ ਕਰਨਾ ਸੰਭਵ ਨਹੀਂ ਹੈ। ਉਸਨੇ ਸਬਕ ਸਿੱਖ ਲਿਆ ਕਿ ਸਿੰਘਾਂ ਨੂੰ ਖਤਮ ਨਹੀਂ ਕੀਤਾ ਜਾ ਸਕਦਾ। ਇਸ ਤਰ੍ਹਾਂ ਖਾਲਸੇ ਦੀ ਜਿੱਤ ਹੋਈ। ਗੁਰੂ ਜੀ ਰਣਭੂਮੀ ਵਿਚ ਉਤਰੇ। ਉਹਨਾਂ ਨੂੰ ਪਤਾ ਲੱਗਾ ਕਿ ਜਿਹੜੇ ਸਿੰਘ ਆਨੰਦਪੁਰ ਤੋਂ ਵਿੱਛੜ ਗਏ ਸਨ, ਉਹ ਜਾਂ ਤਾਂ ਜ਼ਖਮੀ ਹਨ ਜਾਂ ਸ਼ਹੀਦੀਆਂ ਪਾ ਚੁੱਕੇ ਹਨ।

ਗੁਰੂ ਜੀ ਨੇ ਸੂਰਮਿਆਂ ਦੇ ਮੁਖੜੇ ਪਿਆਰ ਨਾਲ ਪੂੰਝੇ ਅਤੇ ਸ਼ਹੀਦੀਆਂ ਦਾ ਮੁੱਲ ਪਾਉਂਦੇ ਵਰ ਦਿੰਦੇ ਗਏ। ਉਸ ਸਮੇਂ ਰਾਏ ਸਿੰਘ ਦੇ ਪੁੱਤਰ ਭਾਇ ਮਹਾਂ ਸਿੰਘ ਨੂੰ ਜਾ ਡਿੱਠਾ। ਮਹਾਂ ਸਿੰਘ ਦਾ ਮੁਖੜਾ ਸਾਫ ਕਰਕੇ ਉਸਦਾ ਸੀਸ ਗੋਦ ਵਿਚ ਰੱਖ ਕੇ ਪਾਣੀ ਮੂੰਹ ਵਿਚ ਪਾਇਆ, ਸੀਨੇ ਨਾਲ ਲਾਇਆ। ਗੁਰੂ ਜੀ ਆਖਣ ਲੱਗੇ। ਭਾਈ ਮਹਾਂ ਸਿੰਘ ਤੂੰ ਸਿੱਖੀ ਸੰਗਤ ਦੀ ਲਾਜ ਰੱਖ ਲਈ ਹੈ। ਜੰਗ ਵਿਚ ਹਿੱਸਾ ਲੈ ਕੇ ਦੁਸ਼ਮਣਾਂ ਦੇ ਦੰਦ ਖੱਟੇ ਕੀਤੇ ਹਨ। ਤੂੰ ਵਰ ਮੰਗ ਲੈ ਜੋ ਮੰਗਣਾ ਹੈ। ਭਾਈ ਮਹਾਂ ਸਿੰਘ ਨੇ ਕਿਹਾ ਦਸਮੇਸ਼ ਪਿਤਾ ਤੁਹਾਡੇ ਦਰਸ਼ਨ ਹੋ ਗਏ, ਹੋਰ ਕੀ ਮੰਗਾਂ, ਮੈਨੂੰ ਇਸ ਵਿਚ ਹੀ ਸਭ ਕੁਝ ਮਿਲ ਗਿਆ ਹੈ। ਗੁਰੂ ਜੀ ਨੇ ਫਿਰ ਕਿਹਾ, ਹੋਰ ਕੁਝ ਮੰਗ ਲੈ। ਭਾਈ ਮਹਾਂ ਸਿੰਘ ਨੇ ਕਿਹਾ ਦਸਮੇਸ਼ ਪਿਤਾ ਜੀ ਜੇ ਤੁਠੇ ਹੋ ਤਾਂ ਮੈਨੂੰ ਅਤੇ ਮੇਰੇ ਨਾਲ ਦੇ ਜਥੇ ਦੇ ਸਾਥੀਆਂ ਨੂੰ ਮਾਫ ਕਰ ਦਿਓ।

ਜੋ ਆਨੰਦਪਰ ਆਪ ਜੀ ਦੀ ਸੇਵਾ ਵਿਚ ਨਹੀਂ ਰਹਿ ਸਕੇ ਅਤੇ ਵਿੱਛੜ ਗਏ ਸਾਂ। ਗੁਰੂ ਜੀ ਨੇ ਕਿਹਾ, ਭਾਈ ਮਹਾਂ ਸਿੰਘ ਤੂੰ ਸਭ ਦੀ ਲਾਜ ਰੱਖ ਲਈ ਹੈ ਅਤੇ ਬਖਸ਼ਾ ਲਿਆ ਹੈ। ਭਾਈ ਮਹਾਂ ਸਿੰਘ ਦੀ ਆਤਮਾ ਸ਼ਾਂਤ ਹੋ ਗਈ, ਹਿਰਸ ਵਿਚ ਅੱਥਰੂ ਨਿਕਲ ਆਏ ਤੇ ਸ਼ਹੀਦੀ ਪਾ ਗਏ। ਫਿਰ ਗੁਰੂ ਜੀ ਮਾਈ ਭਾਗੋ ਪਾਸ ਪਹੁੰਚੇ, ਜਿਹਨਾਂ ਨੇ ਭਾਈ ਮਹਾਂ ਸਿੰਘ ਨਾਲ ਜਥੇ ਦੀ ਅਗਵਾਈ ਕੀਤੀ ਸੀ। ਉਹਨਾਂ ਨੂੰ ਗੁਰੂ ਜੀ ਨੇ ਭਾਈ ਮਹਾਂ ਸਿੰਘ ਦਾ ਅੰਤਿਮ ਸਮਾਂ ਦੱਸਿਆ ਕਿ ਉਹਨਾਂ ਨੇ ਟੁੱਟੀ ਗੰਢ ਲਈ ਹੈ। ਗੁਰੂ ਜੀ ਨੇ ਮਾਈ ਭਾਗੋ ਜੀ ਨੂੰ ਸੇਵਾ ਵਿਚ ਰਹਿਣ ਦਾ ਬਲ ਬਖਸ਼ਿਆ।

ਗੁਰੂ ਜੀ ਨੇ ਆਪਣੇ ਹੱਥੀਂ ਸ਼ਹੀਦਾਂ ਦਾ ਸਸਕਾਰ ਕੀਤਾ, ਜਿੱਥੇ ਗੁਰਦੁਆਰਾ 'ਸ਼ਹੀਦ ਗੰਜ' ਹੈ। ਇੱਥੇ ਆਪ ਨੇ ਬਚਨ ਕੀਤਾ ਕਿ ਇਹ ਚਾਲੀ ਸਿੰਘ ਹੁਣ ਚਾਲੀ ਮੁਕਤੇ ਹਨ। ਯੁੱਧ ਅਸਥਾਨ ਨੂੰ ਮੁਕਤਸਰ ਦਾ ਖਿਤਾਬ ਦਿੱਤਾ। ਇੱਥੇ ਇਤਿਹਾਸਕ ਗੁਰਦੁਆਰਾ ਟੁੱਟੀ ਗੰਢ ਹੈ। ਮੁਕਤਸਰ ਦੇ ਸ਼ਹੀਦਾਂ ਤੋਂ ਪ੍ਰੇਰਨਾ ਮਿਲਦੀ ਹੈ ਕਿ ਹੱਕ-ਸੱਚ ਅਤੇ ਧਰਮ ਲਈ ਜੁਲਮ ਦੇ ਖਿਲਾਫ ਸੰਘਰਸ਼ਮਈ ਰਹਿਣਾ। ਇਸ ਯੁੱਧ ਦਾ ਸੁਨੇਹਾ ਹੈ ਕਿ ਇਹ ਸਾਡਾ ਗੌਰਵਮਈ ਬਹਾਦਰੀ ਦਾ ਵਿਰਸਾ ਹੈ, ਜਿਸ ਤੋਂ ਸਾਨੂੰ ਹਮੇਸ਼ਾ ਅਗਵਾਈ ਮਿਲਦੀ ਰਹੇਗੀ।

# ਯੁੱਗ ਪੁਰਸ਼ ਸਵਾਮੀ ਵਿਵੇਕਾਨੰਦ



ਸਵਾਮੀ ਵਿਵੇਕਾਨੰਦ ਭਾਰਤੀ ਇਤਿਹਾਸ ਅਤੇ ਭਾਰਤੀ ਸਿੱਖਿਆ ਫ਼ਲਸਫ਼ੇ ਵਿੱਚ ਉੱਚ ਸਥਾਨ ਰੱਖਦੇ ਹਨ। ਉਹਨਾਂ ਦਾ ਅਸਲੀ ਨਾਂ ਨਰਿੰਦਰ ਨਾਥ ਦੱਤ ਸੀ ਤੇ ਉਹਨਾਂ ਦਾ ਜਨਮ 12 ਜਨਵਰੀ 1863 ਈ. ਵਿੱਚ ਕਲਕੱਤਾ ਦੇ ਉੱਚ ਪੱਧਰੀ ਪਰਿਵਾਰ ਵਿੱਚ ਹੋਇਆ। ਉਹਨਾਂ ਦੇ ਪਿਤਾ ਵਿਸ਼ਵਨਾਥ ਦੱਤ ਪੱਛਮੀ ਸੱਭਿਅਤਾ ਅਨੁਸਾਰ ਜੀਵਨ ਬਤੀਤ ਕਰਦੇ ਸਨ। ਉਹ ਆਪਣੇ ਪੁੱਤਰ ਨੂੰ ਅੰਗਰੇਜ਼ੀ ਪੜ੍ਹਾ ਕੇ ਪੱਛਮੀ ਸੱਭਿਅਤਾ ਵੱਲ ਪ੍ਰੇਰਿਤ ਕਰਨਾ ਚਾਹੁੰਦੇ ਸਨ। ਉਹ ਬਚਪਨ ਤੋਂ ਹੀ ਵਿਸ਼ੇਸ਼ ਪ੍ਰਤੀਭਾ ਦੇ ਗਿਆਤਾ ਸਨ ਅਤੇ ਉਹਨਾਂ ਵਿੱਚ ਪਰਮਾਤਮਾ ਨੂੰ ਪ੍ਰਾਪਤ ਕਰਨ ਦੀ ਲਾਲਸਾ ਵੀ ਪ੍ਰਬਲ ਸੀ।ਪਹਿਲਾਂ ਉਹ ਬ੍ਰਹਮ ਸਮਾਜ ਵਿੱਚ ਗਏ ਪ੍ਰੰਤੂ ਉੱਥੇ ਉਹਨਾਂ ਨੂੰ ਉਹ ਸੁੱਖ ਨਾ ਮਿਲਿਆ ਜਿਸ ਦੀ ਕਾਮਨਾ ਉਹਨਾਂ ਨੇ ਕੀਤੀ ਸੀ। ਉਹਨਾਂ ਦੀ ਪਰਵਰਿਸ਼ ਬੜੇ ਚੰਗੇ ਢੰਗ ਨਾਲ ਹੋਈ ਅਤੇ ਉਹਨਾਂ ਨੇ ਭਾਰਤੀ ਸਿਧਾਂਤਾਂ ਨੂੰ ਆਪਣੇ ਜੀਵਨ ਵਿੱਚ ਅਪਣਾਇਆ। ਗਰੀਬੀ ਦੀ ਹਾਲਤ ਵਿੱਚ ਵੀ ਨਰਿੰਦਰ ਦੂਜਿਆਂ ਪ੍ਰਤੀ ਸੇਵਾ-ਭਾਵ ਦੀ ਭਾਵਨਾਂ ਰੱਖਦੇ ਸਨ। ਉਹ ਆਪ ਖਾਣਾ ਖਾ ਕੇ ਦੂਜਿਆਂ ਨੂੰ ਖ਼ਿਲਾਉਂਦੇ, ਰਾਤ ਨੂੰ ਆਪ ਬਾਹਰ ਰਹਿੰਦੇ ਦੂਜਿਆਂ ਨੂੰ ਰੁਕਣ ਲਈ ਕਹਿੰਦੇ।

ਇੱਕ ਬਾਰ ਜਦੋਂ ਨਰਿੰਦਰ ਲੋਕਾਂ ਕੋਲੋਂ ਰਾਮਕਰਿਸ਼ਨ ਪਰਮਹੰਸ ਦੀ ਪ੍ਰਸੰਸਾ ਸੁਣ ਕੇ ਉਹਨਾਂ ਕੋਲ਼ ਆਪਣੇ ਕੀਈ ਪ੍ਰਸ਼ਨ ਲੈ ਕੇ ਤਰਕ ਕਰਨ ਦੇ ਇਰਾਦੇ ਨਾਲ ਗਏ ਤਾਂ ਇਹ ਪਰਮਹੰਸ ਜੀ ਤੋਂ ਬਹੁਤ ਪ੍ਰਭਾਵਿਤ ਹੋਏ । ਪਰਮਹੰਸ ਜੀ ਨੇ ਇਹਨਾਂ ਨੂੰ ਪਹਿਚਾਣ

ਜੋਤੀ ਖੰਨਾ 91-62396-00623

ਲਿਆ ਜਿਸਦਾ ਇੰਤਜ਼ਾਰ ਪਰਮਹੰਸ ਜੀ ਕਾਫੀ ਸਮੇਂ ਤੋਂ ਕਰ ਰਹੇ ਸਨ, ਨਰਿੰਦਰ ਉਹੀ ਸੀ। ਪਰਮਹੰਸ ਜੀ ਦੀ ਕਿਰਪਾ ਨਾਲ ਇਹਨਾਂ ਨੂੰ ਆਤਮ- ਦਰਸ਼ਨ ਹੋਏ, ਸਿੱਟੇ ਵਜੋਂ ਨਰਿੰਦਰ ਪਰਮਹੰਸ ਦੇ ਉਹਨਾਂ ਦੇ ਪ੍ਰਮੁੱਖ ਚੇਲੇ ਬਣ ਗਏ। ਪਰਮਹੰਸ ਜੀ ਦੇ ਸੰਪਰਕ ਵਿੱਚ ਆਉਣ ਤੋਂ ਬਾਦ ਉਹ ਸਨਿਆਸੀ ਬਣ ਗਏ ਜਿਸ ਤੋਂ ਬਾਅਦ ਉਹ ਨਰਿੰਦਰ ਤੋਂ ਵਿਵੇਕਾਨੰਦ ਬਣ ਕੇ ਜਾਣੇ ਗਏ।

ਗੁਰੂ ਦੀ ਸੇਵਾ ਭਾਵ ਦੀ ਉਹਨਾਂ ਨੇ ਇੱਕ ਮਿਸਾਲ ਪ੍ਰਸਤੁਤ ਕੀਤੀ । ਉਹਨਾਂ ਨੇ ਆਪਣੀ ਸੇਵਾ ਭਾਵ ਨਾਲ ਗੁਰੂ ਜੀ ਦੇ ਅੰਤਿਮ ਦਿਨਾਂ ਵਿੱਚ ਉਹਨਾਂ ਨਾਲ ਰਹਿ ਕੇ ਉਹਨਾਂ ਦੀ ਹਰ ਪ੍ਰਕਾਰ ਨਾਲ ਸੇਵਾ ਕੀਤੀ। 25 ਸਾਲ ਦੀ ਉਮਰ ਵਿੱਚ ਨਰਿੰਦਰ ਦੱਤ ਨੇ ਸੰਨਿਆਸੀ ਵਾਲਾ ਚੋਲਾ ਪਾ ਲਿਆ। ਇਸ ਮਗਰੋਂ ਇਹਨਾਂ ਨੇ ਪੂਰੇ ਭਾਰਤਵਰਸ਼ ਦੀ ਯਾਤਰਾ ਕੀਤੀ। ਸੰਨ 1893 ਈ. ਵਿੱਚ ਸ਼ਿਕਾਂਗੋ(ਅਮਰੀਕਾ) ਵਿੱਚ ਵਿਸ਼ਵ ਧਰਮ ਪਰਿਸ਼ਦ ਹੋ ਰਹੀ ਸੀ ਜਿੱਥੇ ਸਵਾਮੀ ਵਿਵੇਕਾਨੰਦ ਭਾਰਤ ਦੇ ਪ੍ਰਤੀਨਿਧ ਵਜੋਂ ਪੁੱਜੇ ਸੀ।ਯੂਰਪ- ਅਮਰੀਕਾ ਦੇ ਲੋਕ ਉਸ ਸਮੇਂ ਗੁਲਾਮ ਦੇਸ਼ ਭਾਰਤ ਦੇ ਲੋਕਾਂ ਨੂੰ ਬੜੇ ਹੀਣ ਭਾਵ ਨਾਲ ਦੇਖਦੇ ਸਨ। ਇੱਥੇ ਤੱਕ ਕਈ ਦੇਸ਼ਾਂ ਨੇ ਕੋਸ਼ਿਸ਼ ਕੀਤੀ ਕਿ ਵਿਵੇਕਾਨੰਦ ਨੂੰ ਬੋਲਣ ਦਾ ਸਮਾਂ ਹੀ ਨਾ ਮਿਲੇ। ਇੱਕ ਅਮਰੀਕਨ ਪ੍ਰੋਫ਼ੈਸਰ ਦੀ ਕੋਸ਼ਿਸ ਸਦਕਾ ਉਹਨਾਂ ਨੂੰ ਬੋਲਣ ਦਾ ਥੋੜ੍ਹਾ ਮੌਕਾ ਮਿਲਿਆ। ਪਰੰਤੂ ਉਹਨਾਂ ਦੇ ਵਿਚਾਰ ਸੁਣ ਕੇ ਸਭਾ ਵਿੱਚ ਬੈਠੇ ਉੱਘੇ ਵਿਦਵਾਨ ਵੀ ਹੈਰਾਨ ਰਹਿ ਗਏ। ਉਹਨਾਂ ਨੂੰ ਇਸ ਭਾਸ਼ਨ ਸਦਕਾ ਪੂਰਾ ਵਿਸ਼ਵ ਜਾਨਣ ਲੱਗਾ।

ਅਮਰੀਕਾ ਦੇ ਲੋਕਾਂ ਨੇ ਉਹਨਾਂ ਦਾ ਬਹੁਤ ਧੰਨਵਾਦ ਕੀਤਾ । ਤਿੰਨ ਸਾਲਾਂ ਤੱਕ ਉਹ ਅਮਰੀਕਾ ਹੀ ਰਹੇ ਤੇ ਉੱਥੇ ਰਹਿ ਕੇ ਭਾਰਤੀ ਸ਼ਾਸ਼ਤਰ ਦਾ ਗਿਆਨ ਪ੍ਰਦਾਨ ਕੀਤਾ। ਵਿਵੇਕਾਨੰਦ ਨੇ ਅਮਰੀਕਾ ਵਿੱਚ ਰਾਮਕਰਿਸ਼ਨ ਮਿਸ਼ਨ ਦੀਆਂ ਅਨੇਕ ਸ਼ਾਖਾਵਾਂ ਸਥਾਪਿਤ ਕੀਤੀਆਂ। 4 ਜੁਲਾਈ 1902 ਈ. ਨੂੰ ਉਹਨਾਂ ਨੇ ਆਪਣਾ ਸ਼ਰੀਰ ਤਿਆਗ ਦਿੱਤਾ।

# ਭੁੱਲਰ ਦੀ ਸਜ਼ਾ ਮੁਆਫ਼ੀ ਦੇ ਫ਼ੈਸਲੇ 'ਤੇ ਸੁਪਰੀਮ ਕੋਰਟ ਵਲੋਂ ਰੋਕ



ਨਵੀਂ ਦਿੱਲੀ- 1993 'ਚ ਦਿੱਲੀ 'ਚ ਹੋਏ ਬੰਬ ਧਮਾਕੇ ਦੇ ਦੋਸ਼ 'ਚ ਸਜ਼ਾ ਕੱਟ ਰਹੇ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੀ ਸਜ਼ਾ ਨੂੰ ਲੈ ਕੇ ਸੁਪਰੀਮ ਕੋਰਟ ਨੇ ਕੇਂਦਰ ਸਰਕਾਰ ਦੇ ਫ਼ੈਸਲੇ 'ਤੇ ਰੋਕ ਲਗਾ ਦਿੱਤੀ ਹੈ। ਜਸਟਿਸ ਆਰ.ਐੈਫ਼ ਨਰੀਮਾਨ ਦੀ ਅਗਵਾਈ ਹੇਠਲੇ ਸੁਪਰੀਮ ਕੋਰਟ ਦੇ ਬੈਂਚ ਨੇ ਕੇਂਦਰ ਸਰਕਾਰ ਨੂੰ ਹਦਾਇਤ ਕੀਤੀ ਹੈ ਕਿ ਦਵਿੰਦਰਪਾਲ ਸਿੰਘ ਭੁੱਲਰ ਨੂੰ ਹਾਲੇ ਜੇਲ੍ਹ 'ਚ ਹੀ ਰੱਖਿਆ ਜਾਵੇ ਤੇ ਉਨ੍ਹਾਂ ਨੂੰ ਰਿਹਾਅ ਨਾ ਕੀਤਾ ਜਾਵੇ । ਦੱਸਣਯੋਗ ਹੈ ਕਿ ਬੀਤੇ ਸਤੰਬਰ ਮਹੀਨੇ 'ਚ ਹੀ ਕੇਂਦਰ ਸਰਕਾਰ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਮੌਕੇ ਦਵਿੰਦਰਪਾਲ ਸਿੰਘ ਭੁੱਲਰ ਸਮੇਤ ਅੱਠ ਸਿੱਖ ਕੈਦੀਆਂ ਨੂੰ ਰਿਹਾਅ ਕਰਨ ਦੇ ਹੁਕਮ ਜਾਰੀ ਕੀਤੇ ਹਨ । ਭੁੱਲਰ ਨੂੰ ਉਸ 'ਟਾਡਾ' (ਟੈਰੋਰਿਸਟ ਐਂਡ ਡਿਸਰਪਟਿਵ ਐਕਟੀ-ਵਿਟੀਜ਼ (ਪ੍ਰੀਵੈਂਸ਼ਨ) ਐਕਟ) ਅਧੀਨ ਦੋਸ਼ੀ ਕਰਾਰ ਦਿੱਤਾ ਗਿਆ ਸੀ, ਜਿਹੜਾ ਹੁਣ ਖ਼ਤਮ ਹੋ ਚੁੱਕਾ ਹੈ।

# ਹਵਾ

ਮੈਨੂੰ ਐਰ ਨਾ ਤੂੰ ਜਾਣੀ ਮੈਨੂੰ ਗੈਰ ਨਾ ਤੂੰ ਜਾਣੀ
ਮੈਂ ਤਾਂ ਰੋਕ ਦੇਵਾਂ ਪੰਜ ਦਰਿਆਵਾਂ ਦਾ ਵੀ ਪਾਣੀ
ਬੱਸ ਜਿੱਧਰ ਵੀ ਜਾਵਾਂ ਨਵੀਂ ਤੁਰਦੀ ਕਹਾਣੀ
ਦੇਵਾਂ ਸਭ ਨੂੰ ਹੀ ਸੁਖ ਨਾ ਦਿੱਤਾ ਕਦੇ ਦੁੱਖ
ਬੱਸ ਅੰਗ ਸੰਗ ਸਭ ਦੇ ਸਹਾਈ ਮੈਂ
ਸੋਹਣੇ ਵਤਨ ਪੰਜਾਬ ਦੀ ਮੈਂ ਹਵਾ ਵੇ
ਬੱਸ ਇਕੱਲੀ ਇਕੱਲੀ ਖਬਰ ਲਿਆਈ ਮੈਂ।

ਚੌਂਕ ਚਾਂਦਨੀ ਤੋਂ ਗਈ ਫਿਰ ਪਟਨੇ ਦੇ ਵੱਲ
ਸਾਰਾ ਵੇਖਿਆ ਸੀ ਸੀਨ ਪਏ ਕਾਲਜੇ 'ਚ ਸੱਲ੍ਹ
ਅਨੰਦ ਮਿਲਿਆ ਤੇ ਆਨੰਦਪੁਰ ਗਈ ਜਾ ਕੇ ਠੱਲ੍ਹ
ਫਿਰ ਗਈ ਸਰਹਿੰਦ ਵੇਖੀ ਖੜ੍ਹਕੇ ਮੈਂ ਕੰਧ
ਰੋ ਪਿੱਟ ਕੇ ਤੇ ਸੂਬੇ ਨੂੰ ਤਾਂ ਆਈ ਮੈਂ

ਸੋਹਣੇ ਵਤਨ ਪੰਜਾਬ ਦੀ ਮੈਂ ਹਵਾ ਵੇ ਬੱਸ ...

ਗਈ ਭਗਤ ਸਰਾਭੇ ਸਿੰਘ ਸੂਰਮਿਆਂ ਦੇ ਪਿੰਡ
ਸੁਣੀ ਬੈਠ ਕੇ ਕਹਾਣੀ ਪਈ ਕਾਲਜੇ ਨੂੰ ਠੰਡ
ਜਿਹਨਾਂ ਝੰਡਾ ਤਾਂ ਝੁਲਾਇਆ ਭਾਵੇਂ ਵਾਰ ਗਏ ਜਿੰਦ
ਸੱਦ ਸੱਦ ਕੇ ਮੈਂ ਜਾਵਾਂ ਪੁੱਤ ਜਿਹਨਾਂ ਦੇ ਸੀ ਮਾਵਾਂ
ਹੱਥ ਸਾਰੀਆਂ ਦੇ ਪੈਰੀ ਲਾ ਕੇ ਆਈ ਮੈਂ
ਸੋਹਣੇ ਵਤਨ ਪੰਜਾਬ ਦੀ ਮੈਂ ਹਵਾ ਵੇ ਬੱਸ ...

ਫਿਰ ਦੱਖਣ ਦੇ ਵੱਲ ਸੀ ਮੈਂ ਰੁਖ ਕਰਿਆ
ਸ੍ਰੀ ਹਜ਼ੂਰ ਸਾਹਿਬ ਜਾ ਕੇ ਮੇਰਾ ਸੀਨਾ ਠਰਿਆ
ਬਾਕੀ 'ਦੇਵ' ਨੇ ਵੀ ਮੇਰੇ ਬਾਰੇ ਲਿਖਿਆ ਧਰਿਆ
ਜਦੋਂ 'ਘੋਲੀਏ' ਮੈਂ ਜਾਵਾਂ ਗੱਲ ਖੋਲ੍ਹ ਕੇ ਸੁਣਾਵਾਂ
ਉਹਦੀ ਕਲਮ ਨੂੰ ਦਿੱਤੀ ਤਾਂ ਵਧਾਈ ਮੈਂ
ਸੋਹਣੇ ਵਤਨ ਪੰਜਾਬ ਦੀ ਮੈਂ ਹਵਾ ਵੇ
ਬੱਸ ਇਕੱਲੀ ਇਕੱਲੀ ਖਬਰ ਲਿਆਈ ਮੈਂ।



- ਦੇਵ ਘੋਲੀਆ ਖੁਰਦ
(ਫਰਿਜ਼ਨੋ)
559-232-7764

# ਸ਼੍ਰੀ ਗੁਰੂ ਰਵਿਦਾਸ ਮੰਦਿਰ ਸੰਤੋਖਗੜ੍ਹ ਜਿਲ੍ਹਾ ਊਨਾ ਹਿਮਾਚਲ ਪ੍ਰਦੇਸ਼ ਵਿੱਚ ਹਰ ਸਾਲ ਦੀ ਤਰਾਂ 21-22 ਜਨਵਰੀ ਨੂੰ ਮਨਾਇਆ ਜਾ ਰਿਹਾ ਹੈ ਘਲੂਘਾਰਾ ਦਿਵਸ



ਕੁਲਦੀਪ ਚੰਦ
91-9417563054

ਭਾਰਤ ਵਿੱਚ ਸਦੀਆਂ ਤੋਂ ਚੱਲੀ ਆ ਰਹੀ ਜਾਤ ਅਧਾਰਿਤ ਵਿਤਕਰੇ ਦੀ ਕੁਪ੍ਰਥਾ ਬੇਸ਼ੱਕ ਸਮੇਂ ਦੇ ਨਾਲ ਅਤੇ ਕਨੂੰਨ ਦੀ ਸੱਖਤੀ ਕਾਰਨ ਘੱਟ ਰਹੀ ਹੈ ਪਰ ਮੁਕੰਮਲ ਤੌਰ ਤੇ ਖਤਮ ਨਹੀਂ ਹੋ ਰਹੀ ਹੈ। ਸਮੇਂ ਸਮੇਂ ਤੇ ਦਲਿਤਾਂ ਨਾਲ ਹੋ ਰਹੇ ਵਿਤਕਰੇ ਦੀਆਂ ਘਟਨਾਵਾਂ ਮੀਡੀਆ ਦੀਆਂ ਸੁਰੱਖੀਆਂ ਬਣਦੀਆਂ ਹਨ। ਦਲਿਤਾਂ ਨਾਲ ਵਾਪਰ ਰਹੀਆਂ ਸਮਾਜਿਕ, ਧਾਰਮਿਕ, ਆਰਥਿਕ ਅਤਿਆਚਾਰ ਦੀਆਂ ਘਟਨਾਵਾਂ ਕਈ ਵਾਰ ਸੁਣਨ ਅਤੇ ਵੇਖਣ ਨੂੰ ਮਿਲਦੀਆਂ ਹਨ। ਅਜਿਹੀ ਹੀ ਮੰਦਭਾਗੀ ਘਟਨਾ ਹਿਮਾਚਲ ਪ੍ਰਦੇਸ਼ ਦੇ ਜਿਲ੍ਹਾ ਊਨਾ ਦੇ ਕਸਬਾ ਸੰਤੋਖਗੜ੍ਹ ਵਿੱਚ 21-22 ਜਨਵਰੀ 2005 ਦੀ ਕੜਾਕੇ ਦੀ ਠੰਡ ਦੀ ਰਾਤ ਨੂੰ ਵਾਪਰੀ ਸੀ ਜਦੋਂ ਪ੍ਰਸ਼ਾਸ਼ਨ ਵਲੋਂ ਕੁੱਝ ਮੰਨੂਵਾਦੀਆਂ ਦੇ ਦਬਾਅ ਅਧੀਨ ਸ਼੍ਰੀ ਗੁਰੂ ਰਵਿਦਾਸ ਦੇ ਮੰਦਿਰ ਨੂੰ ਢਹਿ ਢੇਰੀ ਕੀਤਾ ਗਿਆ ਸੀ ਅਤੇ ਇਸਦਾ ਵਿਰੋਧ ਕਰਨ ਵਾਲੇ ਇਲਾਕਾ ਵਾਸੀਆਂ ਨੂੰ ਬੇਰਹਿਮੀ ਨਾਲ ਕੁੱਟਿਆ ਗਿਆ ਅਤੇ ਵੱਖ ਵੱਖ ਕੇਸਾਂ ਵਿੱਚ ਅੰਦਰ ਕੀਤਾ ਗਿਆ ਸੀ। ਪੰਜਾਬ ਦੇ ਨੰਗਲ ਜਿਲ੍ਹਾ ਰੂਪਨਗਰ ਅਤੇ ਬੀਣੇਵਾਲ ਝੂੰਗੀਆਂ ਜਿਲ੍ਹਾ ਹੁਸਿਆਰਪੁਰ ਨਾਲ ਲੱਗਦੇ ਸੰਤੋਖਗੜ ਜਿਲ੍ਹਾ ਊਨਾ ਹਿਮਾਚਲ ਪ੍ਰਦੇਸ ਵਿੱਚ 21-22 ਜਨਵਰੀ 2005 ਦੀ ਰਾਤ ਨੂੰ ਹਿਮਾਚਲ ਪ੍ਰਦੇਸ਼ ਦੀ ਸਰਕਾਰ ਨੇ ਸ਼੍ਰੀ ਗੁਰੂ ਰਵਿਦਾਸ ਦੇ ਹਜਾਰਾਂ ਪੈਰੋਕਾਰਾਂ ਤੇ ਅੰਨਾ ਤਸ਼ਦਦ ਕੀਤਾ ਜਿਸਨੂੰ ਯਾਦ ਕਰਕੇ ਹੁਣ ਵੀ ਕਈ ਵਾਰ ਇਲਾਕੇ ਦੇ ਬੱਚੇ ਰਾਤਾਂ ਨੂੰ ਰੋਣ ਲੱਗ ਪੈਂਦੇ ਹਨ। 22 ਜਨਵਰੀ ਨੂੰ ਕੜਕਦੀ ਠੰਡ ਵਿੱਚ ਸਵੇਰੇ ਤੜਕਸਾਰ ਲੱਗਭੱਗ 4 ਵਜੇ ਹੀ ਪ੍ਰਸ਼ਾਸ਼ਨਿਕ ਅਧਿਕਾਰੀਆਂ ਨੇ 1947 ਤੋਂ ਪਹਿਲਾਂ ਬਣੇ ਹੋਏ ਸ਼੍ਰੀ ਗੁਰੂ ਰਵਿਦਾਸ ਮੰਦਿਰ ਨੂੰ ਢਹਿ ਢੇਰੀ ਕਰ ਦਿਤਾ ਅਤੇ ਜਦੋਂ ਸ਼੍ਰੀ ਗੁਰੂ ਰਵਿਦਾਸ ਦੇ ਪੈਰੋਕਾਰਾਂ ਨੇ ਇਸ ਮੰਦਿਰ ਨੂੰ ਬਚਾਉਣ ਦੀ ਕੋਸ਼ਿਸ ਕੀਤੀ ਤਾਂ ਉਨ੍ਹਾਂ ਤੇ ਵੀ ਅੰਨਾ ਤਸ਼ਦਦ ਕੀਤਾ ਗਿਆ। ਸ਼੍ਰੀ ਗੁਰੂ ਰਵਿਦਾਸ ਮਹਾਂ ਸਭਾ ਹਿਮਾਚਲ ਪ੍ਰਦੇਸ਼ ਦੇ ਊਨਾ ਜਿਲ੍ਹਾ ਦੇ ਪ੍ਰਧਾਨ ਵਕੀਲ ਨਰੇਸ਼ ਕੁਮਾਰ ਅਤੇ ਹੋਰ ਆਗੂਆਂ ਬਲਦੇਵ ਚੰਦ ਰਿਟਾਇਰਡ ਤਹਿਸੀਲਦਾਰ, ਸੁਲਿੰਦਰ ਚੋਪੜਾ, ਨਗਰ ਪੰਚਾਇਤ ਮੈਂਬਰ ਰਵੀ ਕਾਂਤ ਬਸੀ, ਸੁਰੇਸ ਵਸਣ, ਪ੍ਰਧਾਨ ਬਲਬੀਰ ਬਬਲੂ, ਕਸ਼ਮੀਰੀ, ਅਮਰਜੀਤ ਸਿੰਗਾ, ਸੰਜੇ ਸਿੰਘ, ਅਮਰੀਕ ਕੁਮਾਰ, ਲੰਬੜਦਾਰ ਬਖਸ਼ੀ ਰਾਮ ਭੱਟੀ ਕੁੰਗੜਤ, ਨਵੀਨ ਮਹੇ, ਜਤਿੰਦਰ, ਸੋਨੂੰ ਜੋੜ ਮੇਲਾ ਕਮੇਟੀ ਆਗੂਆਂ ਚੇਅਰਮੈਨ ਪੀ ਸੀ ਸੰਧੂ, ਪ੍ਰਧਾਨ ਬਲਵੀਰ ਬੱਗਾ, ਬਲਰਾਮ ਮਹੇ, ਮੰਗਤ ਰਾਮ, ਜੋਲੀ ਰਾਮ, ਸੁੱਖ ਰਾਮ, ਨਰਸ਼ ਕੁਮਾਰ, ਸਾਬਕਾ ਪ੍ਰਧਾਨ ਨਗਰ ਪੰਚਾਇਤ ਨਿਰਮਲਾ, ਰਾਣੀ ਦੇਵੀ, ਬਚਨੀ ਦੇਵੀ, ਨਗਰ ਪੰਚਾਇਤ ਮੈਂਬਰ ਨਿਰਮਲਾ ਦੇਵੀ, ਕੁਸਲਿਆ ਦੇਵੀ, ਸੱਤਿਆ ਦੇਵੀ, ਅੰਜੂ ਬਾਲਾ ਆਦਿ ਨੇ ਦੱਸਿਆ ਕਿ ਕਸਬਾ ਸੰਤੋਖਗੜ੍ਹ ਵਿੱਚ ਸ਼੍ਰੀ ਗੁਰੂ ਰਵਿਦਾਸ ਜੀ ਦੇ ਪੈਰੋਕਾਰਾਂ ਵਲੋਂ ਖਾਲੀ ਪਈ ਥਾਂ ਵਿੱਚ ਅਜਾਦੀ ਤੋਂ ਪਹਿਲਾਂ ਸ਼੍ਰੀ ਗੁਰੂ ਰਵਿਦਾਸ ਜੀ ਦਾ ਮਦਿਰ ਬਣਾਇਆ ਗਿਆ ਸੀ। 1952 ਵਿੱਚ ਰਵਿੰਦਰ ਕੁਮਾਰ ਪੁਤੱਰ ਪ੍ਰਮੇਸ਼ਰ ਚੰਦ ਚੱਬਾ ਨੇ ਮੰਦਿਰ ਵਾਲੀ ਥਾਂ ਖਾਲੀ ਕਰਵਾਉਣ ਲਈ ਅਦਾਲਤ ਵਿੱਚ ਕੇਸ ਕਰ ਦਿਤਾ। ਇਸ ਕੇਸ ਵਿੱਚ ਸ਼੍ਰੀ ਗੁਰੂ ਰਵਿਦਾਸ ਮੰਦਿਰ ਕਮੇਟੀ ਵਲੋਂ ਵਤਨਾ ਰਾਮ ਪੁਤੱਰ ਨਿਕੂ ਰਾਮ ਅਦਾਲਤ ਵਿੱਚ ਹਾਜਰ ਹੁੰਦੇ ਸਨ। 21 ਅਪ੍ਰੈਲ 1991 ਨੂੰ ਦਲਿਤ ਆਗੂ ਅਤੇ ਬਹੁਜਨ ਸਮਾਜ ਪਾਰਟੀ ਦੇ ਰਾਸ਼ਟਰੀ ਪ੍ਰਧਾਨ ਸਵਰਗੀ ਬਾਬੂ ਕਾਂਸ਼ੀ ਰਾਮ ਨੇ ਇਸ ਸਥਾਨ ਤੇ ਅਧੁਨਿਕ ਮੰਦਿਰ ਬਣਾਉਣ ਲਈ ਨੀਂਹ ਪੱਥਰ ਰੱਖਿਆ ਸੀ। ਇਸਤੋਂ ਬਾਦ ਚੱਬਾ ਪਰਿਵਾਰ ਨੇ ਮੰਦਿਰ ਵਾਲੀ ਥਾਂ ਖਾਲੀ ਕਰਵਾਉਣ ਲਈ ਕਨੂੰਨੀ ਕਾਰਵਾਈ ਤੇਜ ਕਰ ਦਿਤੀ। ਇਸ ਮੰਦਿਰ ਦਾ ਕੇਸ ਮਾਣਯੋਗ ਹਾਈ ਕੌਰਟ ਸ਼ਿਮਲਾ ਤੱਕ ਚੱਲਿਆ ਜਿੱਥੇ ਜਗ੍ਹਾ ਖਾਲੀ ਕਰਨ ਦੇ ਹੁਕਮ ਪਾਸ ਹੋਏ। ਮੰਦਿਰ ਕਮੇਟੀ ਆਗੂ ਇਸ ਮਾਮਲੇ ਨੂੰ ਲੈਕੇ ਮਾਣਯੋਗ ਸੁਪਰੀਮ ਕੌਰਟ ਵਿੱਚ ਵੀ ਪੇਸ਼ ਹੋਏ ਪਰੰਤੂ ਉਥੇ ਕੇਸ ਖਾਰਜ ਹੋ ਗਿਆ। 28 ਦਸੰਬਰ ਨੂੰ ਮਾਣਯੋਗ ਹਿਮ-ਾਚਲ ਹਾਈ ਕੌਰਟ ਦੇ ਜਗ੍ਹਾ ਖਾਲੀ ਕਰਨ ਦੇ ਹੁਕਮਾਂ ਤੋਂ ਬਾਦ ਚੱਬਾ ਪਰਿਵਾਰ ਨੇ ਜਗ੍ਹਾ ਖਾਲੀ ਕਰਵਾਉਣ ਲਈ ਪ੍ਰਸ਼ਾਸ਼ਨਿਕ ਅਧਿਕਾਰੀਆਂ ਤੇ ਦਬਾਅ ਬਣਾਇਆ ਪਰੰਤੂ ਪ੍ਰਸ਼ਾਸ਼ਨਿਕ ਅਧਿ-ਕਾਰੀ ਇਲਾਕੇ ਦੇ ਸ਼੍ਰੀ ਗੁਰੂ ਰਵਿਦਾਸ ਦੇ ਪੈਰੋਕਾਰਾਂ ਦੇ ਇਕੱਠ ਨੂੰ ਵੇਖਕੇ ਵਾਪਸ ਚਲੇ ਗਏ। 22 ਜਨਵਰੀ 2005 ਨੂੰ ਕੜਕਦੀ ਠੰਡ ਵਿੱਚ ਤੜਕਸਾਰ ਜਦੋਂ ਲੋਕ ਅਜੇ ਬਿਸਤਰਿਆਂ ਵਿੱਚ ਹੀ ਸਨ ਪੁਲਿਸ ਅਤੇ ਪ੍ਰਸ਼ਾਸ਼ਨਿਕ ਅਧਿਕਾਰੀਆਂ ਨੇ ਪਿੰਡ ਵਿੱਚ ਹੱਲਾ ਬੋਲ ਦਿਤਾ ਅਤੇ ਮੰਦਿਰ ਢਹਿ ਢੇਰੀ ਕਰ ਦਿਤਾ। ਮੰਦਿਰ ਬਚਾਉਣ ਲਈ ਰੋਸ ਕਰ ਰਹੇ ਲੋਕਾਂ ਤੇ ਅੰਨਾ ਤਸ਼ਦਦ ਕੀਤਾ ਗਿਆ। ਲੱਗਭੱਗ 100 ਵਿਅਕਤੀਆਂ ਜਿਨ੍ਹਾਂ ਵਿੱਚ 3 ਨਾਬਾਲਿਗ ਬੱਚੇ, 24 ਮਹਿਲਾਵਾਂ ਵੀ ਸ਼ਾਮਿਲ ਸਨ ਨੂੰ ਪੁਲਿਸ ਨੇ ਵੱਖ ਵੱਖ ਮਾਮਲਿਆਂ ਅਤੇ ਧਾਰਾਵਾਂ 147, 148, 149, 307, 332,



333, 353 ਅਤੇ 120 ਬੀ ਅਧੀਨ ਗ੍ਰਿਫਤਾਰ ਕਰ ਲਿਆ। ਪੰਜਾਬ ਅਤੇ ਹਿਮਾਚਲ ਪ੍ਰਦੇਸ਼ ਦੇ ਵੱਖ ਵੱਖ ਇਲਾਕਿਆਂ ਦੇ 69 ਵਿਅਕਤੀ 22 ਜਨਵਰੀ ਤੋਂ ਲੈਕੇ 26 ਫਰਵਰੀ, 2005 ਤੱਕ ਕੰਡਾ ਜੇਲ, ਊਨਾ ਜੇਲ ਅਤੇ ਸ਼ਿਮਲਾ ਜੇਲ ਵਿੱਚ ਬੰਦ ਰਹੇ, 3 ਨਾਬਾਲਿਗ ਬੱਚਿਆਂ ਜਤਿੰਦਰ ਕੁਮਾਰ, ਅਮ੍ਰਿਤ ਲਾਲ, ਸੁਰੇਸ਼ ਕੁਮਾਰ ਨੂੰ 22 ਜਨਵਰੀ ਤੋਂ 27 ਜਨਵਰੀ ਤੱਕ ਪੁਲਿਸ ਨੇ ਹਿਰਾਸਤ ਵਿੱਚ ਰੱਖਿਆ। 22 ਮਹਿਲਾਵਾਂ ਨੂੰ 22 ਜਨਵਰੀ ਨੂੰ ਪੁਲਿਸ ਨੇ ਗ੍ਰਿਫਤਾਰ ਕੀਤਾ ਅਤੇ 23 ਜਨਵਰੀ 2005 ਨੂੰ ਜਮਾਨਤ ਤੇ ਰਿਹਾ ਕੀਤਾ। ਜੋਲੀ ਰਾਮ, ਬਚਨ ਚੰਦ, ਦਾਸ ਰਾਮ, ਸ਼੍ਰੀਮਤੀ ਬਿੰਦੋ ਦੇਵੀ, ਸ਼੍ਰੀਮਤੀ ਵਿਦਿਆ ਦੇਵੀ ਨੂੰ ਮਾਣਯੋਗ ਹਾਈ ਕੌਰਟ ਸ਼ਿਮਲਾ ਤੋਂ ਜਮਾਨਤ ਮਿਲੀ। ਸਰਕਾਰ ਦੇ ਇਸ ਦਲਿਤ ਵਿਰੋਧੀ ਰਵਈਏ ਨੂੰ ਲੈਕੇ ਵੱਖ ਵੱਖ ਸਮਾਜਿਕ, ਧਾਰਮਿਕ ਅਤੇ ਰਾਜਨੀਤਿਕ ਆਗੂਆਂ ਨੇ ਰੋਸ ਪ੍ਰਦਰਸ਼ਨ ਸ਼ੁਰੂ ਕੀਤਾ ਅਤੇ ਜਿਲਾ ਹੈਡ ਕੁਆਰਟਰ ਊਨਾਂ ਵਿੱਚ ਲਗਾਤਾਰ ਰੋਸ ਮੁਜਾਹਰਾ ਕੀਤਾ ਜਿਸ ਵਿੱਚ ਬਲਬੀਰ ਬੱਗਾ, ਹਰੀ ਚੰਦ ਸੰਧੂ, ਪ੍ਰੀਤਮ ਚੰਦ ਸੰਧੂ, ਡਾਕਟਰ ਕੇ ਆਰ ਆਰਿਆ, ਕੁਲਦੀਪ ਚੰਦ, ਬਲਵੰਤ ਕੁਮਾਰ, ਬਾਬਾ ਸੰਤੋਖ ਦਾਸ, ਸੰਤ ਰਵਿੰਦਰ ਦਾਸ ਪ੍ਰਧਾਨ ਸ਼੍ਰੀ ਗੁਰੂ ਰਵਿਦਾਸ ਸਾਧੂ ਸਮਾਜ, ਅਮਰੀਕ ਦੇਹਲਾਂ ਆਦਿ ਨੇ ਅਗਵਾਈ ਕੀਤੀ ਅਤੇ ਸਰਕਾਰ ਨੂੰ ਗ੍ਰਿਫਤਾਰ ਵਿਅਕਤੀਆਂ ਨੂੰ ਛੱਡਣ ਲਈ ਮਜ਼ਬੂਰ ਕਰ ਦਿਤਾ। ਅਖੀਰ ਸਰਕਾਰ ਨੂੰ ਲੋਕਾਂ ਦੇ ਰੋਸ ਅੱਗੇ ਝੁਕਣਾ ਪਿਆ ਜਿਸਤੋਂ ਬਾਦ ਸਰਕਾਰ ਨੇ ਸਾਰੇ ਮਾਮਲੇ ਰੱਦ ਕਰ ਦਿੱਤੇ ਅਤੇ ਗ੍ਰਿਫਤਾਰ ਵਿਅਕਤੀਆਂ ਨੂੰ ਬਰੀ ਕਰ ਦਿੱਤਾ। ਸਰਕਾਰ ਨੇ ਪੁਲਿਸ ਚੌਂਕੀ ਵਾਲੀ ਥਾਂ ਮੰਦਿਰ ਕਮੇਟੀ ਨੂੰ ਦੇ ਦਿਤੀ ਅਤੇ 4 ਜੂਨ 2005 ਨੂੰ ਇਸ ਮੋਜੂਦਾ ਮੰਦਿਰ ਦਾ ਨੀਂਹ ਪੱਥਰ ਰੱਖਿਆ ਗਿਆ ਜਿਸ ਵਿੱਚ ਹਿਮਾਚਲ ਪ੍ਰਦੇਸ ਦੇ ਮੁੱਖ ਮੰਤਰੀ ਵੀਰਭੱਦਰ ਸਿੰਘ ਅਪਣੇ ਹੋਰ ਮੰਤਰੀਆਂ ਨਾਲ ਵਿਸ਼ੇਸ਼ ਰੂਪ ਵਿੱਚ ਪਹੁੰਚੇ। ਹੁਣ ਮੰਦਿਰ ਕਮੇਟੀ ਵਲੋਂ ਹਰ ਸਾਲ 21-22 ਜਨਵਰੀ ਨੂੰ ਘਲੂਘਾਰਾ ਦਿਵਸ ਮਨਾਇਆ ਜਾਂਦਾ ਹੈ। ਹਰ ਸਾਲ ਦੀ ਤਰਾਂ ਇਸ ਸਾਲ ਵੀ ਇਹ ਸਮਾਗਮ ਕਰਵਾਏ ਜਾ ਰਹੇ ਹਨ ਜਿਸ ਵਿੱਚ 20 ਜਨਵਰੀ 2020 ਨੂੰ ਸਵੇਰੇ 10 ਵਜੇ ਸ਼੍ਰੀ ਆਦਿ ਪ੍ਰਕਾਸ਼ ਰਤਨਾਕਰ ਸਾਗਰ ਜੀ ਦਾ ਆਰੰਭ ਕੀਤਾ ਜਾਵੇਗਾ। 21 ਜਨਵਰੀ ਨੂੰ ਸ਼ੋਭਾ ਯਾਤਰਾ ਨਿਕਾਲੀ ਜਾਵੇਗੀ ਜੋਕਿ ਖਾਨਪੁਰ, ਸਨੋਲੀ, ਨੰਗੜਾ, ਅਜੋਂਲੀ, ਕਲਸੇਹੜਾ, ਦੇਹਲਾਂ, ਬਹਿਡਾਲਾ, ਵਸਦੇ-ਹੜਾ, ਜਲਗਰਾਂ, ਊਨੱਾਂ ਆਦਿ ਹੋਕੇ ਵਾਪਸ ਸੰਤੋਖਗੜ੍ਹ ਪਹੁੰਚੇਗੀ। 22 ਜਨਵਰੀ ਨੂੰ ਸਵੇਰੇ 9 ਵਜੇ ਨਿਸ਼ਾਨ ਸਾਹਿਬ ਦੀ ਰਸਮ ਕੀਤੀ ਜਾਵੇਗੀ, ਸ਼੍ਰੀ ਆਦਿ ਪ੍ਰਕਾਸ਼ ਰਤਨਾਕਰ ਸਾਗਰ ਜੀ ਦਾ ਭੋਗ ਸਵੇਰੇ 10 ਵਜੇ ਪਾਇਆ ਜਾਵੇਗਾ ਅਤੇ ਸਾਧੂ ਸਮਾਜ ਵਲੋਂ ਪ੍ਰਵਚਨ ਕੀਤੇ ਜਾਣਗੇ ਅਤੇ ਗੁਰੂ ਦਾ ਲੰਗਰ ਅਤੁੱਟ ਵਰਤੇਗਾ। ਇਸ ਮੌਕੇ ਪੰਜਾਬ ਦੇ ਪ੍ਰਸਿੱਧ ਕਲਾਕਾਰ ਗੋਲਡ ਮੈਡਲਿਸਟ ਗਿਨੀ ਮਾਹੀ, ਆਰ ਕੇ ਜੋਗੀ, ਕੁਲਦੀਪ ਮਾਹੀ, ਵਿਜੈ ਰੰਗੀਲਾ, ਕੁਲਦੀਪ ਸੂਫੀ ਆਦਿ ਗੁਰੂ ਰਵਿਦਾਸ ਜੀ ਦਾ ਗੁਣਗਾਣ ਕਰਨਗੇ ਅਤੇ ਦੇਸ਼ ਵਿਦੇਸ਼ ਤੋਂ ਵੱਖ ਵੱਖ ਸਮਾਜਿਕ, ਧਾਰਮਿਕ ਅਤੇ ਰਾਜਨੀਤਿਕ ਆਗੂ ਸ਼ਾਮਿਲ ਹੋਣਗੇ।






## ਤੂੰ ਵੀ ਬਦਲ ਜਮਾਨਾ ਬਦਲ ਗਿਆ

# ਆਓ 21ਵੀਂ ਸਦੀ 'ਚ ਦੇਸ਼ ਦੇ ਉਜਵਲ ਭਵਿੱਖ ਲਈ ਧੀਆਂ ਦੀ ਲੋਹੜੀ ਪਾਈਏ!



ਸੰਤੋਖ ਸਿੰਘ ਜੱਸੀ
91-70876-19800

ਪੰਜਾਬ ਭਾਰਤ ਦਾ ਅਜਿਹਾ ਸੂਬਾ ਹੈ ਜਿੱਥੇ 12 ਮਹੀਨਿਆ 'ਚ ਤਿਉਹਾਰਾਂ ਦੀ ਝੜੀ ਲੱਗੀ ਰਹਿੰਦੀ ਹੈ।ਲੋਹੜੀ ਦਾ ਤਿਉਹਾਰ 13 ਜਨਵਰੀ ਨੂੰ ਹਰ ਸਾਲ ਮਨਾਇਆ ਜਾਂਦਾ ਹੈ।ਲੋਹੜੀ ਦੇ ਮਨਾਉਣ ਸਬੰਧੀ ਅਨੇਕਾਂ ਪੁਰਾਤਨ ਗਾਥਾਵਾਂ ਪ੍ਰਚਲਤ ਹਨ ਪਰ ਸਭ ਤੋਂ ਵੱਧ ਗਾਥਾ ਜੋ ਪ੍ਰਚਲਤ ਹੈ ਉਸ ਮੁਤਾਬਕ ਸੁੰਦਰੀ ਤੇ ਮੁੰਦਰੀ ਦੋ ਸਕੀਆ ਖੂਬਸੂਰਤ ਭੈਣਾ ਸਨ।ਜਿਹਨਾਂ ਦਾ ਰਿਸ਼ਤਾ ਗਰੀਬ ਬ੍ਰਾਹਮਣ ਨੇ ਪੱਕਾ ਕੀਤਾ ਹੋਇਆ ਸੀ।ਦੂਜੇ ਪਾਸੇ ਸਮੇਂ ਦੇ ਹਾਕਮ ਧੀਆਂ ਨੂੰ ਹਵਸ ਦਾ ਸ਼ਿਕਾਰ ਬਣਾ ਕੇ ਉਹਨਾਂ ਦਾ ਹੁਸਨ ਲੁੱਟਣਾ ਚਾਹੁੰਦੇ ਸਨ।ਇਹ ਗੱਲ 'ਦੁੱਲਾ ਭੱਟੀ' ਹਾਲਾਤ ਵਸ ਬਣੇ ਡਾਕੂ ਤੱਕ ਵੀ ਪਹੁੰਚੀ।ਉਸ ਨੇ ਹਨੇਰੇ 'ਚ ਰੋਸ਼ਨੀ ਕਰਨ ਲਈ ਜੰਗਲ 'ਚ ਅੱਗ ਵਾਲ ਕੇ ਦੋਵੇ ਧੀਆਂ ਦਾ ਵਿਆਹ ਕੀਤਾ।ਜਿਸ ਕਾਰਨ ਇਸ ਨਿਭਾਏ 'ਮਾਨਵੀ ਧਰਮੀ ਕਾਰਜ' ਕਾਰਨ ਦੁੱਲਾ ਭੱਟੀ ਦੇ ਲੋਹੜੀ ਵਾਲੇ ਗੀਤਾਂ 'ਚ ਜਿਕਰ ਆਉਂਦਾ ਹੈ ਕਿ:-

ਸੁੰਦਰ ਮੁੰਦਰੀਏ, ਹੋ!
ਤੇਰਾ ਕੌਣ ਵਿਚਾਰਾ, ਹੋ!
ਦੁੱਲਾ ਭੱਟੀ ਵਾਲਾ, ਹੋ!
ਦੁੱਲੇ ਧੀ ਵਿਆਹੀ, ਹੋ!
ਸੇਰ ਸੱਕਰ ਪਾਈ, ਹੋ!

ਦੁਨੀਆ ਬਦਲ ਰਹੀ ਹੈ। ਪਿੰਡ ਹੁਣ ਪਿੰਡ ਨਾ ਰਹਿ ਕੇ 'ਗਲੋਬਲ ਪਿੰਡ' ਅਤੇ ਨਾਗਰਿਕ ਹੁਣ ਇਕ ਦੇਸ਼ ਦਾ ਨਾ ਹੋ ਕੇ 'ਵਿਸ਼ਵ ਨਾਗਰਿਕ ਬਣ ਰਿਹਾ ਹੈ' 21ਵੀਂ ਸਦੀ ਵਿੱਚ ਪੁਰਾਣੇ ਰਸਮਾ-ਰਿਵਾਜ਼, ਤੱਥਾ-ਮਿੱਥਾ, ਪੜਾਈ ਲਿਖਾਈ ਦੇ ਵੱਧ ਮੌਕੇ ਮਿਲਣ ਕਾਰਨ ਆਈ ਚੇਤਨਤਾ ਸਦਕੇ ਹੋਲੀ-ਹੋਲੀ ਦੂਰ ਹੋਣ ਲੱਗੇ ਹਨ ਅਤੇ ਇਸ ਜੁੱਗ ਵਿੱਚ ਇਹਨਾਂ ਅੰਦ-ਵਿਸ਼ਵਾਸਾ ਪ੍ਰਤੀ ਸੰਕੇ ਅਤੇ ਸਵਾਲ ਅਤੇ ਨੌਜਵਾਨ ਪੀੜੀ ਖਾਸ ਕਰਕੇ ਧੀਆਂ,ਲੜਕੀਆਂ, ਔਰਤਾਂ ਅਤੇ ਸਮਾਜ ਦੇ ਜਿਆਸੂ ਲੋਕ ਕਰਨ ਲੱਗੇ ਹਨ। ਕਿਉਂਕਿ ਵਿਗਿਆਨਿਕ ਨਜ਼ਰੀਏ ਮੁਤਾਬਕ ਇਹਨਾਂ ਸਭ ਦੇ ਕੋਈ ਮਾਇਨੇ ਨਹੀਂ।ਤਰਕ ਦਲੀਲ ਮੁਤਾਬਕ ਵੀ ਇਹ ਕਿਤੇ ਨਹੀਂ ਠਹਿਰਦੇ। ਗੁਰੂ ਸ਼ਹਿਬਾਨਾਂ, ਮਹਾਂ-ਪੁਰਸ਼ਾ, ਸੰਤਾਂ-ਭਗਤਾਂ, ਬੁੱਧੀਜੀਵੀਆਂ, ਕ੍ਰਾਂਤੀਕਾਰੀ ਵਿਅਕਤੀਆਂ, ਲੇਖਕਾਂ, ਜਗਿਆਸੂ ਪੁਰਸ਼ਾ, ਸਮਾਜਿਕ ਤਬਦੀਲੀ ਦੇ ਸਿਰਜਕਾਂ ਅਤੇ ਮਨੁੱਖਤਾ ਨੂੰ ਇਕ ਨਜ਼ਰ ਨਾਲ ਦੇਖਣ ਵਾਲੀਆਂ ਸ਼ਖ਼ਸ਼ੀਅਤਾਂ ਅਤੇ ਮਿਲੇ ਸੰਵਿਧਾਨਕ ਹੱਕਾਂ ਕਾਰਨ ਹੁਣ ਧੀਆਂ, ਔਰਤਾਂ, ਮਾਤਾਵਾਂ ਦੇ ਹੱਕ "ਟਰੇਡ ਮਾਰਕ" ਵਾਂਗ ਰਾਖਵੇਂ ਹਨ।ਜਿਸ ਔਰਤ ਨੂੰ ਪੈਰ ਦੂ ਜੁੱਤੀ ਸਮਝਿਆ ਜਾਂਦਾ ਸੀ। ਬੀਤੇ ਸਮੇਂ ਦਾ ਇਹ ਵੀਹ ਵਿਸ਼ਵੇ ਸੋਲਾ ਆਨੇ ਸੱਚ ਹੈਕਿ ਮਾਂ-ਧੀ-ਔਰਤਾਂ ਨਾਲ ਹਰ ਪਲ ਸੂਈ ਦੇ ਨੱਕੇ ਚੋ ਨਿਕਲਣਾ ਪੈਂਦਾ ਸੀ। ਸਮਾਜ ਦੀਆਂ ਕੋਝੀਆਂ ਨਣਰਾਂ ਪੱਥਰ ਪਾੜ ਦੀਆਂ ਸਨ। ਔਰਤਾਂ ਭੋਗ ਵਿਲਾਸ ਲਈ ਅਤੇ ਬੱਚੇ ਜੰਮਣ ਵਾਲੀਆ ਮਸ਼ੀਨਾਂ ਸਮਝਿਆ ਜਾਂਦਾ ਰਿਹਾ। ਦੂਜੇ ਪਾਸੇ ਅਜਿਹੇ ਘੋਰ ਵਿਤਕਰੇ ਵਾਲੇ ਅਤੇ ਗੈਰ ਬਰਾਬਰੀ ਵਾਲੀ ਵਿਵਸਥਾ ਤੇ ਸਮਾਜਿਕ, ਧਾਰਮਿਕ ਤੌਰ ਤੇ ਸਭ ਤੋ ਪਹਿਲਾਂ ਸੱਟ ਗੁਰੂ ਨਾਨਕ ਦੇਵ ਜੀ, ਗੁਰੂ ਰਵਿਦਾਸ, ਗੁਰੂ ਕਬੀਰ, ਗੁਰੂ ਗੋਬਿੰਦ ਸਿੰਘ ਤੇ ਅਨੇਕਾ ਸੰਤ, ਮਹਾ-ਪੁਰਸ਼ਾਮ ਵਿਦਵਾਨਾਂ, ਸਮਾਜਿਕ ਚਿੰਤਕ ਨੇ ਆਪੋ ਆਪਣੇ ਢੰਗ ਤਰੀਕਿਆ ਤੇ ਆਪਣੀ ਠੋਸ ਬਾਣੀ ਰਾਹੀ ਮਨੁੱਖਤਾ ਖਿਲਾਫ ਜਾ ਕੇ ਕੀਤੇ ਜਾ ਰਹੇ ਵਿਵਹਾਰ, ਵਿਤਕਰੇਬਾਜੀ, ਜਾਤਪਾਤ, ਛੂਆਛਾਤ ਦੇ ਖਿਲਾਫ ਬਗਾਵਤ ਕਰ ਦਿੱਤੀ। ਜਿਨ੍ਹਾਂ ਹੱਕ ਚੱਚ ਤੇ ਮਾਨਵੀ ਸੋਚ ਅਪਣਾਈ ਜਿਸ ਦੇ ਫਲਸਰੂਪ ਸਮੇਂ ਦੇ ਹਾਕਮਾਂ, ਬਾਦਸ਼ਾਹਾਂ, ਰਾਜਿਆ ਤੇ ਅਖੋਤੀ ਸਮਾਜਿਕ, ਧਾਰਮਿਕ ਆਗੂਆਂ ਦੇ ਵਰਤਾਰੇ 'ਚ ਲਚਕੀਲਾਪਨ ਤੇ ਕੁਝ ਪਰਿਵਰਤਨ ਹੋਣ ਲੱਗਾ।

ਪੰਜ-ਪੰਜ ਛੇ-ਛੇ ਪਰਿਵਾਰ ਦੇ ਮੈਂਬਰਾਂ ਵਲੋਂ ਸਿਰਫ ਇੱਕ ਹੀ ਔਰਤ ਨਾਲ ਵਿਆਹ ਕੀਤਾ ਜਾਂਦਾ ਸੀ ਤਾਂ ਜੋ ਸਮੀਨ ਦਾ ਵਟਵਾਰਾ ਨਾ ਹੋ ਸਕੇ। ਇਹ ਇਕ ਜਗੀਰਦਾਰੂ ਘਟੀਆ ਮਾਨਸਿਕ ਸੋਚ ਦਾ ਪ੍ਰਗਟਾਵਾ ਹੀ ਹੈ। ਅੱਜ ਬਦਲੇ ਹੋਏ ਹਲਾਤਾਂ ਮੁਤਾਬਕ ਔਰਤਾਂ ਦੇ ਹੱਕਾਂ ਤੇ ਹਿੱਤਾਂ ਦੇ ਕੰਮ ਕਰਨ ਵਾਲੇ ਮਾਨਵੀ ਸੋਚ ਕਾਰਨ ਅੱਜ ਦੇਸ਼ ਦੀ ਸੁਪਰੀਮ ਕੋਰਟ, ਦੇਸ਼ ਦੀ ਰਾਸ਼ਟਰਪਤੀ, ਦੇਸ਼ ਦੀ ਪ੍ਰਧਾਨ ਮੰਤਰੀ, ਉਤਰ ਪ੍ਰਦੇਸ਼ ਦੀ ਮੁੱਖਮੰਤਰੀ ਮਾਇਅਵਤੀ ਬਣ ਕੇ ਭਾਰਤ ਦੀ ਸਿਆਸਤ ਵਿੱਚ ਚੋਖਾ ਨਾਲ ਬਣਾਇਆ ਹੈ ਅਤੇ ਚਾਰ-ਚਾਰ ਵਾਰ ਮੁੱਖ ਮੰਤਰੀ ਬਣਨ ਦਾ ਉਸ ਨੂੰ ਮਾਣ ਹਾਸਲ ਹੈ। ਅੱਜ ਧੀਆਂ ਖੇਡਾਂ, ਪੜਾਈ-ਲਿਖਾਈ ਵਾਲੇ ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ, ਕੰਪਨੀਆਂ ਦੀਆਂ ਸੀ.ਈ.ਓ., ਮਾਲਕ, ਡਾਕਟਰ, ਇੰਜੀਨੀਅਰ, ਪਾਇਲਟ, ਅਧਿਆਪਕ, ਫੌਜ, ਬੀ.ਐਸ.ਐਫ., ਪੰਜਾਬ ਪੁਲਿਸ, ਐਡਵੋਕੇਟ ਔਰਤ ਦੇ ਮਾਨ-ਸਨਮਾਨ ਲਈ ਸਮਾਜ ਦੀ ਨਵਸਰੀ ਯੋਗਦਾਨ ਪਾਇਆ।ਅੱਜ ਸਾਡੀਆਂ ਧੀਆਂ ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ 'ਚ ਹਰ ਸਾਲ ਲੱਖਾ ਲੜਕੀਆਂ



ਪੜ੍ਹਦੀਆਂ ਹਨ। ਇਹ ਗੱਲ ਵੀ ਸੋਲਾ ਆਨੇ ਵੀਹ ਬਿਸਵੇ ਸੱਚ ਲਗਦੀ ਹੈ।

ਲੋਹੜੀ ਨਵ ਜੰਮੇ ਪੁੱਤਰਾਂ ਦੀ ਪਾਈ ਜਾਂਦੀ ਹੈ ਅਤੇ ਨਵੇਂ ਵਿਆਹੀ-ਵਿਆਹਤਾ ਜੋੜੀ ਦੀ ਵੀ ਲੋਹੜੀ ਪਾਈ ਜਾਂਦੀ ਹੈ, ਮੰਗੀ ਜਾਂਦੀ ਹੈ ਤੇ ਮਨਾਈ ਜਾਂਦੀ ਹੈ ਪਰ ਧੀ ਦੇ ਜਨਮ ਤੇ ਕੋਈ ਸ਼ਗਨ, ਖੁਸ਼ੀ ਨਹੀਂ ਸਗੋਂ ਮਾਤਮ/ਸੋਗ ਘਰਾਂ 'ਚ ਛਾ ਜਾਂਦਾ ਹੈ।ਉਹਨਾਂ ਘਰਾਂ ਵਿੱਚ ਸਮਸ਼ਾਨਘਾਟ ਵਰਗੀ ਖਾਮੋਸੀ ਪਾਈ ਜਾਂਦੀ ਹੈ ਅਤੇ ਇਹ ਕਹਿ ਕੇ ਵੀ ਨਿੰਦਿਆ ਜਾਂਦਾ ਹੈ ਇਹ ਨਾ ਹੋਣੀ ਨਾ ਅਉਂਦੀ ਤੇ ਮੁੰਡਾ ਜੰਮਦਾ ਤਾਂ ਖੁਸ਼ੀਆਂ ਉਮੰਗਾਂ, ਖੇੜਿਆ, ਹਾਸਿਆਂ ਨਾਲ ਲੋਹੜੀ ਪਾਉਂਦੇ ਤੇ ਖੁਸ਼ੀਆਂ ਮਨਾਉਂਦੇ। ਧੀਆਂ ਦੇ ਮੁਕਾਬਲੇ ਪੁੱਤਰਾਂ ਨੂੰ ਹਰ ਪਲ ਹਰ ਛਿਣ ਤਰਜੀਹ ਦੇਣ ਦੀ ਪ੍ਰਥਾ ਚਲਦੀ ਆ ਰਹੀ ਹੈ।ਧੀਆਂ, ਔਰਤਾਂ, ਮਾਵਾ ਨਾਲ ਜਨਮ ਤੋਂ ਮੌਤ ਤੱਕ ਵਿਤਕਰੇਬਾਜੀ, ਮਾਨਸਿਕ, ਸਰੀਰਕ, ਸਮਾਜਿਕ, ਆਰਥਿਕ ਤੇ ਰਾਜਨੀਤਿਕ ਖੇਤਰਾਂ 'ਚ ਦੂਜੇ ਦਰਜੇ ਦੇ ਸ਼ਹਿਰੀ ਵਾਂਗ ਮਾਨਸਿਕਤਾ ਅਪਣਾਈ ਹੋਈ ਹੈ।ਜਿਸ ਨਾਲ ਕਾਦਰ ਦੀ ਸਾਜੀ ਕਾਇਨਾਤ 'ਚ ਖਿਲਵਾੜ/ਵਿਘਨ ਪੈਦਾ ਹੋ ਗਿਆ ਹੈ ਕਿਉਂਕਿ ਕੁਦਰਤ ਦੇ ਅਸੂਲਾਂ ਮੁਤਾਬਕ ਲਿੰਗ ਦੇ ਬਰਾਬਰ ਅਨੁਪਾਤ ਮੁਤਾਬਕ 1000 ਨਵੇਂ ਜੰਮੇ ਪੁੱਤਰਾਂ ਪਿੱਛੇ 1000 ਧੀਆਂ ਦਾ ਜਨਮ ਹੋਣਾ ਹੁੰਦਾ ਹੈ।

21ਵੀਂ ਸਦੀ ਦੇ ਇਸ ਵਿਗਿਆਨ ਸਮੇਂ 'ਚ ਜਿੱਥੇ ਅਲਟਰਾ ਸਾਉਂਡ ਦੀ ਤਕਨੀਕ ਦੀ ਗੈਰ-ਕਾਨੂੰਨੀ, ਗੈਰ-ਕੁਦਰਤੀ, ਗੈਰ-ਸਮਾਜਿਕ ਵਰਤੋਂ ਹੋਣ ਲੱਗੀ, ਜਿਸ ਕਾਰਨ ਮਾਂ ਦੇ ਗਰਭ ਵਿੱਚ ਹੀ ਪਤਾ ਲੱਗਣ ਲੱਗ ਗਿਆ ਕਿ ਬੱਚਾ ਪੁੱਤਰ ਹੈ ਜਾਂ ਧੀ। ਇੱਥੋ ਹੀ ਭਰੂਣ ਹੱਤਿਆ ਦੀ ਸ਼ੁਰੂਆਤ ਹੋਈ।ਇਸੇ ਸੰਦਰਭ 'ਚ ਪੰਜਾਬੀ ਦੀ ਉਘੀ ਲੇਖਕ ਡਾ. ਗੁਰਮਿੰਦਰ ਸਿੱਧੂ, ਮੋਹਾਲੀ ਨੇ ਇੱਕ ਅਣਜੰਮੀ ਬੱਚੀ ਦਾ ਆਪਣੀ ਮੰਮੀ-ਪਾਪਾ ਦੇ ਨਾਮ ਦਾ ਖੱਤ ਲਿਖ ਕੇ ਇਕ ਭਾਵਪੂਰਨ ਅਪੀਲ ਕੀਤੀ ਹੈ ਜਿਸ ਦੇ ਕੁਖ ਨੱਨੇ ਅਲਫਾਜ 'ਮੇਰੀ ਗੱਲ ਮੰਨ ਲੈਣਾ ਮੰਮੀ'! ਮੇਰਾ ਜਿਉਣ ਨੂੰ ਬਹੁਤ ਜੀ ਕਰਦੈ।ਅਜੇ ਤਾਂ ਤੁਹਾਡੇ ਵਿਹੜੇ ਵਿੱਚ ਨਿੱਕੇ-ਨਿੱਕੇ ਪੈਰਾ ਨਾਲ ਛਮ-ਛਮ ਨੱਚਣੈ ਮੈਂ। ਨਾ ਲੈ ਕੇ ਦਿਓ ਮੈਨੂੰ ਨਵੀਂਆਂ ਝਾਂਜਰਾਂ, ਮੈਂ ਤਾਂ ਦੀਦੀ ਦੀਆਂ ਛੋਟੀਆਂ ਹੋ ਚੁੱਕੀਆਂ ਝਾਂਜਰਾਂ ਹੀ ਪਾ ਲਉਂਗੀ। ਨਾ ਲੈ ਕੇ ਦੇਣਾ ਮੈਨੂੰ ਨਵੇਂ-ਨਵੇਂ ਕਪੜੇ! ਮੈਂ ਤਾਂ ਵੀਰ ਦੇ ਤੰਗ ਹੋਏ ਕਪੜੇ ਹੀ ਪਾ ਲਉਂਗੀ ਪਰ ਮੈਂ ਇਹ ਧਰਤੀ, ਪਾਣੀ, ਅੰਬਰ, ਚੰਨ-ਤਾਰੇ ਤਾਂ ਦੇਖ ਲਉਂਗੀ ਮੈਂ ਤੇਰੀ ਧੀ ਆਂ! ਤੇਰੀ ਮੁਹੱਬਤ ਦੀ ਸ਼ਹਿਜਾਦੀਝੜ ਮੈਨੂੰ ਘਰ ਵਿੱਚ ਉਤਰ ਲੈਣ ਦੇ ਮਾਂ.... ਮੈਂ ਆਪਣੇ ਪੈਰਾਂ ਤੇ ਖੜੀ ਹੋ ਜਾਉਂਗੀ। ਫਿਰ ਮੇਰੇ ਹੱਥਾ ਉੱਤੇ ਮਹਿੰਦੀ ਚਮਕੂਗੀ.... ਮੇਰੀ ਵੀ ਸ਼ਗਨਾ ਵਾਲੀ ਡੋਲੀ ਤੁਰੂਗੀ। ਮੈਂ ਵੀ ਤੇਰੇ ਵਿਹੜੇ ਵਿੱਚ ਚਿੱੜੀਆਂ ਦਾ ਚੰਬਾ ਬਣ ਕੇ ਉਡੂਗੀ। ਤੂੰ ਮੈਨੂੰ ਇੰਝ ਤਾਂ ਨਾ ਉਡਾ। ਸਿਰਫ ਆਹ ਹੀ ਨਹੀਂ ਮੰਮੀ! ਇਹ ਵੀ ਕੀ ਪਤੈ ਕਿ ਜੱਗ ਤੇ ਕੋਈ ਮਹਾਨ ਕਾਰਨਾਮਾ ਕਰ ਜਾਵਾ। ਮੈਂ ਤੇਰੇ ਪਿਆਰ ਦਾ ਬੀਜ ਆਂ ਮਾਂ। ਮੈਨੂੰ ਆਪਣੀ ਵੱਖੀ ਦੀ ਡਾਲ ਤੇ ਫੁੱਲ ਬਣ ਕੇ ਖਿੜ ਲੈਣ ਦੇ।ਦੇਖ ਮੈਂ ਤੇਰੇ ਅੱਗੇ ਨਿੱਕੇ-ਨਿੱਕੇ ਪਤਾਸਿਆ ਵਰਗੇ ਹੱਥ ਬੰਨਦੀ ਆ ਪਈ। ਮੈਨੂੰ ਮਹਿਸੂਸ ਕਰ ਮਾਂ! ਮੈਨੂੰ ਬਚਾ ਲੈ ਅੰਮੀਏ! ਥੇ ਹੁਣ ਮੈਨੂੰ ਪਾਪਾ ਤੈਨੂੰ ਕਲੀਨਕ ਲੈ ਜਾਣਤਾਂ ਤੂੰ ਅੜ ਜਾਈ ਮੇਰਾ ਵਾਸਤਾਪਾ ਦਈ! ਉਹਨਾਂ ਨੂੰ ਸਮਝਾ ਦਈ ਮਾਂ।ਪਰ ਮੈਨੂੰ ਕਤਲ ਕਰਵਾਉਣ ਲਈ ਕਿਤੇ ਨਾ ਜਾਵੀਂ ਜੇ ਤੈਨੂੰ ਕਿਸੇ ਵੀ ਕਲੀਨਕ ਲੈ ਜਾਣ ਤਾਂ ਤੂੰ ਉਹਨਾਂ ਨੂੰ ਮਨਾ ਕੇ ਵਾਪਸ ਆਪਣੇ ਘਰ ਲੈ ਆਵੀਂ ਮਾਂ! ਕਿਤੇ ਉੱਥੇ ਹੀ ਮੈਨੂੰ ਲਾਸ਼ ਨਾ ਬਣਵਾ ਦੇਵੀਂ! ਤੂੰ ਮੈਥੋ ਨਿੱਕੇ-ਨਿੱਕੇ ਸਾਹ ਲੈਂਦੀ ਤੋਂ ਜਿਦਗੀ ਨਾ ਖੋਹੀ। ਨਾ ਮੰਮੀ ਨਾ ਮੈਨੂੰ ਇੰਝ ਬੇਰਹਿਮੀ ਨਾਲ ਨਾ ਮਾਰੀ। ਨਾ ਮੰਮੀ ਨਾ! ਨਾ ਮੰਮੀ ਨਾ! ਤੇਰੀ ਨਿੱਕੀ ਜਿਹੀ ਅਣਜੰਮੀ ਬੱਚੀ।

ਇਹ ਭਾਵਪੂਰਨ ਵਿਚਾਰ, ਅਣਜੰਮੀ ਬੱਚੀ ਦੀ ਭਾਵਪੂਰਨ ਅਪੀਲ ਨਾਲ ਹਰ ਮਾਨਵੀ ਸੋਚ ਵਾਲੇ ਮਨੁੱਖ ਲਈ ਧੁਰ ਅੰਦਰੋ ਪੀੜਾ ਉਠਦੀ ਹੈ। ਵਿਗਿਆਨ ਤਾਂ ਮਨੁੱਖ ਨੂੰ ਸੁਖ-ਮਈ ਬਣਾਉਣ ਲਈ ਯੋਜ ਕਾਰਜਾਂ 'ਚ ਨਿਰੰਤਰ ਲੱਗਾ ਹੈ ਪਰ ਧਰਤੀ ਤੇ ਅਜਿਹੇ ਲੋਕ ਵੀ ਹਨ ਜਿਹੜੇ ਆਪਣੇ ਅਖੌਤੀ ਮਹਾਨ ਹੋਣ ਦੇ ਨਾਲ ਭਰੂਣ ਹੱਤਿਆ ਕਰਵਾ ਕੇ ਧੀਆਂ ਦਾ ਕਤਲ ਕਰਦੇ ਹਨ। ਪੁੱਤਰਾਂ ਦੀ ਲੋਹੜੀ ਪਾਉਣ ਤੇ ਉਹਨਾਂ ਦੇ ਵੱਧ ਪੜ੍ਹਨ ਲਿਖਣ ਦੇ ਮੌਕੇ ਦੇਣੇ ਅਤੇ ਘਰਾਂ ਵਿੱਚ ਧੀਆਂ ਦੇ ਨਾਲੋਂ ਵੱਧ ਮਾਨ-ਸਨਮਾਨ ਕਰਨ ਪਿਛੇ ਇਹ ਹੀ ਭਾਵਨਾ/ਪ੍ਰਬਲ ਇਛਾ ਇਹ ਹੀ ਰਹੀ ਹੈ ਕਿ ਲੜਕੇ ਹੋਣ ਨਾਲ ਵੰਸ਼ ਅੱਗੇ ਵਧੇਗਾ।

ਲੋਹੜੀ ਪੰਜਾਬ ਦਾ ਇਕ ਅਜਿਹਾ ਤਿਉਹਾਰ ਹੈ ਕਿ ਜਿਸ ਦੀ ਇਕ ਖਾਸ ਅਹਿਮੀਅਤ ਇਹ ਹੈ ਕਿ ਇਕ ਪਿੰਡ ਦੀਆਂ ਲੜਕੀਆਂ ਇੱਕਠੀਆਂ ਹੋ ਕੇ ਨਵ-ਵਿਆਹੇ ਜੋੜੇ ਦੀਆਂ ਲੋਹੜੀ ਮੰਗਦੀਆਂ ਹਨ ਦੇਸ਼-ਵਿਦੇਸ਼ ਪੰਜਾਬ ਦੀਆ ਸਰਕਾਰਾਂ ਅਤੇ ਵੱਖ-ਵੱਖ ਸੰਸਥਾਵਾਂ ਦੁਆਰਾ ਸਰਗਰਮੀ ਨਾਲ ਕੀਤੀਆਂ ਵਿਚਾਰਾ ਕਾਰਨ ਪੈਦਾ ਹੋ ਰਹੀ ਜਾਗਰਤੀ ਕਾਰਨ ਲੜਕੀਆਂ ਦੇ ਘਰਾਂ ਵਿੱਚ ਜਿੱਥੇ ਲੋਹੜੀ ਮੰਗੀ ਜਾਂਦੀ ਹੈ ਉੱਥੇ ਇੱਕ ਭਾਈਚਾਰਕ ਸਾਂਝ ਵੀ ਬਣ ਜਾਂਦੀ ਹੈ। ਇੱਥੇ ਹੀ ਨਹੀਂ ਹੁਣ ਬਹੁਤੇ ਪਿੰਡ ਵਿੱਚ ਨੌਜਵਾਨ ਪਿੰਡ ਦੀਆਂ ਲੋੜਾਂ ਮੁਤਾਬਕ ਲੋਹੜੀ ਮੰਗਦੇ ਹਨ ਜਿਸ ਨਾਲ ਛੋਟੇ-ਛੋਟੇ ਕੰਮ ਮੁਕੰਮਲ ਹੋ ਜਾਂਦੇ ਹਨ। ਇਹਨਾਂ ਨੌਜਵਾਨਾਂ ਅਤੇ ਵਿਅਕਤੀਆਂ ਦੇ ਲੋਹੜੀ ਮੌਕੇ ਕੀਤੇ ਜਾਂਦੇ ਯਤਨਾਂ ਦੀ ਸ਼ਲਾਂਘਾ ਕਰਨ ਨੂੰ ਜੀ ਆਇਆ ਹੀ ਕਿਹਾ ਜਾ ਸਕਦਾ ਹੈ।

ਆਓ ਇਸ 21ਵੀਂ ਦੇ 20ਵੇਂ ਸਾਲ 'ਚ ਅਸੀਂ ਅਜਿਹੇ ਸਮਾਜ ਦੀ ਸਿਰਜਨਾਂ 'ਚ ਯੋਗਦਾਨ ਪਾਈਏ।ਜਿੱਥੇ ਧੀਆਂ-ਔਰਤਾਂ ਵੈ ਸਵੈ-ਮਾਣ ਜਿੰਦਗੀ ਜੀਅ ਸਕਣ। ਪੁੱਤਰ ਵਾਂਗ ਧੀਆਂ ਜੰਮਣ ਸਮੇਂ ਉਨ੍ਹਾਂ ਦੀ ਵੀ ਲੋਹੜੀ ਪਾਈਏ। ਸਾਨੂੰ ਬਦਲੇ ਹਲਾਤਾ ਮੁਤਾਬਕ ਧੀਆਂ ਪਾਉਣ ਲੋਹੜੀ ਮੌਕੇ ਅੰਤਰ-ਝਾਤ ਮਾਰਨ ਦੀ ਲੋੜ ਹੈ। ਸਾਨੂੰ ਲੋਹੜੀ ਮੌਕੇ ਆਇਦ ਲੈਣ ਦੀ ਲੋੜ ਹੈ ਕਿ ਅਸੀਂ ਧੀਆਂ ਲੋਹੜੀ ਮੌਕੇ ਅੰਤਰਝਾਤ ਕਰਦਿਆਂ ਉਹਨਾਂ ਦੇ ਹਰ ਖੇਤਰ ਚ ਵਧਦੇ ਕਦਮਾਂ 'ਚ ਉਹਨਾਂ ਨਾਲ ਕਦਮ ਨਾਲ ਕਦਮ ਮਿਲਾ ਕੇ ਚਲੀਏ ਅਤੇ ਨਵੀਂ ਸੋਚ ਨਵੇਂ ਜੱਜਬੇ, ਨਵੀਂਆਂ ਉਮੰਗਾਂ ਨਾਲ ਦੇ ਸਮਾਜ ਕੌਮ ਦੀ ਸੇਵਾ ਕਰ ਸਕੀਏ ਕਿਉਂਕਿ 21ਵੀਂ ਸਦੀ ਵਿੱਚ ਅਨਪੜ੍ਹ ਉਹਨਾਂ ਲੋਕਾਂ ਨੂੰ ਨਹੀਂ ਕਿਹਾ ਜਾਏਗਾ ਜੋ ਪੜ੍ਹ ਅਤੇ ਲਿਖ ਨਹੀ ਸਕਦੇ ਬਲਕਿ ਉਹਨਾਂ ਲੋਕਾਂ ਨੂੰ ਅਨਪੜ੍ਹ ਕਿਹਾ ਜਾਏਗਾ ਜਿਹੜੇ ਸਿੱਖਣਾ ਨਹੀਂ ਜਾਣਦੇ, ਗਲਤ ਸਿੱਖੀਆਂ ਹੋਈਆਂ ਗੱਲਾਂ ਨੂੰ ਭਲਾਉਣਾ ਨਹੀਂ ਜਾਣਦੇ ਹੋਣਗੇ ਅਤੇ ਸਹੀ ਸਿੱਖਿਆ ਨੂੰ ਨਵੇਂ ਸਿਰਿਓ ਗ੍ਰਹਿਣ ਕਰਨਾ ਨਹੀਂ ਜਾਣਦੇ ਹੋਣਗੇ (ਅਲਵੀਨ ਟੋਫਲਰ) ਕਿਉਂਕਿ ਹੁਣ ਇਤਿਹਾਸ ਦੀ ਮਾਲ ਰੋਡ ਤੇ ਹੁਣ ਉਹ ਮੋੜ ਆ ਗਿਆ ਹੈ, ਜਦੋਂ ਦਲਿਤ ਔਰਤਾਂ ਵੀ ਪੂਰੇ ਜਾਹੋ ਜਲੌਅ ਨਾਲ ਅਤੇ ਸਵੈ-ਮਾਣ ਨਾਲ, ਮੱਥੇ ਵਿੱਚ ਨਵਾਂ ਸੂਰਜ ਬਾਲ ਕੇ, ਅੱਖ ਵਿੱਚ ਨਵੇਂ ਸੁਪਨੇ ਲਟਕਾ ਕੇ ਅਤੇ ਦਿਲਾਂ ਦੀਆਂ ਨਵੀਆਂ ਪੁਲਾਂਘਾ ਪੁੱਟਣਗੇ ਅਤੇ ਹਰ ਨਵੀਆਂ ਰੁਕਾਵਟਾਂ ਨੂੰ ਲੰਘ ਜਾਣਗੇ।

ਆਓ 21ਵੀਂ ਸਦੀ 'ਚ ਦੇਸ਼ ਦੇ ਭਵਿੱਖ ਲਈ ਧੀਆਂ ਦੀ ਲੋਹੜੀ ਪਾਈਏ ਤੇ ਸਮਾਜ ਵਿੱਚ ਸਮਾਨਤਾ ਲਈ ਆਪਣਾ ਯੋਗਦਾਨ ਪਾਈਏ ਕਿਉਂਕਿ ਲੋਹੜੀ ਦਾ ਇੱਕ ਪੱਖ ਇਹ ਵੀ ਕਿ ਲੋਹੜੀ ਲੜਕੀਆਂ ਦੁਆਰਾ ਮੰਗੀ ਜਾਂਦੀ ਹੈ ਅਤੇ ਪਾਈ ਨਵ ਜੰਮੇ ਲੜਕਿਆਂ ਦੀ ਮੰਗੀ ਜਾਂਦੀ ਹੈ।

ਜੇਕਰ ਕੌਮਾਂਤਰੀ ਪਧੱਰ ਤੇ ਕਨੇਡਾ ਵਰਗੇ ਵਿਕਸਿਤ ਦੇਸ਼ਾ ਦੀ ਪਾਰਲੀਮੈਂਟ 'ਚ ਬਣੀ ਮੰਤਰੀ ਮੰਡਲ 'ਚ ਪੁਰਸ਼ਾ ਅਤੇ ਇਸਤਰੀਆਂ ਨੂੰ ਬਰਾਬਰ ਪ੍ਰਤੀਨਿਧਤਾ ਦਿੱਤੀ ਗੱਈ ਹੈ ਪਰ ਸਾਡੇ ਦੇਸ਼ ਇਹ ਸਵਾਲ ਉਠਦਾ ਹੈ ਕਿ ਅਸੀਂ 21ਵੀਂ ਸਦੀ ਵਿੱਚ ਅਜਿਹਾ ਕਰ ਸਕਾਂਗੇ।ਆਓ ਬੀਤੇ ਸਮੇਂ ਤੋਨ ਸਬਕ ਲੈਕੇ ਮੁਨੁੱਖਤਾ ਵਾਲੀ ਸੋਚ ਨੂੰ ਸਰਮਰਪਿਤ ਕਰਕੇ ਇਸ ਵਾਰ ਲੜਕੀਆਂ ਦੀ ਲੋਹੜੀ ਵੀ ਸ਼ਾਨੋ ਸ਼ੋਕਤ ਸ਼ਾਵਾਂ ਨਾਲ ਲੋਹੜੀ ਪਾਈ ਜਾਵੇ ਤੇ ਮਨਾਈ ਜਾਵੇ ਕਿਉਂਕਿ ਦੇਸ਼ ਦਾ ਉਜਵਲ ਭਵਿੱਖ ਧੀਆਂ ਨਾਲ ਜੁੜਿਆ ਹੋਇਆ ਹੈ।

ਪੰਜਾਬੀ ਦੀ ਇੱਕ ਪ੍ਰਸਿੱਧ ਕਹਾਵਤ ਹੈ ਕਿ 'ਤੂੰ ਵੀ ਬਦਲ ਜਮਾਨਾ ਬਦਲ ਗਿਆ' ਨੂੰ ਸਮਝ ਕੇ ਆਪਣੇ ਆਪ ਨੂੰ ਬਦਲਣ ਦੀ ਲੋੜ ਹੈ।

## ਤੁਰ ਗਏ ਹੋ ਪ੍ਰਦੇਸ

– ਰਬਿੰਦਰ ਸ਼ਰਮਾ



ਕੌਣ ਬਚਾਉ ਦੇਸ਼ ਵੇ ਲੋਕੋ,
ਕੌਣ ਬਚਾਉ ਦੇਸ਼?
ਤੁਰ ਗਏ ਹੋ ਪ੍ਰਦੇਸ਼ ਵੇ ਲੋਕੋ,
ਤੁਰ ਗਏ ਹੋ ਪ੍ਰਦੇਸ਼।

ਕੌਣ ਮੁਕਾਓ ਕਲੇਸ਼ ਵੇ ਲੋਕੋ,
ਕੌਣ ਮੁਕਾਓ ਕਲੇਸ਼?
ਤੁਰ ਗਏ ਹੋ ਪ੍ਰਦੇਸ਼ ਵੇ ਲੋਕੋ,
ਤੁਰ ਗਏ ਹੋ ਪ੍ਰਦੇਸ਼ ।

ਦਿਲ ਵਿਚ ਲੈ ਅਰਮਾਨ ਚਲੇ ਗਏ,
ਉਨਤ ਵੇਖ ਜਹਾਨ ਚਲੇ ਗਏ।
ਛੱਡੇ ਘਰ ਤੇ ਬਾਰ ਵੀ ਆਪਣੇ,
ਛੱਡੇ ਮਿਤਰ-ਯਾਰ ਵੀ ਆਪਣੇ।
ਲੈ ਲਿਆ ਨਵਾਂ ਪ੍ਰਵੇਸ਼ ਵੇ ਲੋਕੋ,
ਲੈ ਲਿਆ ਨਵਾਂ ਪ੍ਰਵੇਸ਼।
ਤੁਰ ਗਏ ਹੋ ਪ੍ਰਦੇਸ਼ ਵੇ ਲੋਕੋ
ਤੁਰ ਗਏ ਹੋ ਪ੍ਰਦੇਸ਼ ।

ਪੁਲਿਸ ਰਾਜ ਦਾ ਡੰਡਾ ਇਥੇ,
ਲੁੱਟ ਖੋਹ ਦਾ ਧੰਦਾ ਇਥੇ ।
ਨਸ਼ਿਆ ਦੀ ਹੋਈ ਜਨਤਾ ਵੈਲੀ,
ਰਿਸ਼ਵਤ ਖੋਰੀ ਥਾਂ-ਥਾਂ ਫੈਲੀ।
ਕੌਣ ਦੇਉ ਸੰਦੇਸ਼ ਵੇ ਲੋਕੋ,
ਕੌਣ ਦੇਉ ਸੰਦੇਸ਼?
ਤੁਰ ਗਏ ਹੋ ਪ੍ਰਦੇਸ਼ ਵੇ ਲੋਕੋ,
ਤੁਰ ਗਏ ਹੋ ਪ੍ਰਦੇਸ਼ ।

ਹਾਕਮ ਦੇਣ ਆਦੇਸ਼ ਵੇ ਲੋਕੋ,
ਹਾਕਮ ਦੇਣ ਆਦੇਸ਼ ।
ਤੁਰ ਗਏ ਹੋ ਪ੍ਰਦੇਸ਼ ਵੇ ਲੋਕੋ,
ਤੁਰ ਗਏ ਹੋ ਪ੍ਰਦੇਸ਼ ।

ਗੁਆ ਕੇ ਜਾਨਾਂ ਕੱਢੇ ਗੋਰੇ,
ਲੋਕੀ ਲੈਂਦੇ ਅੱਜ ਵੀ ਝੋਰੇ ।
ਧਰਮਾਂ ਦੀ ਇਥੇ ਜ਼ਹਿਰ ਨਾ ਮੁੱਕੀ,
ਉਚ ਨੀਚ ਦੀ ਸੋਚ ਨਾ ਛੁੱਟੀ ।

ਪੜ੍ਹ ਕੇ ਵੀ ਰੋਜ਼ਗਾਰ ਨਾਂ ਇਥੇ,
ਹਿਣਆ ਕਾਮਾ ਬੇਕਾਰ ਹੈ ਇਥੇ ।
ਭੁੱਖੀ ਕੁਖ ਵੀ ਭਰ ਨਾਂ ਹੋਈ ,
ਮਾਨਵ ਦੀ ਹਰ ਇਕ ਅੱਖ ਰੋਈ ।

ਭੁੱਲਿਓ ਨਾ ਇਹ ਭੂਮੀ ਪਿਆਰੀ,
ਨਾਂ ਭੁੱਲਿਓ ਦੇਸ਼ ਲਈ ਜ਼ੁਮੇਵਾਰੀ ।
ਗ਼ਦਰੀ ਬਿਬਆਂ ਲਹਿਰ ਚਲਾਈ,
ਦੇਸ਼ ਦੀ ਖਾਤਿਰ ਬਾਜ਼ੀ ਲਾਈ ।
ਭੁੱਲਣਾ ਨਾ ਉਪਦੇਸ਼ ਵੇ ਲੋਕੋ,
ਭੁੱਲਣਾ ਨਾ ਉਪਦੇਸ਼।
ਤੁਰ ਗਏ ਹੋ ਪ੍ਰਦੇਸ਼ ਵੇ ਲੋਕੋ,
ਤੁਰ ਗਏ ਹੋ ਪ੍ਰਦੇਸ਼।

## ਆਦਿ-ਧਰਮ, ਜੇ ਲਹਿਰ ਨਾ ਉਠਦੀ ਕੌਮ ਦਾ ਸੰਕਟ ਕਦੇ ਨਾ ਟਲਦਾ

### ਕਵਿ ਪੋਲੋਰਾਮ *ਹੀਰਾ* (ਯੂਕੇ) ਜੀ ਦੀ ਕਲਮ ਤੋਂ

ਸਦੀਆਂ ਤੋਂ ਸੀ ਪਈ ਗੁਲਾਮੀ ਜੇ ਨਾ ਆ ਰਖਵਾਲੀ ਕਰਦਾ,
ਆਦਿ ਨਾਦ ਵਜਾਇਆ ਇਸਨੇ ਕੌਮ ਜਗਾਈ ਚੁੱਕਿਆ ਪਰਦਾ
ਰਲਮਿਲ਼ ਕੇ ਫਿਰ ਆਦਿ-ਵੀਰਾਂ ਕੌਮ ਦਾ ਦੀਪਕ ਰੱਖਿਆ ਬਲਦਾ,
ਆਦਿ-ਧਰਮ ਜੇ ਲਹਿਰ ਨਾ ਉੱਠਦੀ ਕੌਮ ਦਾ ਸੰਕਟ ਕਦੇ ਨਾ ਟਲਦਾ

ਉਸ ਪਰਚੇ ਨੇ ਟੁੰਬ-ਟੁੰਬ ਕੇ ਸੁੱਤੀ ਹੋਈ ਕੌਮ ਜਗਾਈ,
ਆਦਿ-ਧਰਮ ਦੇ ਝੰਡੇ ਹੇਠਾਂ ਇਕੱਠੀ ਕੀਤੀ ਸਭ ਲੁਕਾਈ,
ਜਾਗ ਉੱਠੇ ਕੌਮੀ ਪਰਵਾਨੇ ਬੋਲ ਜੈਕਾਰਾ ਆਦਿ ਦਲ ਦਾ,
ਆਦਿ-ਧਰਮ ਜੇ ਲਹਿਰ ਨਾ ਉੱਠਦੀ ਕੌਮ ਦਾ ਸੰਕਟ ਕਦੇ ਨਾ ਟਲਦਾ

ਮੰਗੂਰਾਮ ਵਿਦੇਸ਼ੋਂ ਆਇਆ ਦੇਖ ਕੌਮ ਨੂੰ ਸੀ ਘਬਰਾਇਆ,
ਪਕੜ ਦਲੇਰੀ ਤੁਰਿਆ ਯੋਧਾ ਨਾਲ਼ ਪਰਬਤਾਂ ਮੱਥਾ ਲਾਇਆ,
ਸਾਥੀ ਨਾਲ ਰੱਖੇ ਸੀ ਉਸ ਨੇ ਘਰ-ਘਰ ਆਪ ਸੁਨੇਹੇ ਘੱਲਦਾ ,
ਆਦਿ-ਧਰਮ ਜੇ ਲਹਿਰ ਨਾ ਉੱਠਦੀ ਕੌਮ ਦਾ ਸੰਕਟ ਕਦੇ ਨਾ ਟਲਦਾ

ਥਾਂ-ਥਾਂ ਜਲਸੇ ਹੋਵਣ ਲੱਗੇ ਹਿੰਦੂਆਂ ਪਿੱਟ-ਪਟਾਕਾ ਪਾਇਆ,
ਛੇਤੀਂ ਨਾਲ ਦਬਾਓ ਇਸਨੂੰ ਨਹੀਂ ਤਾਂ ਸਾਡਾ ਕਰੂ ਸਫਾਇਆ,
ਪਰ ਇਹ ਆਦਿ ਵੀਰ ਦੁਲਾਰਾ ਆਪਣੀ ਮੰਜਿਲ ਦੇ ਵੱਲ੍ਹ ਚਲਦਾ ,
ਆਦਿ-ਧਰਮ ਜੇ ਲਹਿਰ ਨਾ ਉੱਠਦੀ ਕੌਮ ਦਾ ਸੰਕਟ ਕਦੇ ਨਾ ਟਲਦਾ

ਛੋਟਾ ਜਿਹਾ ਉਹ ਕਮਰਾ ਰੇਲਵੇ ਰੋੜ ਜਲੰਧਰ ਅੰਦਰ,
ਉਹ ਸੀ ਜਾ ਕਰਾਈ ਉੱਤੇ ਬਣ ਸੀ ਕੌਮੀ ਮੰਦਿਰ,
ਉਸ ਮੰਦਿਰ ਤੋਂ ਆਪਣੇ ਅੱਖੀਂ ਆਦਿ-ਡੰਕਾ ਦੇਖਿਆ ਚਲਦਾ,
ਆਦਿ-ਧਰਮ ਜੇ ਲਹਿਰ ਨਾ ਉੱਠਦੀ ਕੌਮ ਦਾ ਸੰਕਟ ਕਦੇ ਨਾ ਟਲਦਾ

ਪਰ ਇਸ ਸਾਡੇ ਬਾਬੂ ਜੀ ਨੇ ਆਦਿ-ਧਰਮ ਦਾ ਬੂਟਾ ਲਾਇਆ,
ਇਸ ਬੂਟੇ ਦਾ ਵਧਣ ਫੁੱਲਣ ਲਈ ਕੌਮੀ ਖ਼ੂਨ ਜੜ੍ਹਾਂ ਵਿੱਚ ਪਾਇਆ,
ਆਦਿ-ਧਰਮ ਦੇ ਬਣੋ ਪੁਜਾਰੀ *ਹੀਰਾ* ਲਿਖਕੇ ਕਵਿਤਾ ਘੱਲਦਾ,
ਆਦਿ-ਧਰਮ ਜੇ ਲਹਿਰ ਨਾ ਉੱਠਦੀ ਕੌਮ ਦਾ ਸੰਕਟ ਕਦੇ ਨਾ ਟਲਦਾ

**ਸ਼ਹੀਦੀ ਦਿਨ 'ਤੇ ਵਿਸ਼ੇਸ**

# ਸ਼ਹੀਦ ਭਾਈ ਮੇਵਾ ਸਿੰਘ ਲੋਪੋਕੇ



ਇੱਕ ਅਣਖੀ ਯੋਧੇ ਤੇ ਗ਼ਦਰ ਪਾਰਟੀ ਵੈਨਕੂਵਰ ਕੈਨੇਡਾ ਦੇ ਮੈਂਬਰ ਵਜੋਂ ਹਮੇਸ਼ਾਂ ਇਤਿਹਾਸ ਦੇ ਪੰਨ੍ਹਿਆਂ ਦੇ ਚਮਕਦੇ ਸਿਤਾਰਿਆਂ ਵਾਂਗ ਰਹਿਣਗੇ। 1880 ਈਸਵੀ ,ਪਿੰਡ ਲੋਪੋਕੇ ਚੁਗਾਵਾਂ, ਤਹਿਸੀਲ ਅਜਨਾਲਾ, ਜਿਲਾ ਅੰਮ੍ਰਿਤਸਰ, ਪੰਜਾਬ ਭਾਰਤ ਵਿੱਚ ਜਨਮੇ। ਬਾਕੀ ਹਿੰਦੋਸਤਾਨੀਆਂ ਵਾਂਗ ਰੁਜਗਾਰ ਦੀ ਭਾਲ ਤੇ ਘਰ ਦੀ ਸੁਰੱਗੀ ਲਈ 1906 ਈ਼ ਨੂੰ ਕੈਨੇਡਾ ਦੀ ਧਰਤੀ ਵੈਨਕੂਵਰ ਪਹੁੰਚੇ।

ਵਾਹਿਗੁਰੂ ਦੀ ਰਜ਼ਾ 'ਚ ਰਹਿਕੇ ਹਮੇਸ਼ਾਂ ਕੰਮ ਤੋਂ ਵਿਹਲਾ ਸਮਾਂ ਗੁਰੂਘਰ ਦੀ ਸੇਵਾ ਕਰਦੇ ,ਗੁਰੂ ਦੇ ਸਜੇ ਹੋਏ ਸਿੰਘ ਸਨ। 23, ਮਈ 1914 ਨੂੰ ਮੁਸਾਫ਼ਰਾਂ ਨਾਲ ਭਰਿਆ ਕਾਮਾਗਾਟਾ ਜਹਾਜ਼ ਵੈਨਕੂਵਰ ਪਹੁੰਚਿਆ ,ਨਾਲ ਹੋਈ ਬੇਰਹਿਮੀ, ਬੇਇੰਨਸਾਫੀ ਕਰਕੇ ਕੋਰਟ ਨੇ 6,ਜੁਲਾਈ 1914 ਨੂੰ ਵਾਪਿਸ ਜਾਣ ਦੇ ਆਰਡਰ ਕਰ ਦਿੱਤੇ । ਇਹ ਸਭ ਕੁੱਝ ਪਿੱਛੇ ਮੈਲਕਮ ਰੀਡ ਤੇ ਹਾਪਕਿਨਸਨ ਦਾ ਹੀ ਹੱਥ ਸੀ ਜੋ ਮੇਵਾ ਸਿੰਘ ਨੂੰ ਚੰਗਾ ਨਹੀਂ ਸੀ ਲੱਗਿਆ।

ਹਾਪਕਿਨਸਨ ਇੰਮੀਗ੍ਰੇਸ਼ਨ ਇੰਸਪੈਕਟਰ ਸੀ ਜੋ ਹਿੰਦੋਸਤਾਨੀਆਂ ਦੇ ਵਿਰੁੱਧ ਸੀ ।ਉਹ ਪੰਜਾਬੀ ਵੀ ਬੋਲਦਾ ਸੀ ਤੇ ਬਹੁਤਾ ਸਮਾਂ ਸੂਹਾਂ ਵੀ ਤੇ ਆਪਸੀ ਪਾੜ ਵੀ ਪੰਜਾਬੀ ਹਿੰਦੋਸਤਾਨੀਆਂ 'ਚ ਹੀ ਪਾਉਂਦਾ ਸੀ।

5 ਸਤੰਬਰ ,1914 ਨੂੰ ਕੈਨੇਡਾ ਦੀ ਗ਼ਦਰ ਪਾਰਟੀ ਦੇ ਮੁੱਖ ਯੋਧੇ ਭਾਈ ਭਾਗ ਸਿੰਘ ਅਤੇ ਭਾਈ ਬਦਨ ਸਿੰਘ ਨੂੰ ਵੈਨਕੂਵਰ ਦੇ ਗੁਰੂਘਰ ਵਿੱਚ ਬੇਲਾ ਸਿੰਘ ਜਿਆਣ ਕੋਲੋਂ ਗੋਲੀਆਂ ਮਾਰਕੇ ਸ਼ਹੀਦ ਕਰਨ ਪਿੱਛੇ ਵੀ ਹਾਪਕਿਨਸਨ ਦਾ ਹੱਥ ਸੀ ।

ਹਾਪਕਿਨਸਨ, ਬੇਲਾ ਸਿੰਘ ਨੂੰ ਬਰੀ ਕਰਾਉਣ ਲਈ ਮੇਵਾ ਸਿੰਘ ਨੂੰ ਗਵਾਹ ਦੇ ਤੌਰ ਤੇ ਵਰਤਣਾ ਚਾਹੁੰਦਾ ਸੀ ਜੋ ਸਫਲ ਨਾ ਹੋ ਸਕਣ ਕਾਰਨ ਮੇਵਾ ਸਿੰਘ ਨੂੰ ਤੰਗ ਕਰਦਾ ਸੀ ਕਿਉਂਕਿ ਮੇਵਾ ਸਿੰਘ ਵੈਨਕੂਵਰ ਗ਼ਦਰ ਪਾਰਟੀ ਦਾ ਮੈਂਬਰ ਸੀ ਇੱਕ ਵਾਰ ਹੱਥਿਆਰ ਲਿਆਉਣ ਦੇ ਕੇਸ ਵਿੱਚ ਅਮਰੀਕਾ ਵਲੋਂ ਕਨੇਡਾ ਦੇ ਬਾਰਡਰ ਤੇ ਫੜਿਆ ਗਿਆ ਸੀ ਤੇ ਹਾਪਕਿਨਸਨ ਨੇ ਵੱਢੀ ਲੈ ਕੇ ਬਰੀ ਕਰਵਾਇਆ ਸੀ।

ਬੇਲਾ ਸਿੰਘ ਦੇ ਕੇਸ ਵਿੱਚ ਗੁਰੂ ਦਾ ਸੱਚਾ ਸਿੱਖ ਹੋਣ ਕਰਕੇ ਝੂਠ ਨਾ ਬੋਲਣ ਦਾ ਮੁਜੱਸਮਾ ਇਸ ਕੇਸ ਦੀ ਸੁਣਵਾਈ ਲਈ ਹਰ ਵਾਰ ਕੋਰਟ ਪਹੁੰਚਦਾ।

21, ਅਕਤੂਬਰ ,1914 ਦਾ ਦਿਨ ਸੀ ਜਦੋਂ ਹਾਪਕਿਨਸਨ ਜਿਊਰੀ ਅੱਗੇ ਪੇਸ਼ ਹੋਣ ਜਾ ਰਿਹਾ ਸੀ।

ਲੱਗ ਭਗ 10 ਵਜੇ ਦਾ ਸਮਾਂ ਸੀ ਤਾਂ ਉਡੀਕ ਕਰ ਰਹੇ ਮੇਵਾ ਸਿੰਘ ਨੇ ਗੋਲੀਆਂ ਮਾਰਕੇ ਇਕ ਗ਼ਦਰ ਪਾਰਟੀ ਦੇ ਕੱਟੜ ਵਿਰੋਧੀ ਅੰਗਰੇਜ ਰਾਜ ਦੇ ਜਸੂਸ ਨੂੰ ਢੇਰੀ ਕਰ ਦਿੱਤਾ। ਜਸੂਸ, ਵੱਢੀਖੋਰ, ਹਿੰਦੋਸਤਾਨ ਨੂੰ ਅੰਗਰੇਜ ਰਾਜ ਤੋਂ ਛੁਟਕਾਰਾ ਦਿਵਾਉਣ ਵਾਲੇ ਗ਼ਦਰੀ ਯੋਧਿਆਂ ਦਾ ਕਾਤਲ ਜੋ ਮਨੁੱਖਤਾ ਦੇ ਮੱਥੇ ਦਾ ਕਲੰਕ ਸੀ ਨੂੰ ਮਾਰਨ ਦੇ ਦੋਸ਼ ਵਿੱਚ ਭਾਈ ਮੇਵਾ ਸਿੰਘ ਨੂੰ 11, ਜਨਵਰੀ, 1915 ਨੂੰ ਕੈਨੇਡਾ ਵਿੱਚ ਫਾਂਸੀ ਦੇ ਕੇ ਸ਼ਹੀਦ ਕਰ ਦਿੱਤਾ। ਸ਼ਹੀਦ ਕਦੇ ਵੀ ਮਰਦੇ ਨਹੀਂ ਹਮੇਸ਼ਾਂ ਹੀ ਜੀਊਂਦੇ ਰਹਿੰਦੇ ਹਨ। ਇੰਡੋ-ਅਮੈਰੀਕਨ ਹੈਰੀਟੇਜ ਫ਼ਾਊਂਡੇਸ਼ਨ ਨਿਊਯਾਰਕ ਸ਼ਹੀਦ ਭਾਈ ਮੇਵਾ ਸਿੰਘ ਲੋਪੋਕੇ ਨੂੰ ਸ਼ਰਧਾਂਜਲੀ ਪੇਸ਼ ਕਰਦੇ ਹਾਂ।

**- ਮਨਮੋਹਨ ਸਿੰਘ ਪੂੰਨੀ**
**ਇੰਡੋ ਅਮੈਰੀਕਨ ਹੈਰੀਟੇਜ ਫ਼ਊਂਡੇਸ਼ਨ, ਨਿਊਯਾਰਕ**

# ਪ੍ਰਮੋਟਰਾਂ ਦਾ ਮੱਕੜਜਾਲ: ਅੰਤਰਰਾਸ਼ਟਰੀ ਕਬੱਡੀ ਖਿਡਾਰੀ ਬਣ ਰਹੇ ਡਰੱਗੀ

**ਗੁਰਦਾਸਪੁਰ** - ਪੰਜਾਬ ਦੀ ਮਾਂ ਖੇਡ ਕਹੀ ਜਾਣ ਵਾਲੀ ਕਬੱਡੀ ਅੱਜ ਨਸ਼ੇ ਦੀ ਦਲਦਲ 'ਚ ਧੱਸਦੀ ਜਾਂਦੀ ਪ੍ਰਤੀਤ ਹੋ ਰਹੀ ਹੈ । ਜਿਸ ਨੂੰ ਲੈ ਕੇ ਜ਼ਿਲ੍ਹਾ ਹੁਸ਼ਿਆਰਪੁਰ ਦੇ ਇਕ ਅੰਤਰਰਾਸ਼ਟਰੀ ਕਬੱਡੀ ਖਿਡਾਰੀ ਨੇ ਕਈ ਹੈਰਾਨੀਜਨਕ ਖੁਲਾਸੇ ਕੀਤੇ । ਇਹ ਨੌਜਵਾਨ ਨਸ਼ੇ ਛੱਡਣ ਲਈ ਗੁਰਦਾਸਪੁਰ ਦੇ ਰੈੱਡ ਕਰਾਸ ਨਸ਼ਾ ਛਡਾਓ ਕੇਂਦਰ ਦਾਖ਼ਲ ਹੋਇਆ ਹੈ । ਆਪਣਾ ਨਾਂਅ ਗੁਪਤ ਰੱਖਣ ਦੀ ਸ਼ਰਤ 'ਤੇ ਇਸ ਨੌਜਵਾਨ ਨੇ ਦੱਸਿਆ ਕਿ ਉਸ ਦੇ ਪਿਤਾ ਅਤੇ ਫੁੱਫੜ ਕਬੱਡੀ ਦੇ ਪ੍ਰਸਿੱਧ ਖਿਡਾਰੀ ਸਨ । ਜਿਨ੍ਹਾਂ ਤੋਂ ਉਸ ਨੇ ਕਬੱਡੀ ਖੇਡਣੀ ਸਿੱਖੀ ਅਤੇ ਬੜੇ ਚਾਵਾਂ ਨਾਲ ਉਸ ਨੇ ਆਪਣਾ ਤਗੜਾ ਸਰੀਰ ਪਾਲਿਆ । ਇਸ ਦੇ ਨਾਲ-ਨਾਲ ਉਸ ਨੇ ਸੈਨਿਕ ਸਕੂਲ ਤੋਂ ਪੜ੍ਹਾਈ ਕੀਤੀ ਅਤੇ ਅੰਗਰੇਜ਼ੀ ਵਿਸ਼ੇ ਵਿਚ ਐਮ.ਏ. ਵੀ ਕੀਤੀ । ਜਿਸ ਤੋਂ ਬਾਅਦ ਉਸ ਨੂੰ ਸਰਕਾਰੀ ਨੌਕਰੀ ਵੀ ਮਿਲ ਗਈ ਪਰ ਉਸ ਨੇ ਨੌਕਰੀ ਛੱਡ ਕੇ ਕਬੱਡੀ ਖੇਡਣ ਦਾ ਮਨ ਬਣਾ ਲਿਆ । 2009 ਵਿਚ ਉਸ ਨੇ ਕਈ ਅੰਤਰਰਾਸ਼ਟਰੀ ਕਬੱਡੀ ਮੈਚ ਖੇਡੇ ਅਤੇ ਇਕ ਵੱਡਾ ਰੇਡਰ ਬਣ ਕੇ ਉਭਰਿਆ । ਉਸ ਨੇ ਦੱਸਿਆ ਕਿ 2012 ਵਿਚ ਜਦੋਂ ਉਹ ਇੰਗਲੈਂਡ ਕਬੱਡੀ ਖੇਡਣ ਗਿਆ ਤਾਂ ਉੱਥੋਂ ਦੇ ਪ੍ਰਮੋਟਰਾਂ ਨੇ ਉਸ ਨੂੰ ਧੋਖੇ ਨਾਲ ਇਹ ਕਹਿ ਕੇ ਇਕ ਟੀਕਾ ਲਗਾਇਆ ਕਿ ਇਹ ਸਟੀਰਾਈਡ ਹੈ, ਇਸ ਨਾਲ ਸਰੀਰ ਠੀਕ ਰਹਿੰਦਾ ਹੈ । ਜਦੋਂ ਉਸ ਨੇ ਟੀਕੇ ਦਾ ਨਾਂਅ ਇੰਟਰਨੈਟ 'ਤੇ ਖੋਜਿਆ ਤਾਂ ਉਸ ਨੂੰ ਪਤਾ ਲੱਗਾ ਕਿ ਇਹ ਟੀਕਾ ਮਰ ਰਹੇ ਮਰੀਜ਼ ਨੂੰ ਅੰਤਲੇ ਸਮੇਂ ਵਿਚ ਇਕ ਆਸ ਨਾਲ ਲਗਾਇਆ ਜਾਂਦਾ ਹੈ । ਜੋ ਸਰੀਰ ਨੂੰ ਇਕੋ ਦਮ ਸ਼ਕਤੀ ਦਿੰਦਾ ਹੈ ਅਤੇ ਇਕ ਰੁਕ ਰਹੀ ਨਬਜ਼ ਵੀ ਚੱਲ ਜਾਂਦੀ ਹੈ । ਉਸ ਨੇ ਦੱਸਿਆ ਕਿ ਜਦੋਂ ਇਹ ਟੀਕਾ ਉਸ ਨੂੰ ਲੱਗਿਆ ਤਾਂ ਉਸ ਨੇ ਆਪਣੇ ਸਰੀਰ ਵਿਚ ਬਹੁਤ ਜ਼ਿਆਦਾ ਤਾਕਤ ਮਹਿਸੂਸ ਕੀਤੀ ਅਤੇ ਉਸ ਸਮੇਂ ਉਹ ਆਪਣੇ ਵਿਚ ਹਾਥੀ ਜਿੰਨ੍ਹੀ ਤਾਕਤ ਮਹਿਸੂਸ ਕਰਦਾ ਸੀ । ਇਸ ਖਿਡਾਰੀ ਨੇ ਇਹ ਵੀ ਖੁਲਾਸਾ ਵੀ ਕੀਤਾ ਕਿ ਇਹ ਸਭ ਪ੍ਰਮੋਟਰ ਇਸ ਲਈ ਕਰਦੇ ਕਿਉਂਕਿ ਉਹ ਆਪਣੇ ਖਿਡਾਰੀਆਂ 'ਤੇ ਲੱਖਾਂ-ਕਰੋੜਾਂ ਪੈਸੇ ਲਗਾਉਂਦੇ ਸਨ । ਇਕ-ਇਕ ਰੇਡ ਅਤੇ ਜੱਫੇ 'ਤੇ ਲੱਖਾਂ ਰੁਪਏ ਲੱਗਦੇ ਹਨ, ਜਿਸ ਪ੍ਰਮੋਟਰ ਦਾ ਖਿਡਾਰੀ ਤਗੜਾ ਹੋਵੇਗਾ ਉਨ੍ਹੇ ਹੀ ਜ਼ਿਆਦਾ ਪੈਸੇ ਪ੍ਰਮੋਟਰ ਕਮਾ ਸਕੇਗਾ । ਕਬੱਡੀ ਖਿਡਾਰੀ ਨੇ ਇਹ ਵੀ ਖੁਲਾਸਾ ਕੀਤਾ ਕਿ ਕਬੱਡੀ ਦੇ ਜ਼ਿਆਦਾਤਰ ਮੈਚ ਪ੍ਰਮੋਟਰਾਂ ਵਲੋਂ ਫਿਕਸ ਕੀਤੇ ਜਾਂਦੇ ਹਨ । ਉਨ੍ਹਾਂ ਦੱਸਿਆ ਕਿ ਇਨ੍ਹਾਂ ਵਿਚ ਬਹੁਤ ਸਾਰੇ ਉਹ ਲੋਕ ਵੀ ਸ਼ਾਮਿਲ ਹੁੰਦੇ ਹਨ ਜੋ ਪ੍ਰਮੋਟਰਾਂ ਰਾਹੀਂ ਆਪਣਾ ਦੋ ਨੰਬਰ ਦਾ ਪੈਸਾ ਇਕ ਨੰਬਰ ਦਾ ਕਰ ਲੈਂਦੇ ਹਨ। ਪ੍ਰਮੋਟਰ ਇਸ ਹੱਦ ਤੱਕ ਖਿਡਾਰੀਆਂ ਨੂੰ ਬਲੈਕ ਮੇਲ ਕਰਦੇ ਸਨ ਕਿ ਜੇਕਰ ਕੋਈ ਖਿਡਾਰੀ ਉਨ੍ਹਾਂ ਦਾ ਵਿਰੋਧ ਕਰਦਾ ਤਾਂ ਉਸ ਨੂੰ ਜਲੀਲ ਕਰਕੇ ਜਾਂ ਮਜਬੂਰ ਕਰਕੇ ਬਿਨਾਂ ਮੈਚ ਖਿਡਾਏ ਵਾਪਸ ਭਾਰਤ ਭੇਜ ਦਿੱਤਾ ਜਾਂਦਾ ਸੀ ਅਤੇ ਟੀਕਾ ਲੈਣ ਤੋਂ ਮਨਾਂ ਕਰਨ ਵਾਲੇ ਖਿਡਾਰੀਆਂ ਨੂੰ ਟੀਮ ਦਾ ਹਿੱਸਾ ਹੀ ਨਹੀਂ ਬਣਾਇਆ ਜਾਂਦਾ। ਉਸ ਨੇ ਖੁਲਾਸਾ ਕੀਤਾ ਕਿ ਖਿਡਾਰੀਆਂ ਦੇ ਜੋ ਡੋਪ ਟੈਸਟ ਕੀਤੇ ਜਾਂਦੇ ਹਨ, ਉਹ ਫਰਜ਼ੀ ਹੀ ਹੁੰਦੇ ਹਨ । ਉਸ ਨੇ ਕਿਹਾ ਕਿ ਉਹ ਇਸ ਤਰ੍ਹਾਂ ਕਰਦੇ-ਕਰਦੇ ਹੋਏ ਉਹ ਚਾਰ ਸਾਲ ਆਸਟ੍ਰੇਲੀਆ, ਕੈਨੇਡਾ, ਇੰਗਲੈਂਡ, ਦੁਬਈ, ਅਮਰੀਕਾ, ਨਿਊਜ਼ੀਲੈਂਡ ਅਤੇ ਹੋਰ ਦੇਸ਼ਾਂ ਵਿਦੇਸ਼ਾਂ ਵਿਚ ਕਬੱਡੀ ਖੇਡਦਾ ਰਿਹਾ ਪਰ ਹੌਲੀ-ਹੌਲੀ ਇਹ ਟੀਕਾ ਉਸ ਦੀ ਆਦਤ ਬਣ ਗਿਆ । ਇੱਥੋਂ ਤੱਕ ਕਿ ਜਿੰਮ ਜਾਣ ਸਮੇਂ ਵੀ ਉਹ ਇਸ ਟੀਕੇ ਦੀ ਡੋਜ਼ ਲੈ ਕੇ ਕਸਰਤ ਕਰਨ ਜਾਂਦਾ। ਜਿਸ ਕਾਰਨ ਹੌਲੀ-ਹੌਲੀ ਟੀਕੇ ਦੀ ਮਾਤਰਾ ਵਧਦੀ ਗਈ ਅਤੇ ਉਸ ਦਾ ਕਬੱਡੀ ਵਿਚ ਪ੍ਰਦਰਸ਼ਨ ਖ਼ਰਾਬ ਹੁੰਦਾ ਗਿਆ । ਉਸ ਨੇ ਕਿਹਾ ਕਿ ਫਿਰ ਉਹ ਭਾਰਤ ਵਾਪਸ ਆ ਗਿਆ।








134ਵੇਂ ਜਨਮ ਦਿਨ 'ਤੇ ਵਿਸ਼ੇਸ਼

# ਬਾਬੂ ਮੰਗੂ ਰਾਮ ਮੁਗੋਵਾਲੀਆ ਗ਼ਦਰੀ ਯੋਧਾ ਤੇ ਆਦਿ ਧਰਮ ਦਾ ਬਾਨੀ

## (ਗਦਰੀ ਬਾਬਾ ਬਾਬੂ ਮੰਗੂ ਰਾਮ ਮੁਗੋਵਾਲੀਆ ਜਿਸਨੇ ਗਦਰ ਪਾਰਟੀ ਵਿਚ ਜਾਨ ਹਥੇਲੀ ਤੇ ਰੱਖ ਕੇ ਕੰਮ ਕੀਤਾ ਅਤੇ ਵਿਦੇਸ਼ੋਂ ਮੌਤ ਦੇ ਮੂੰਹ ਵਿਚੋਂ ਪਰਤਣ ਤੇ ਆਪਣੇ ਦੇਸ਼ ਵਿਚ ਆਦਿ ਧਰਮ ਦੀਆਂ ਜੜ੍ਹਾਂ ਲਾਈਆਂ ਨੇ ਆਪਣੀ ਸਕੂਲੀ ਸਿੱਖਿਆ ਇੰਝ ਪੂਰੀ ਕੀਤੀ)

ਇੱਕ ਦਿਨ ਸਵੇਰੇ ਸਵੇਰੇ ਘਰ ਵਿਚ ਬੈਠਿਆਂ ਜਦੋਂ ਮੰਗੂ ਰਾਮ ਆਪਣੇ ਪਿਤਾ ਹਰਨਾਮ ਦਾਸ ਨੂੰ ਚਾਹ ਦਾ ਗਲਾਸ ਫੜਾ ਕੇ ਗਿਆ ਤਾਂ ਚਾਹ ਪੀਦਿਆਂ ਹਰਨਾਮ ਦਾਸ ਦੇ ਦਿਮਾਗ ਵਿਚ ਖਿਆਲ ਆਇਆ ਕਿ ਕਿਉਂ ਨਾ ਮੰਗੂ ਰਾਮ ਨੂੰ ਤਾਲੀਮ ਦੁਆਈ ਜਾਵੇ। ਇਹ ਦਿਮਾਗੀ ਵੀ ਬਹੁਤ ਹੈ ਅਤੇ ਤੇਜ਼ ਤਰਾਰ ਵੀ।ਛੇਤੀ ਹੀ ਚਾਰ ਅੱਖਰ ਪੜ੍ਹਨੇ ਸਿੱਖ ਜਾਵੇਗਾ। ਦੂਸਰੇ ਹੀ ਪਲ ਉਸਦੇ ਮਨ ਵਿਚ ਘੋਰ ਉਦਾਸੀ ਛਾਹ ਗਈ ਕਿ ਸਾਡੇ ਜੁਆਕਾਂ ਨੂੰ ਪੜ੍ਹਾਏਗਾ ਕੌਣ?ਸਾਡੇ ਪ੍ਰਛਾਵੇਂ ਤੋਂਤਾਂ ਬ੍ਰਾਹਮਣਾਂ ਨੂੰ ਭਿੱਟ ਚੜ੍ਹਦੀ ਹੈ।ਪੜ੍ਹਾਨਗੇ ਕਿਵੇਂ ਕੋਲ ਬਿਠਾ ਕੇ ਇਨ੍ਹਾਂ ਨੂੰ? ਪਰ ਇਨ੍ਹਾਂ ਵੇਲਿਆਂ ਤੱਕ ਮਹਾਤਮਾ ਜੋਤੀਬਾ ਰਾਓ ਫੂਲੇ, ਆਇਨਕਲੀ ਦੇ ਉਪਰਾਲਿਆਂ ਅਤੇ ਅੰਗਰੇਜ਼ਾਂ ਦੀਆ ਸਾਰਥਕ ਕੋਸ਼ਿਸ਼ਾਂ ਸਦਕਾ ਅਛੂਤਾਂ ਲਈ ਟਾਂਵੇਂ ਟਾਂਵੇਂ ਸਕੂਲਾਂ ਦੇ ਦੁਆਰ ਖੁੱਲ੍ਹਣੇ ਸ਼ੁਰੂ ਹੋ ਗਏ ਸਨ। ਭਾਂਵੇਂ ਇਨ੍ਹਾਂ ਸਕੂਲਾਂ ਤੱਕ ਅਛੂਤ ਬੱਚਿਆਂ ਦੀ ਪਹੁੰਚ ਨਾ ਮਾਤਰ ਹੀ ਸੀ। ਇਸਾਈਮੱਤ ਦੇ ਪ੍ਰਭਾਵ ਨੂੰ ਠੱਲ ਪਾਉਣ ਲਈ ਅਤੇ ਅੰਦਰ ਖਾਤੇ ਹਿੰਦੂ ਧਰਮ ਦੀਆਂ ਜੜ੍ਹਾਂ ਪੱਕੀਆਂ ਕਰਨ ਲਈ ਆਰੀਆ ਸਮਾਜੀਆਂ ਨੇ ਵੀ ਸਿੱਖਿਆ ਦੇ ਦਰਵਾਜੇ ਅਛੂਤਾਂ ਲਈ ਖੋਲ੍ਹ ਦਿੱਤੇ ਸਨ। ਪਰ ਉਹ ਅਛੂਤਾਂ ਦੇ ਬੱਚਿਆਂ ਨੂੰ ਆਪਣੇ ਸਕੂਲ ਵਿਚ ਦਾਖਲ ਕਰਨ ਤੋਂ ਪਹਿਲਾਂ ਮਾਨਸਿਕ ਤੌਰ ਤੇ ਭਿੱਟ ਜਾਣ ਦੇ ਡਰ ਤੋਂ ਮੁਕਤ ਹੋਣ ਲਈ ਸ਼ੁੱਧੀਕਰਨ ਦੀ ਰਸਮ ਜਰੂਰ ਕਰਦੇ ਸਨ।

ਕੁਝ ਵੀ ਹੋਵੇ ਸਮਾਜ ਵਿਚ ਹੋ ਰਹੇ ਇਨ੍ਹਾਂ ਉਪਰਾਲਿਆਂ ਨਾਲ ਹਰਨਾਮ ਦਾਸ ਨੂੰ ਬੜਾ ਬਲ ਮਿਲਿਆ ਤੇ ਉਸਨੇ ਆਪਣੇ ਗਭਲੇ ਪੁੱਤਰ ਮੰਗੂ ਰਾਮ ਨੂੰ ਪੜ੍ਹਾਉਣ ਦਾ ਮਨ ਬਣਾ ਲਿਆ। ਉਸ ਸਮੇਂ ਮੰਗੂ ਰਾਮ ਦੀ ਉਮਰ ਸੱਤ ਸਾਲ ਦੀ ਸੀ। ਉਸ ਨੂੰ ਪਿੰਡ ਦੇ ਹੀ ਇੱਕ ਸਾਧੂ ਕੋਲ ਗੁਰਮੁਖੀ ਦੇ ਅੱਖਰਾਂ ਦੇ ਗਿਆਨ ਲਈ ਭਰਤੀ ਕਰਵਾਇਆ ਗਿਆ। ਬਾਲ ਮੰਗੂ ਰਾਮ ਥੋੜ੍ਹਾ ਚਿਰ ਇਸ ਸਾਧ ਕੋਲਪੜ੍ਹਨ ਲਈ ਜਾਂਦਾ ਰਿਹਾ।ਪਰ ਇਹ ਕੋਈ ਪੜ੍ਹਨ ਦਾ ਪੱਕਾ ਪ੍ਰਬੰਧ ਨਹੀਂ ਸੀ।

ਪੜ੍ਹਾਈ ਦੇ ਪੱਕੇ ਪ੍ਰਬੰਧ ਵਾਲੀ ਮੱਦ ਨੂੰ ਮੁਖ ਰੱਖਦਿਆਂ ਹਰਨਾਮ ਦਾਸ ਨੇ ਬਾਲ ਮੰਗੂ ਰਾਮ ਨੂੰ ਆਪਣੇ ਵੱਡੇ ਪੁੱਤਰ ਗੰਗਾ ਰਾਮ ਕੋਲ ਦੇਹਰਾਦੂਨ ਭੇਜ ਦਿੱਤਾ ਜਿੱਥੇ ਉਹ ਚਮੜੇ ਦਾ ਕਾਰੋਬਾਰ ਕਰ ਰਿਹਾ ਸੀ। ਹਰਨਾਮ ਦਾਸ ਦੇ ਮਨ ਵਿਚ ਸੀ ਕਿ ਦੇਹਰਾਦੂਨ ਵੱਡਾ ਸ਼ਹਿਰ ਹੈ। ਉੱਥੇ ਪੜ੍ਹਾਈਦੀਆਂ ਵੀ ਵੱਡੀਆਂ ਸਹੂਲਤਾਂ ਹੋਣਗੀਆਂ ਅਤੇ ਮੰਗੂ ਰਾਮ ਦੀ ਅੰਗਰੇਜ਼ੀ ਪੜ੍ਹਨ ਦੀ ਰੀਝ ਵੀ ਪੂਰੀ ਹੋ ਜਾਵੇਗੀ। ਪਰ ਉਸ ਭੋਲ਼ੇ ਨੂੰ ਇਹ ਨਹੀਂ ਸੀ ਪਤਾ ਕਿ ਜਾਤੀ ਪਾਤੀ ਸਿਸਟਮ ਸਿਰਫ ਹੁਸ਼ਿਆਰਪੁਰ ਵਿਚ ਹੀ ਮੌਜ਼ੂਦ ਨਹੀਂ ਸੀ ਸਗੋਂ ਇਸ ਨੇ ਤਾਂ ਭਾਰਤ ਦੀਸਰ ਜ਼ਮੀਂ ਦੇ ਹਰ ਕਣ ਨੂੰ ਆਪਣੇ ਜ਼ਹਿਰ ਨਾਲ ਜ਼ਹਿਰੀਲਾ ਕਰ ਦਿੱਤਾ ਸੀ। ਗੰਗਾ ਰਾਮ ਦੁਆਰਾ ਬਾਲ ਮੰਗੂ ਰਾਮ ਨੂੰ ਪੜ੍ਹਨੇ ਪਾਉਣ ਦੇ ਸੁਪਨੇ ਨੂੰ ਦੇਹਰਾਦੂਨ ਵਿਚ ਵੀ ਬੂਰ ਨਾ ਪਿਆ। ਜਦੋਂ ਸਕੂ਼ਲ ਵਾਲਿਆਂ ਨੂੰ ਮੰਗੂ ਰਾਮ ਦੇਅਛੂਤ ਹੋਣ ਦਾਪਤਾ ਲੱਗਾ ਤਾਂ ਉਹਨਾਂ ਨੇ ਸਕੂ਼ਲ ਦੇ ਗੇਟ ਅੰਦਰ ਵੀ ਮੰਗੂ ਰਾਮ ਨੂੰ ਪੈਰ ਨਾ ਪਾਉਣ ਦਿੱਤਾ।ਸਿੱਟੇ ਵਜੋਂ ਮੰਗੂ ਰਾਮ ਨੂੰ ਮੁੜ ਪਿੰਡ ਮੁਗੋਵਾਲ ਵਾਪਸ ਪਰਤਣਾ ਪਿਆ।

ਹਰਨਾਮ ਦਾਸ ਨੇ ਹਾਲੇ ਵੀ ਹੱਥ ਖੜੇ ਨਹੀਂ ਸਨ ਕੀਤੇ। ਉਸ ਨੇ ਧੁਰ ਅੰਦਰ ਤੱਕ ਫੈਸਲਾ ਕਰ ਲਿਆ ਸੀ ਕਿ ਉਹ ਮੰਗੂ ਰਾਮ ਨੂੰ ਤਾਲੀਮ ਜ਼ਰੂਰ ਦੁਆਏਗਾ। ਇਸ ਲਈ ਉਸ ਨੇ ਮਾਹਿਲਪੁਰ ਦੇ ਇੱਕ ਸਕੂਲ ਵਿਚ ਮੰਗੂ ਰਾਮ ਨੂੰ ਪੜ੍ਹਨੇ ਪਾਉਣ ਦੀਆਂ ਕੋਸ਼ਿਸ਼ਾਂ ਆਰੰਭ ਕਰ ਦਿੱਤੀਆਂ।ਪਰ ਇਹ ਕੰਮ ਕੋਈ ਖਾਲਾ ਜੀ ਦਾ ਵਾੜਾ ਨਹੀਂ ਸੀ। ਉਸਨੂੰ ਸਕੂਲਹਰ ਰੋਜ ਜਾ ਕੇ ਅਧਿਆਪਕਾਂ ਦੇ ਹਾੜੇ ਕੱਢਣੇ ਪੈਂਦੇ।ਇਹ ਇੱਕ ਤਰ੍ਹਾਂ ਨਾਲ ਆਪਣੇ ਹੱਥੀਂ ਆਪਣੀ ਪੱਤ ਲੁਹਾਉਣ ਵਾਲੀ ਗੱਲ ਸੀ। ਉਸ ਨੂੰ ਰੋਜ ਤਰ੍ਹਾਂ ਤਰ੍ਹਾਂ ਦੀਆਂ ਗੱਲਾਂ ਸੁਣਨੀਆਂ ਪੈਂਦੀਆਂ-''ਕੀ ਕਰੇਂਗਾ ਪੜ੍ਹਾ ਕੇ ਜੁਆਕ ਨੂੰ? ਕਰਨੀਆਂ ਤਾਂ ਤੁਹਾਨੂੰ ਪਿਓ ਦਾਦੇ ਵਾਂਗ ਬੁੱਤੀਆਂ ਹੀ ਪੈਣੀਆਂਸਾਰੀ ਉਮਰ। ਘਾਹੀ ਦੇਪੁੱਤ ਨੇ ਘਾਹੀ ਹੀ ਬਣਨੈ। ਬਾਹ਼ਲੇ ਸੁਪਨੇ ਨਾ ਦੇਖ। ਭੱਜ ਜਾ ਇੱਥੋਂ।''

ਹਰਨਾਮ ਦਾਸ ਨੇ ਜਦੋਂ ਜ਼ਿੱਦ ਨਾ ਛੱਡੀ ਤਾਂ ਅਧਿਆਪਕਾਂ ਨੇ ਮੰਗੂ ਰਾਮ ਨੂੰ ਸਕੂਲ ਦਾਖਲ ਕਰਨ ਦੀ ਹਾਮੀ ਭਰ ਦਿੱਤੀ ਇਹ ਕਹਿੰਦਿਆਂ ਅਖੇ ਸਾਡੀਆਂ ਕੁਝ ਸ਼ਰਤਾਂ ਤੈਨੂੰ ਮੰਨਣੀਆਂ ਪੈਣਗੀਆਂ? ਅੰਨ੍ਹਾ ਕੀ ਭਾਲ਼ੇ ਦੋ ਅੱਖਾਂ, ਹਰਨਾਮ ਦਾਸ ਤਾਂ ਮੰਗੂ ਰਾਮ ਦੀ ਪੜ੍ਹਾਈ ਲਈ ਜ਼ਿੰਦ ਵੇਚਣ ਨੂੰ ਵੀ ਤਿਆਰ ਖੜਾ ਸੀ। ਉਸ ਨੇ ਹਾਮੀ ਭਰ ਦਿੱਤੀ ਸ਼ਰਤਾਂ ਲਈ। ਇਸ ਅਸਾਵੇਂ ਸਮਾਜ ਦੇ ਦਰੋਣਾਚਾਰੀਆਂ ਨੇ ਨਿਮਨ ਲਿਖਤ ਸ਼ਰਤਾਂ ਰੱਖੀਆਂ। ਸ਼ਰਤਾਂ ਇਹ ਸੋਚ ਕੇ ਸਖ਼ਤ ਰੱਖੀਆਂ ਕਿ ਸ਼ੂਦਰ ਦਾ ਬੱਚਾ ਦੋ ਚਾਰ ਦਿਨਾਂ ਵਿਚ ਹੀ ਸਕੂਲ ਤੋਂ ਨੌਂ ਦੋ ਗਿਆਰਾਂ ਹੋ ਜਾਵੇਗਾ।ਇਹ ਇੱਕ ਤਰ੍ਹਾਂ ਨਾਲ ਏਕਲੱਵਿਆ ਦੇ ਧਨੁਸ਼ ਫੜਨ ਤੋਂ ਪਹਿਲਾਂ ਹੀ ਅੰਗੂਠਾ ਮੰਗਣ ਵਾਲੀ ਗੱਲ ਸੀ: ਬਾਲ ਮੰਗੂ ਰਾਮ ਜਮਾਤ ਦੇ ਕਮਰੇ ਦੇ ਬਾਹਰ ਦਰਵਾਜੇ ਕੋਲ ਬੈਠ ਕੇ ਸਿੱਖਿਆ ਪ੍ਰਾਪਤ ਕਰੇਗਾ।

ਅਧਿਆਪਕ ਸਿੱਧੇ ਰੂਪ ਵਿਚ ਇਸ ਨੂੰ ਸਿੱਖਿਆ ਪ੍ਰਦਾਨ ਨਹੀਂ ਕਰਨਗੇ ਬਲਕਿ ਮੰਗੂ ਰਾਮ ਨੂੰ ਇੱਕ ਮੁਸਲਮਾਨ ਵਿਦਿਆਰਥੀ ਕੋਲੋਂ ਸਿੱਖਿਆ ਪ੍ਰਾਪਤ ਕਰਨੀ ਹੋਵੇਗੀ।

ਉਸ ਨੂੰ ਕਿਸੇ ਵੀ ਸਥਿਤੀ ਵਿਚ ਜਮਾਤ ਦੇ ਕਮਰੇ ਵਿਚ ਦਾਖਲ ਹੋਣ ਦੀ ਆਗਿਆ ਨਹੀਂ ਦਿੱਤੀ ਜਾਵੇਗੀ।ਕਿਉਂ ਕਿ ਇਸ ਨਾਲ ਉਚ ਜਾਤੀ ਦੇ ਵਿਦਿਆਰਥੀਆਂ ਦੇ ਭਿੱਟ ਜਾਣ ਦਾਡਰ ਰਹੇਗਾ।

ਮੰਗੂ ਰਾਮ ਨੂੰ ਟਾਟ ਵੀ ਘਰ ਤੋਂ ਹੀ ਲੈਕੇ ਆਉਣਾ ਪਵੇਗਾ।

ਸਕੂਲ ਵਿਚ ਇਹ ਆਮ ਪਿਆਓ ਤੋਂ ਪਾਣੀ ਨਹੀਂ ਪੀ ਸਕੇਗਾ।

ਜਦੋਂ ਬਾਲ ਮਨ ਨੂੰ ਇਸ ਤਰ੍ਹਾਂ ਦੀਆਂ ਸਥਿਤੀਆ ਵਿਚੀਂ ਗੁਜ਼ਰਨਾ ਪਵੇਤਾਂ ਉਹ ਪੜ੍ਹਾਈ ਨਾਲ ਕਿਵੇਂ ਜੁੜ ਸਕੇਗਾ? ਅੱਜ ਸਾਡਾ ਵਿਦਿਆਰਥੀ ਜਿਸਨੂੰ ਪੜ੍ਹਾਈ ਦੀਆਂ ੳ ਤੋਂ ੜ ਤੱਕ ਸਾਰੀਆਂ ਸਹੂਲਤਾਂ ਮਿਲ ਰਹੀਆਂ ਹਨ ਉਹ ਫਿਰ ਵੀ ਪੜ੍ਹਾਈ ਤੋਂ ਕੰਨੀ ਕਤਰਾਉਂਦਾ ਹੈ। ਉਸ ਸਮੇਂ ਬਾਬੂ ਮੰਗੂ ਰਾਮ ਮੁਗੋਵਾਲੀਆ ਦੇ ਮਨ ਤੇਕੀ ਗੁਜ਼ਰੀ ਹੋਵੇਗੀ। ਪਰ ਅਸ਼ਕੇ ਜਾਈਏ ਉਸ ਬਹਾਦਰ ਬੱਚੇ ਦੇ ਜੋ ਇਸ ਤਰ੍ਹਾਂ ਦੇ ਕੋਝੇ ਮਾਹੌਲ ਤੋਂ ਵੀ ਪੜ੍ਹਾਈ ਤੋਂ ਪਿੱਛੇ ਨਹੀਂ ਹਟਿਆ। ਉਸਨੇ ਸਤਾਈ ਵਿਦਿਆਰਥੀਆਂ ਦੀ ਜਮਾਤ ਵਿਚੋਂ ਤੀਜੇ ਸਥਾਨ ਤੇ ਰਹਿ ਕੇ ਪ੍ਰਾਇਮਰੀ ਦੀ ਸਿੱਖਿਆ ਪੂਰੀ ਕੀਤੀ।

ਪ੍ਰਾਇਮਰੀ ਤੱਕ ਦੀ ਸਿੱਖਿਆ ਪੂਰੀ ਕਰਨ ਲਈ ਲਗ-ਪਗ ਇਸੇ ਤਰ੍ਹਾਂ ਦਾ ਸਾਹਮਣਾ ਡਾ. ਭੀਮ ਰਾਓ ਅੰਬੇਡਕਰ ਨੂੰ ਮਹਾਰਾਸ਼ਟਰ ਵਿਚ ਕਰਨਾ ਪਿਆ ਜਿਸ ਨੇ ਬਾਅਦ ਵਿਚ ਲੰਬੀ ਜੱਦੋ ਜ਼ਹਿਦ ਕਰਦਿਆਂ ਅਛੂਤਾਂ ਦੇ ਸੰਘਰਸ਼ ਨੂੰ ਰਾਸ਼ਟਰੀ ਪੱਧਰ ਤੇ ਚਰਮ ਸੀਮਾ ਤੱਕ ਪਹੁੰਚਾਇਆ ਸੀ।ਦੱਖਣ ਭਾਰਤ ਵਿਚ ਨਰਾਇਣਾ ਗੁਰੂ, ਪੈਰੀਆਰ ਅਤੇ ਆਇਨਕਲੀ ਇੱਕੋ ਜਿਹਾ ਬਚਪਨ ਗੁਜ਼ਾਰਨ ਵਾਲੇ ਇਹਨਾਂ ਸਮਕਾਲੀ ਯੋਧਿਆਂ ਨੇ ਕਦੇ ਸੋਚਿਆ ਵੀ ਨਹੀਂ ਹੋਣਾ ਕਿ ਸਮਾਂ ਇੱਕ ਵੇਲੇ ਇਨ੍ਹਾਂ ਨੂੰ ਅਛੂਤਾਂ ਦੇ ਹੱਕਾਂ ਦੇ ਰਾਖੇ ਬਣਾ ਕੇ ਇੱਕੋ ਮੰਚ ਤੇ ਸਥਾਪਿਤ ਕਰ ਦੇਵੇਗਾ। ਮੰਗੂ ਰਾਮ ਦੀ ਅਗਲੇਰੀ ਪੜ੍ਹਾਈ ਦੀ ਸਮੱਸਿਆ ਹਰਨਾਮ ਦਾਸ ਅੱਗੇ ਫਿਰ ਦੈਂਤ ਵਾਂਗ ਮੂੰਹ ਅੱਡੀ ਖੜੀ ਸੀ। ਉਹ ਆਪਣੇ ਪੁੱਤਰ ਨੂੰ ਫਰਾਟੇਦਾਰ ਅੰਗਰੇਜ਼ੀ ਬੋਲਦੇ ਦੇਖਣਾ ਚਾਹੁੰਦਾ ਸੀ। ਇਸ ਨਾਲ ਉਸ ਦੇ ਕਾਰੋਬਾਰ ਨੇ ਵੀ ਵਧਣਾ ਫੁਲਣਾ ਸੀ ਤੇ ਬਰਾਦਰੀ ਵਿਚ ਕੋਈ ਚਾਰ ਅੱਖਰ ਜਾਨਣ ਵਾਲਾ ਵੀ ਬਣ ਜਾਣਾ ਸੀ। ਪਰ ਉਸ ਸਮੇਂ ਮੁਗੋਵਾਲ ਦੇ ਨੇੜੇ ਕੋਈ ਵੀ ਹਾਈ ਸਕੂਲ ਨਹੀਂ ਸੀ



ਉਸ ਸਮੇਂ ਭਾਵ ਉੱਨੀਵੀਂ ਸਦੀ ਦੇ ਆਖਰੀ ਦਹਾਕੇ ਹੁਸ਼ਿਆਰਪੁਰ ਜ਼ਿਲ੍ਹੇ ਵਿਚ ਸਿਰਫ ਦੋ ਹਾਈ ਸਕੂਲ ਚੱਲ ਰਹੇ ਸਨ।ਪਹਿਲਾ ਸੀ ਸਰ ਅਮੀ ਚੰਦ ਹਾਈ ਸਕੂਲ ਬਜਵਾੜਾ। ਇਹ ਹੁਸ਼ਿਆਰਪੁਰ ਦਾ ਪਹਿਲਾ ਹਾਈ ਸਕੂਲ ਸੀ। ਇਸਦੀ ਸਥਾਪਨਾ 1889 ਈ: ਵਿਚ ਹੋਈ ਸੀ। ਹਜ਼ਾਰਾਂ ਵਿਦਿਆਰਥੀਆਂ ਨੇ ਇੱਥੋਂ ਸਿੱਖਿਆ ਪ੍ਰਾਪਤ ਕਰਕੇ ਸਰਕਾਰੇ ਦਰਬਾਰੇ ਉੱਚ ਅਹੁਦਿਆਂ ਤੇ ਕੰਮ ਕੀਤਾ। ਸਿੱਖਿਆ ਦੇ ਖੇਤਰ ਵਿਚ ਇਹ ਸਕੂਲ ਜੱਜਾਂ ਦੇ ਨਾਂ ਨਾਲ ਮਸ਼ਹੂਰ ਹੈ। ਇਸ ਸਕੂਲ ਤੋਂ ਪੜ੍ਹ ਕੇ ਗਏ 125 ਦੇ ਕਰੀਬ ਵਿਦਿਆਰਥੀ ਭਾਰਤ ਦੀਆਂ ਲੋਕਲ ਅਦਾਲਤਾਂ ਤੋਂ ਲੈ ਕੇ ਸੁਪਰੀਮ ਕੋਰਟ ਤੱਕ ਦੀਆਂ ਕੁਰਸੀਆਂ ਤੇ ਕਾਨੂੰਨੀ ਦਾਅ-ਪੇਚਾਂ ਰਾਹੀਂ ਮੱਲਾਂ ਮਾਰ ਚੁੱਕੇ ਹਨ।

ਜ਼ਿਲ੍ਹਾ ਹੁਸ਼ਿਆਰਪੁਰ ਦਾ ਦੂਜਾ ਸਕੂਲ ਸੀ ਡੀ.ਏ.ਵੀ. ਹਾਈ ਸਕੂਲ ਕੱਚਾ ਟੋਭਾ। ਇਸਦੀ ਸਥਾਪਨਾ 8 ਫਰਵਰੀ 1898 ਈ: ਨੂੰ ਹੋਈ।ਉਤਰੀ ਭਾਰਤ ਵਿਚ ਇਹ ਡੀ.ਏ.ਵੀ. ਦੀ ਪਹਿਲੀ ਸੰਸਥਾ ਸੀ। ਚੰਬੇ, ਜੰਮੂ ਅਤੇ ਲਾਹੌਰ ਤੱਕ ਦੇ ਵਿਦਿਆਰਥੀ ਇੱਥੇ ਪੜ੍ਹਦੇ ਰਹੇ ਹਨ। ਉਸ ਸਮੇਂ ਇਸ ਵਿਚ 5500 ਵਿਦਿਆਰਥੀ ਸਿੱਖਿਆ ਪ੍ਰਾਪਤ ਕਰਦੇ ਸਨ। ਸ਼੍ਰੀ ਹੰਸ ਰਾਜ ਇਸਦੇ ਪ੍ਰਿੰਸੀਪਲ ਸਨ ਜੋ ਬਜਵਾੜਾ ਵਿਖੇ ਰਹਿੰਦੇ ਸਨ। ਬਾਅਦ ਵਿਚ ਪੂਰੇ ਉਤਰੀ ਭਾਰਤ ਵਿਚ ਡੀ.ਏ.ਵੀ. ਦੀਆਂ 39 ਬ੍ਰਾਂਚਾਂ ਖੁੱਲ੍ਹੀਆਂ। ਲਾਹੌਰ ਦੇ ਡੀ.ਏ.ਵੀ. ਕਾਲਜ ਜਿੱਥੇ ਸ਼ਹੀਦ ਭਗਤ ਸਿੰਘ ਤੇ ਹੋਰ ਇਨਕਲਾਬੀ ਸਿੱਖਿਆ ਪ੍ਰਾਪਤ ਕਰਦੇ ਰਹੇ ਹਨ ਸਮੇਤ ਸਾਰੇ 39 ਸੰਸਥਾਵਾਂ ਦੇ ਆਵਰ ਆਲ ਹੈੱਡ ਸ਼੍ਰੀ ਹੰਸ ਰਾਜ ਰਹੇ। ਹੁਣ ਪਿੰਡ ਬਜਵਾੜਾ ਵਿਖੇ ਇਹਨਾਂ ਦੇ ਜੱਦੀ ਘਰ ਹੀ ਇਨ੍ਹਾਂ ਦੀ ਸਮਾਧ ਬਣੀ ਹੋਈ ਹੈ।

ਉਪਰੋਕਤ ਦੋਵਾਂ ਸਕੂਲਾਂ ਵਿੱਚੋਂ ਹਰਨਾਮ ਦਾਸ ਨੇਸਰ ਅਮੀ ਚੰਦ ਹਾਈ ਸਕੂਲ ਬਜਵਾੜਾ ਦੀ ਚੋਣ ਕੀਤੀ। ਇਸ ਸਕੂਲ ਦੀ ਚੋਣ ਕਰਨ ਦਾ ਮੁੱਖ ਕਾਰਨ ਮੰਗੂ ਰਾਮ ਦੀ ਭੂਆ ਦਾ ਇਸੇ ਪਿੰਡ ਵਿਆਹੇ ਹੋਣਾ ਸੀ। ਬਜਵਾੜਾ ਪਿੰਡ ਮੁਗੋਵਾਲ ਤੋਂ ਵੀਹ ਕਿਲੋਮੀਟਰ ਦੀ ਦੂਰੀ ਤੇ ਸਥਿਤ ਹੈ। ਮੰਗੂ ਰਾਮ ਲਈ ਇੰਨੀ ਦੂਰੀ ਤਹਿ ਕਰਕੇ ਸਕੂਲ ਆਉਣਾ ਜਾਣਾ ਬਹੁਤ ਔਖਾ ਸੀ। ਇਸ ਕਰਕੇ ਮੰਗੂ ਰਾਮ ਨੂੰ ਜੂਨੀਅਰ ਪੜ੍ਹਾਈ ਲਈ ਇਸ ਸਕੂਲ ਵਿੱਚ ਦਾਖਲ ਕਰਵਾ ਦਿੱਤਾ ਗਿਆ। ਇਹ ਦਾਖਲਾ ਵੀ ਅਸਾਨੀ ਨਾਲ ਨਹੀਂ ਹੋਇਆ ਸਗੋਂ ਪ੍ਰਬੰਧਕਾਂ ਨੇ ਮਾਹਿਲਪੁਰ ਸਕੂਲ ਨਾਲੋਂ ਵੀ ਵੱਧ ਹਰਨਾਮ ਸਿੰਘ ਦੀਆਂ ਘੀਸੀਆਂ ਕਢਾਈਆਂ। ਜੂਨੀਅਰ ਜਮਾਤ ਵਿਚ ਪੜ੍ਹਾਈ ਸਮੇਂ ਮਾਹੌਲ ਮਾਹਿਲਪੁਰ ਦੇ ਪ੍ਰਾਇਮਰੀ ਸਕੂਲ ਨਾਲੋਂ ਵੀ ਮਾੜਾ ਸੀ। ਉੱਥੇ ਤਾਂ ਉਸਨੂੰ ਦਰਵਾਜੇ ਕੋਲ ਬੈਠ ਕੇ ਪੜ੍ਹਨ ਦੀ ਆਗਿਆ ਸੀ ਪਰ ਇੱਥੇ ਤਾਂ ਮੰਗੂ ਰਾਮ ਨੂ ਦਰਵਾਜੇ ਅੱਗਿਓਂ ਵੀ ਉਠਾ ਦਿੱਤਾ ਗਿਆ।ਅਖੇ ਸਾਨੂੰ ਕਮਰੇ ਅੰਦਰ ਲੰਘਣ ਵੜਨ ਸਮੇਂ ਭਿੱਟ ਚੜ੍ਹਦੀ ਹੈ। ਮੰਗੂ ਰਾਮ ਨਾਲ ਅਧਿਆਪਕ ਵਿਦਿਆਰਥੀਆਂ ਤੋਂ ਵੱਧ ਕੇ ਤ੍ਰਿਸਕਾਰ ਕਰਦੇ ਸਨ ਤੇ ਵਿਦਿਆਰਥੀ ਅਧਿਆਪਕਾਂ ਤੋਂ ਵੱਧ ਕੇ।ਉਸਨੂੰ ਜਮਾਤ ਦੇ ਕਮਰੇ ਦੇ ਅਖੀਰ ਤੇ ਬਾਹਰ ਵੱਲ ਇੱਕ ਤਾਕੀ ਕੋਲ ਜਾ ਕੇ ਬੈਠਣ ਦਾ ਹੁਕਮ ਚਾੜ੍ਹਿਆ ਗਿਆ। ਮੰਗੂ ਰਾਮ ਘਬਰਾਇਆ ਹੋਇਆ ਆਪਣਾ ਝੋ਼ਲਾ ਚੁੱਕ ਕੇ ਤਾਕੀ ਕੋਲ ਜਾ ਬੈਠਿਆ। ਮਾਹਿਲਪੁਰ ਸਕੂਲੋਂ ਹੋਏ ਤਜ਼ਰਬੇ ਤਹਿਤ ਬੋਰੀ ਦਾ ਟਾਟ ਉਸਨੇ ਪਹਿਲਾਂ ਹੀ ਆਪਣੇ ਝੋ਼ਲੇ ਵਿਚ ਪਾਇਆ ਹੋਇਆ ਸੀ। ਜਦੋਂ ਟਾਟ ਵਿਛਾ ਕੇ ਬੈਠਿਆ ਤਾਂ ਉਸਨੂੰ ਜਮਾਤ ਵਿਚ ਕੀ ਪੜ੍ਹਾਇਆ ਜਾ ਰਿਹਾ ਹੈ, ਕੀ ਹੋ ਰਿਹਾ ਹੈ ਕੁਝ ਵੀ ਦਿਖਾਈ ਨਹੀਂ ਸੀ ਦੇ ਰਿਹਾ। ਕਿਉਂਕਿ ਜਮਾਤ ਦੇ ਕਮਰੇ ਦੀ ਤਾਕੀ ਬਹੁਤ ਉੱਚੀ ਸੀ। ਛੋਟੇ ਕੱਦ ਵਾਲਾ ਮੰਗੂ ਰਾਮ ਤਾਕੀ ਕੋਲ ਖੜਾ ਹੋ ਕੇ ਡਰਦਾ ਡਰਦਾ ਅਧਿਆਪਕ ਦੁਆਰਾ ਬਲੈਕ ਬੋਰਡ ਤੇ ਉਕਰੀ ਇਬਾਰਤ ਪੜ੍ਹਨ ਲੱਗਾ। ਉਹ ਤਾਕੀ ਦੇ ਸਰੀਆਂ ਤੋਂ ਵੀ ਹਟਵਾਂ ਖੜਾ ਸੀ ਮਤਾਂ ਤਾਕੀ ਨਾਲ ਛੂਹ ਜਾਣ ਉਪਰੰਤ ਅਛੂਤ ਦੀ ਭਿੱਟ ਜਮਾਤ ਅੰਦਰ ਪੜ੍ਹ ਰਹੇ ਵਿਦਿਆਰਥੀਆਂ ਅਤੇ ਅਧਿਆਪਕਾਂ ਤੱਕ ਨਾ ਅੱਪੜ ਜਾਵੇ। ਸਾਰਾ ਸਾਰਾ ਦਿਨ ਖੜ੍ਹੇ ਰਹਿ ਕੇ ਪੜ੍ਹਦਿਆਂ ਉਸਦੀਆਂ ਪਿੰਨੀਆਂ ਆਕੜ ਜਾਣੀਆਂ, ਪੈਰਾਂ ਵਿਚ ਖ਼ੂਨ ਉਤਰ ਆਉਣਾ, ਉਸਨੇ ਦੂਜੇ ਬੱਚਿਆਂ ਨਾਲ ਖੇਡ ਨਾ ਸਕਣਾ।ਦੂਰ ਬੈਠੇ ਨੇ ਉਹਨਾਂ ਵੱਲ ਤੱਕਦੇ ਰਹਿਣਾ। ਕਿਸੇ ਬੱਚੇ ਨਾਲ ਗੱਲ ਨਾ ਕਰ ਸਕਣੀ। ਪਿਆਸ ਲੱਗਣ ਤੇ ਆਮ ਪਿਆਓ ਤੋਂ ਪਾਣੀ ਨਾ ਪੀ ਸਕਣਾ। ਝਿੜਕਾਂ ਅਤੇ ਕੁੱਟ ਤੋਂ ਡਰਦਿਆਂ ਉਸਨੇ ਸਾਰਾ ਸਾਰਾ ਦਿਨ ਪਿਆਸਿਆਂ ਰਹਿਣਾ। ਪਿਆਸ ਦੇ ਮਾਰਿਆਂ ਖੁਸ਼ਕ ਮੂੰਹ ਵਿਚੋਂ ਲਾਵ ਵੀ ਸੰਘ ਤੋਂ ਥੱਲੇ ਨਾ ਉਤਰਨੀ। ਇਨ੍ਹਾਂ ਤੰਗੀਆਂ ਤੁਰਸ਼ੀਆਂ ਵਿਚ ਮੰਗੂ ਰਾਮ ਜੂਨੀਅਰ ਪਾਸ ਕਰ ਗਿਆ ਤੇ ਅਗਾਂਹ ਸੀਨੀਅਰ ਵਿਚ ਦਾਖਲ ਹੋ ਗਿਆ।

ਛੁੱਟੀਆਂ ਹੋਣ ਤੇ ਮੰਗੂ ਰਾਮ ਆਪਣੇ ਪਿੰਡ ਮੁਗੋਵਾਲ ਚਲਾ ਜਾਂਦਾ। ਆਪਣੇ ਘਰ ਜਾ ਕੇ ਉਹ ਆਪਣੇ ਘਰ ਦੇ ਮੈਂਬਰਾਂ ਨਾਲ ਘੁ਼ਲ ਮਿਲ ਜਾਂਦਾ। ਸਕੂਲ ਦੇ ਮਾਹੌਲ ਨੂੰ ਬਿਲਕੁਲ ਭੁਲ ਜਾਣਾ ਚਾਹੁੰਦਾ। ਪਰ ਦ੍ਰਿਸ਼ ਭੁਲਣ ਵਾਲੇ ਨਹੀਂ ਸਨ। ਵਾਰ ਵਾਰ ਅੱਖਾਂ ਸਾਹਮਣੇ ਆ ਕੇ ਪ੍ਰੇਸ਼ਾਨ ਕਰਦੇ ਰਹਿੰਦੇ। ਪਿਤਾ ਜੀ ਨੂੰ ਸਵਾਲ ਕਰਦਾ ਕਿ ਕਿਉਂ ਹੁੰਦਾ ਹੈ ਸਾਡੇ ਨਾਲ ਇਸ ਤਰ੍ਹਾਂ? ਉਨ੍ਹਾਂ ਦਾ ਇੱਕੋ ਜਵਾਬ ਹੁੰਦਾ ਕਿ ਅਸੀਂ ਪੜ੍ਹੇ ਲਿਖੇ ਜਿਉਂ ਨਹੀਂ ਹਾਂ। ਜਦੋਂ ਤੂੰ ਪੜ੍ਹ ਲਿਖ ਜਾਏਂਗਾ ਤਾਂ ਆਪੇ ਇਹ ਹਨ੍ਹੇਰਾ ਛੱਡ ਜਾਏਗਾ। ਇਸ ਤਰ੍ਹਾਂ ਦੀਆਂ ਗੱਲਾਂ ਸੁਣ ਕੇ ਮੰਗੂ ਰਾਮ ਨੂੰ ਕੁਝ ਹੌਸਲਾ ਮਿਲਦਾ।

ਜਿਉਂ ਜਿਉਂ ਮੰਗੂ ਰਾਮ ਦੀਆਂ ਕਲਾਸਾਂ ਵਧਦੀਆ ਜਾ ਰਹੀਆਂ ਸਨ ਤਿਉਂ ਤਿਉਂ ਸਮੱਸਿਆਵਾਂ ਦੀ ਪੰਡ ਭਾਰੀ ਹੁੰਦੀ ਜਾਰਹੀ ਸੀ।ਇਹ ਸਿਲਸਿਲਾ ਸਿਨੀਅਰ ਜਮਾਤਾਂ ਵਿਚ ਵੀ ਬਾਦਸਤੂਰ ਜਾਰੀ ਰਿਹਾ। ਸੀਨੀਅਰ ਜਮਾਤਾਂ ਵਿਚ ਪੜ੍ਹਦਿਆਂ ਉਸ ਨਾਲ ਇੱਕ ਦਿਲ ਦਹਿਲਾ ਦੇਣ ਵਾਲੀ ਘਟਨਾ ਵਾਪਰੀ। ਸਰਦੀਆਂ ਦੇ ਸਨ ਸਨ।ਬਰਸਾਤਾਂ ਦੇ ਦਿਨਾਂ ਵਾਂਗ ਕਾਲੀ ਘਟਾ ਚੜ੍ਹ ਕੇ ਆ ਗਈ।ਚਾਰੇ ਪਾਸੇ ਘੁੱਪ ਹਨ੍ਹੇਰਾ ਛਾਹ ਗਿਆ।ਅਸਮਾਨ ਵਿਚ ਬੱਦਲ ਦਨਦਨਾਉਂਦੇ ਦੌੜ ਰਹੇ ਸਨ। ਇੰਝ ਲਗਦਾ ਸੀ ਜਿਵੇਂ ਇਨ੍ਹਾਂ ਅੱਜ ਧਰਤੀ ਤੇ ਬਹੁਤ ਵੱਡਾ ਕਹਿਰ ਢਾਹੁਣਾ ਹੋਵੇ। ਖੁੱਲ੍ਹੇ ਅਸਮਾਨ ਹੇਠ ਤਾਕੀ ਕੋਲ ਗੋਡਿਆਂ 'ਚ ਸਿਰ ਦੇਈ ਬੈਠੇ ਮੰਗੂ ਰਾਮ ਨੂੰ ਕੰਬਣੀ ਛਿੜੀ ਹੋਈ ਸੀ।ਦੇਖਦਿਆਂ ਹੀ ਦੇਖਦਿਆਂ ਦੈੜ ਦੈੜ ਮੀਂਹ ਦਾ ਛਰਾਟਾ ਵਰ੍ਹਨ ਲੱਗ ਪਿਆ। ਜੇਕਰ ਇਕੱਲਾ ਮੀਂਹ ਹੀ ਵਰ੍ਹ ਰਿਹਾ ਹੁੰਦਾ ਤਾਂ ਮੰਗੂ ਰਾਮ ਨੇ ਇਹਨੂੰ ਆਪਣੇ ਪਿੰਡੇ ਤੇ ਜਰ ਲੈਣਾ ਸੀ ਪਰ ਮੀਂਹ ਦੇ ਨਾਲਨਾਲ ਗੜੇ ਵੀ ਪੈਣ ਲੱਗ ਪਏ।ਢੀਮਾਂ ਵਰਗੇ ਗੜਿਆਂ ਨੇ ਮੰਗੂ ਰਾਮ ਦੇ ਪਿੰਡੇ ਨੂੰ ਪੱਛ ਸੁੱਟਿਆ। ਕੁਦਰਤ ਦੇ ਕਹਿਰ ਤੋਂ ਬਚਣ ਲਈ ਉਹ ਆਪਣੇ ਹੱਥਾਂ ਨਾਲ ਕਦੇ ਆਪਣੇ ਮੂੰਹ ਨੂੰ ਕੱਜਦਾ ਅਤੇ ਕਦੇ ਆਪਣੇ ਸਿਰ ਨੂੰ। ਜਦੋਂ ਉਸਦੇ ਸਰੀਰ ਦੀ ਇਸ ਪ੍ਰਕੋਪ ਨੂੰ ਸਹਿਣ ਤੋਂ ਬਿਲਕੁਲ ਬਸ ਹੋ ਗਈ ਤਾਂ ਉਹ ਪਿਛਲੇ ਦਰਵਾਜੇ ਰਾਹੀਂ ਦੌੜ ਕੇ ਜਮਾਤ ਦੇ ਕਮਰੇ ਅੰਦਰ ਆ ਗਿਆ ਅਤੇ ਡਰਦਾ ਮਾਰਾ ਜਮਾਤ ਦੇ ਇੱਕ ਖੂੰਜੇ ਵਿਚ ਖੜ੍ਹ ਗਿਆ।ਜਮਾਤ ਵਿਚ ਮੰਗੂ ਰਾਮ ਦੇ ਆਉਣ ਨਾਲ ਤਾਂ ਜਿਵੇਂ ਭੂਚਾ਼ਲ ਹੀ ਆ ਗਿਆ ਹੋਵੇ। ਸਾਰੇ ਵਿਦਿਆਰਥੀ ਭਿੱਟ ਹੋਣ ਦੇ ਡਰੋਂ ਤਾਕੀਆਂ ਵਿਚੋਂ ਆਪਣੇ ਡੱਬੇ ਚੁੱਕਣ ਦੌੜੇ। ਇਸ ਜਮਾਤ ਦਾ ਇੰਚਾਰਜ ਅਧਿਆਪਕ ਪੋਹਲੋ ਰਾਮ ਜਾਤ ਦਾ ਬ੍ਰਾਹਮਣ ਸੀ। ਉਹ ਆਪਣੀ ਕੁਰਸੀ ਤੋਂ ਨ੍ਹੇਰੀ ਵਾਂਗ ਉੱਠਿਆ।ਉਸਦੇ ਹੱਥ ਵਿਚ ਤਿੰਨ ਕੁ ਫੁੱਟ ਬੈਂਤ ਦੀ ਲੰਮੀ ਸੋਟੀ ਸੀ।ਉਸਨੇ ਠੁਰ ਠੁਰ ਕਰਦੇ ਮੰਗੂ ਰਾਮ ਤੇ ਧਾਵਾ ਬੋਲ ਦਿੱਤਾ। ਗਾ਼ਲਾਂ ਕੱਢਦੇ ਨੇ ਮੰਗੂ ਰਾਮ ਦਾ ਤਿੰਗ, ਗਿੱਟੇ, ਮੌਰ, ਲੱਤਾਂ ਬਾਹਾਂ ਛੱਲੀਆਂ ਵਾਂਗ ਖੁੱਲ ਸੁਟੀਆਂ। ਮੰਗੂ ਰਾਮ ਵਰ੍ਹਦੇ ਮੀਂਹ ਵਿਚ ਆਪਣਾ ਝੋ਼ਲਾ ਚੁੱਕ ਕੇ ਘਰ ਨੂੰ ਭੱਜ ਤੁਰਿਆ। ਮੀਂਹ ਦੇ ਪਾਣੀ ਨੇ ਉਸਦੇ ਹੰਝੂਆਂ ਨੂੰ ਵੀ ਆਪਣੇ ਵਿਚ ਲੁਕੋ ਲਿਆ ਸੀ। ਭੂਆ ਘਰੇ ਆ ਕੇ ਉਸਨੇ ਕੱਪੜੇ ਬਦਲੇ ਅਤੇ ਠੰਢ ਨਾਲ ਠੁਰ-ਠੁਰ ਕਰਦੇ ਪਿੰਡੇ ਨੂੰ ਨਿੱਘ ਦੇਣ ਲਈ ਰਜਾਈ ਵਿਚ ਵੜ ਗਿਆ। ਹੰਝੂ ਅੱਖਾਂ ਵਿਚੋਂ ਰੁਕਣ ਦਾ ਨਾਂ ਨਹੀਂ ਸੀ ਲੈ ਰਹੇ। ਕਿੰਨਾ ਚਿਰ ਰਜਾਈ ਵਿਚ ਪਿਆ ਬੁਸ ਬੁਸ ਕਰਦਾ ਰਿਹਾ।ਨਿੱਘ ਆਉਣ ਤੋਂ ਬਾਅਦ ਜਦੋਂ ਮੰਗੂ ਰਾਮ ਨੇ ਆਪਣੇ ਪਿੰਡੇ ਤੇ ਹੱਥ ਫੇਰਿਆ ਤਾਂ ਉਸਨੂੰ ਮਾਸਟਰ ਪੋਹਲੋ ਰਾਮ ਦੁਆਰਾ ਬੇਤਹਾ ਵਰ੍ਹਾਈ ਬੈਂਤ ਦੀ ਸੋਟੀ ਨਾਲ ਰੱਸਿਆਂ ਵਰਗੀਆਂ ਮੋਟੀਆਂ ਮੋਟੀਆਂ ਵੱਟਾਂ ਉਭਰੀਆਂ ਮਹਿਸੂਸ ਹੋਈਆਂ। ਦੁਬਾਰਾ ਫਿਰ ਉਸਦਾ ਗੱਚ ਭਰ ਆਇਆ। ਭੂਆ ਦੇ ਵਾਰ ਵਾਰ ਰੋਟੀ ਖਾਣ ਨੂੰ ਕਹਿਣ ਤੇ ਵੀ ਉਹ ਰਜਾਈ ਵਿਚ ਲੰਮਾ ਪਿਆ ਰਿਹਾ ਤੇ ਕੋਠੜੀ 'ਚੋਂ ਬਾਹਰ ਨਾ ਆਇਆ।



ਡਾ.ਜਸਵੰਤ ਰਾਏ
91-98158-25999

ਮੰਗੂ ਰਾਮ ਨੇ ਸਕੂਲ ਵਾਲੀ ਘਟਨਾ ਦਾ ਭੂਆ ਨਾਲ ਜ਼ਿਕਰ ਤੱਕ ਨਾ ਕੀਤਾ। ਕਿਉਂਕਿ ਉਸਨੂੰ ਪਤਾ ਸੀ ਕਿ ਜੇਕਰ ਇਸ ਕੁਟ ਦਾ ਭੂਆ ਨੂੰ ਪਤਾ ਲੱਗ ਗਿਆ ਤਾਂ ਉਹ ਪਿਤਾ ਜੀ ਨੂੰ ਕਹਿ ਕੇ ਮੇਰਾ ਨਾਂ ਸਕੂਲ 'ਚੋਂ ਕਟਾ ਦੇਵੇਗੀ। ਉਹ ਅਗਲੇ ਦਿਨ ਝੋ਼ਲਾ ਚੁਕ ਕੇ ਫਿਰ ਸਕੂਲ ਨੂੰ ਤੁਰ ਪਿਆ। ਸਕੂਲ ਜਾ ਕੇਕੀ ਦੇਖਦਾ ਹੈ ਕਿ ਮਾਸਟਰ ਪੋਹਲੋ ਰਾਮ ਅਤੇ ਸਾਰੇ ਵਿਦਿਆਰਥੀਆਂ ਨੇ ਜਮਾਤ ਦਾ ਸਾਰਾ ਸਾਜ਼ੋ ਸਮਾਨ ਬਾਹਰ ਕੱਢਿਆ ਹੋਇਆ ਸੀ। ਜਮਾਤ ਦੇ ਕਮਰੇ ਨੂੰ ਚੰਗੀ ਤਰ੍ਹਾਂ ਧੋ ਦਿੱਤਾ ਗਿਆ ਸੀ। ਮਾਸਟਰ ਪੋਹਲੋ ਰਾਮ ਜਮਾਤ ਦੇ ਕਮਰੇ ਅਤੇ ਫਰਨੀਚਰ ਨੂੰ ਗੜਵੀ ਵਿਚ ਪਾਏ ਪਾਣੀ ਨਾਲ ਛਿੱਟੇ ਦੇ ਕੇ ਸੁੱਚਾ ਕਰ ਰਿਹਾ ਸੀ। ਕਿਉਂਕਿ ਕੱਲ੍ਹ ਇੱਕ ਅਛੂਤ ਵਿਦਿਆਰਥੀ ਦੇ ਕਮਰੇ ਵਿਚ ਆਉਣ ਨਾਲ ਸਾਰਾ ਕੁੱਝ ਭਿੱਟਿਆ ਗਿਆ ਸੀ। ਪੋਹਲੋ ਰਾਮ ਛਿੱਟੇ ਦਿੰਦਾ ਨਾਲ ਨਾਲ ਮੂੰਹ ਵਿਚ ਕੋਈ ਮੰਤਰ ਵੀ ਗੁਣ ਗੁਣਾ ਰਿਹਾ ਸੀ। ਜਦੋਂ ਉਸਦੀ ਨਿਗਾਹ ਸਾਹਮਣੇ ਆ ਰਹੇ ਮੰਗੂ ਰਾਮ ਤੇ ਪਈ ਤਾਂ ਉਸ ਨੇ ਪਾਣੀ ਦੀ ਗੜਵੀ ਵਗਾਹ ਮਾਰੀ। ਉਹੀਓ ਕੱਲ੍ਹ ਵਾਲੀ ਸੋਟੀ ਚੁੱਕ ਲਈ ਤੇ ਗੰਦੀਆਂ ਗਾ਼ਲਾਂਕੱਢਦਾ ਹੋਇਆ ਮੰਗੂ ਰਾਮ ਵੱਲ ਵਧਿਆ- "ਓਏ ਚੰਡਾਲਾ ਤੂੰ ਫਿਰ ਆਗਿਆਂ। ਕੱਲ੍ਹ ਜਿਹੜੇ ਹੱਡ ਸੇਕੇ ਸੀ ਉਹਦਾ ਚੇਤਾ ਭੁੱਲ ਗਿਆ। ਸਾਹ ਲੈ ਤੈਨੂੰ ਦਿੰਨੈ ਪੜ੍ਹਾਈ..।'' ਪੋਹਲੋ ਰਾਮ ਦੀਆਂ ਲਾਲ ਸੂਹੀਆਂ ਅੱਖਾਂ ਤੇ ਹੱਥ ਵਿਚ ਫੜੀ ਸੋਟੀ ਤੋਂ ਡਰਦਾ ਮਾਰਾ ਮੰਗੂ ਰਾਮ ਉਨ੍ਹੀਂ ਪੈਰੀਂ ਘਰਮੁੜ ਆਇਆ। ਭੂਆ ਦੇ ਘਰ ਆ ਕੇ ਸਮਾਨ ਬੰਨ੍ਹਿਆਂ ਤੇ ਪਿੰਡ ਮੁਗੋਵਾਲਆ ਗਿਆ। ਇਸ ਤੋਂ ਬਾਅਦ ਉਹ ਕਦੇ ਸਕੂਲ ਨਹੀਂ ਗਿਆ। ਇਹ ਉਸਦੀ ਸਕੂਲੀ ਸਿੱਖਿਆ ਦਾ ਅੰਤ ਸੀ। ਇਸ ਤਰ੍ਹਾਂ 1905 ਈਸਵੀ ਵਿਚ ਮੰਗੂ ਰਾਮ ਨੇ ਪੜ੍ਹਾਈ ਆਪ ਨਹੀਂ ਛੱਡੀ ਬਲਕਿ ਸਮਾਜਿਕ ਬੰਧਨਾਂ ਵਿਚ ਬੱਝੇ ਸਮਾਜ ਕਾਰਨ ਛੱਡਣੀ ਪਈ।

ਇੱਕ ਅਧਿਆਪਕ ਜਿਸ ਦੀਆਂ ਨਜ਼ਰਾਂ ਵਿਚ ਸਾਰੇ ਵਿਦਿਆਰਥੀ ਇੱਕ ਸਮਾਨ ਹੁੰਦੇ ਹਨ ਵੀ ਉਦੋਂ ਉਹ ਮਨੂੰਵਾਦੀ ਕਾਇਦੇ ਕਾਨੂੰਨਾਂ ਵਿਚ ਬੱਝਾ ਹੋਇਆ ਸੀ। ਮੰਗੂ ਰਾਮ ਦੀ ਜਮਾਤ ਵਿਚ ਉਹ ਦੂਸਰੇ ਵਿਦਿਆਰਥੀਆਂ ਨੂੰ ਚੰਗੀ ਵਿੱਦਿਆ ਪ੍ਰਾਪਤ ਕਰਨ ਲਈ ਉਤਸ਼ਾਹਿਤ ਕਰਦਾ ਰਹਿੰਦਾ। ਉਦਾਹਰਨਾਂ ਸਹਿਤ ਸਮਝਾਉਣ ਦਾ ਯਤਨ ਕਰਦਾ ਕਿ ਕਿਵੇਂ ਵਿੱਦਿਆ ਪ੍ਰਾਪਤ ਕਰਕੇ ਤੁਹਾਡੇ ਜੀਵਨ ਵਿਚ ਸੁਧਾਰ ਆ ਸਕਦਾ ਹੈ। ਤੁਹਾਡੇ ਮਾਤਾ ਪਿਤਾ ਦੇ ਸੁਪਨੇ ਸਾਕਾਰ ਹੋ ਸਕਦੇ ਹਨ। ਪਰ ਮੰਗੂ ਰਾਮ ਤੇ ਨਜ਼ਰ ਟਿਕਦਿਆਂ ਹੀ ਉਸਦੇ ਉਪਦੇਸ਼ਾਂ ਦਾ ਰੂਪ ਬਦਲ ਜਾਂਦਾ ਸੀ। ਉਸਨੂੰ ਮੰਗੂ ਰਾਮ ਅਰਜਨ ਦੇ ਰਾਹ ਵਿਚ ਧਨੁਸ਼ ਲੈ ਕੇ ਖੜਾ ਏਕਲਵਿਆ ਪ੍ਰਤੀਤ ਹੁੰਦਾ। ਗੁਰੂ ਅੰਗੂਠੇ ਦੇ ਨਾਲ ਨਾਲ ਉਸਨੂੰ ਦਿਮਾਗੀ ਤੌਰ ਤੇ ਵੀ ਅਪੰਗ ਕਰਨ ਦੀ ਕੋਸ਼ਿਸ਼ ਕਰਦਾ।

ਸਿੱਖਿਆ ਨੇ ਜਿੱਥੇ ਵਿਅਕਤੀ ਨੂੰ ਵਿਅਕਤੀਗਤ ਤੌਰ ਤੇ ਸੁਘੜ ਬਣਾਉਣਾ ਹੁੰਦਾ ਹੈ ਉੱਥੇ ਇਸ ਨੇ ਸਮਾਜਿਕ ਤੌਰ ਤੇ ਲਹਿਰਾਂ ਬਹਿਰਾਂ ਵੀ ਸਥਾਪਿਤ ਕਰਨੀਆਂ ਹੁੰਦੀਆਂ ਹਨ। ਪਰ ਸਾਡੇ ਦੇਸ਼ ਵਿਚ ਸਿੱਖਿਆਂ ਦੀ ਅਸਾਵੀਂ ਵੰਡ ਕਾਰਨ ਤਰੱਕੀ ਸਥਾਪਿਤ ਨਹੀਂ ਹੋ ਸਕੀ। ਸਿੱਖਿਆ ਦੀ ਅਸਾਵੀਂ ਪ੍ਰਕਿਰਿਆ ਨੂੰ ਵਿਰਾਮ ਨਹੀਂ ਲੱਗਾ।ਇਹ ਵਿਤਕਰਾ ਅੱਜ ਵੀ ਨਿਰਸੰਦੇਹ ਜਾਰੀ ਹੈ। ਸਰਕਾਰੀ ਸਕੂਲ ਜਿੱਥੇ 95% ਦਲਿਤਾਂ ਦੇ ਬੱਚੇ ਪੜ੍ਹਦੇ ਹਨ, ਉਹ ਅੱਜ ਵੀ ਅਧਿਆਪਕਾਂ ਅਤੇ ਮੁਢਲੀਆਂ ਸਹੂਲਤਾਂ ਤੋਂ ਵਿਹੂਣੇ ਹਨ।ਬੱਚੇ ਅਸਮਾਨ ਦੀ ਖੁੱਲ੍ਹੀ ਛੱਤ ਹੇਠ ਬੈਠ ਕੇ ਸਿੱਖਿਆ ਪ੍ਰਾਪਤ ਕਰਨ ਲਈ ਮਜਬੂਰ ਹਨ।ਪੇਂਡੂ ਸਮਾਜ ਵਿਚ ਜਿਹੜੇ ਬੱਚੇ ਮਰ-ਮਾਰ ਕੇ ਡਿਗਰੀ ਪੱਧਰ ਦੀਆਂ ਜਮਾਤਾਂ ਤੱਕ ਪਹੁੰਚਦੇ ਹਨ ਉਨ੍ਹਾਂ ਦਾ ਵੀ ਭਵਿੱਖ ਸੁਰੱਖਿਅਤ ਨਹੀਂ ਹੁੰਦਾ। ਇੱਥੋਂ ਸੰਘਰਸ਼ ਕਰਦਿਆਂ ਜਿਹੜੇ ਰਿਸਰਚ ਖੇਤਰ ਤੱਕ ਪੁੱਜਦੇ ਹਨ ਉਨ੍ਹਾਂ ਦਾ ਹਸ਼ਰ ਰੋਹਿਤ ਬੇਮੂਲਾ ਜਿਹਾ ਹੁੰਦਾ ਹੈ। ਵਿਸ਼ਵ ਪੱਧਰ ਤੇ ਜਦੋਂ ਸਾਖ਼ਰਤਾ ਸਬੰਧੀ ਸਾਰੇ ਦੇਸ਼ਾਂ ਦੇ ਨਕਸ਼ਿਆਂ ਤੇ ਝਾਤੀ ਮਾਰੀ ਜਾਂਦੀ ਹੈ ਤਾਂ ਭਾਰਤ ਦਾ ਅੱਧਾ ਕਨਸ਼ਾ ਅਜੇ ਵੀ ਕਾਲਾ ਦਿਖਾਈ ਦਿੰਦਾ ਹੈ ਇਹ ਬੜੀ ਨਮੋਸ਼ੀ ਵਾਲੀ ਗੱਲ ਹੈ। ਫਿਰ ਤਰੱਕੀ ਕਿਵੇਂ ਹੋਣੀ ਹੋਈ? ਸਿੱਖਿਆ ਸਿਰਫ ਰੁਜ਼ਗਾਰ ਪ੍ਰਾਪਤੀ ਤੱਕ ਹੀ ਸੀਮਿਤ ਨਹੀਂ ਹੁੰਦੀ ਸਗੋਂ ਇਸ ਨੇ ਸਮਾਜ ਵਿਚ ਨਰੋਈਆਂ ਕਦਰਾਂ ਕੀਮਤਾਂ ਵੀ ਪੈਦਾ ਕਰਨੀਆਂ ਹੁੰਦੀਆਂ ਹਨ। ਜੇਕਰ ਭਾਰਤ ਵਿਚ ਸਮਾਜਿਕ ਤੌਰ ਤੇ ਜਾਤੀ ਵਿਤਕਰਾ ਨਾ ਹੁੰਦਾ, ਸਿੱਖਿਆ ਸਭ ਨੂੰ ਸਮਾਨ ਮਿਲੀ ਹੁੰਦੀ ਤਾਂ ਅੱਜ ਇਹ ਸਚਮੁਚ ਵਿਸ਼ਵ ਸ਼ਕਤੀ ਦੀ ਧਰੋਹਰ ਹੁੰਦਾ।

## ਪੇਪਰਾਂ ਦੇ ਦਿਨ

ਪੇਪਰਾਂ ਦੇ ਦਿਨ ਆ ਗਏ ਨੇੜੇ।
ਗੱਲ ਸੁਣ ਲਓ ਬੱਚੇ ਪੜ੍ਹਦੇ ਜਿਹੜੇ ।
ਖੇਡਣਾ ਕੁੱਦਣਾ ਟੀ ਵੀ ਵੇਖਣਾ,
ਥੋੜੇ ਚਿਰ ਲਈ ਕਰ ਦਿਓ ਬੰਦ ।
ਫੇਰ ਕਰ ਲਿਓ ਮਸਤੀ ਬੱਚਿਓ,ਜਦੋਂ ਜਾਣਗੇ ਪੇਪਰ ਲੰਘ ।

ਪੁੱਤ ਗੇਮ ਗੁਮ ਦਾ ਛੱਡੋ ਖਹਿੜਾ।
ਯਾਦ ਕਰਲੋ ਪੇਪਰ ਆਉਣਾ ਜਿਹੜਾ।
ਜੇ ਪੇਪਰ ਵਿੱਚ ਕੁਝ ਯਾਦ ਰਿਹਾ ਨਾ,
ਫੇਲ੍ਹ ਹੋਣ ਦਾ ਡਰ ਕਰੂ ਤੰਗ ,
ਫਿਰ ਕਰ ਲਿਓ ਮਸਤੀ ਬੱਚਿਓ ਜਦੋਂ ਜਾਣਗੇ ਪੇਪਰ ਲੰਘ।

ਜੋ ਅਧਿਆਪਕਾਂ ਪੂਰਾ ਸਾਲ ਪੜ੍ਹਾਇਆ ।
ਤੁਸੀਂ ਓਵਰਟੈਮ ਟਿਊਸ਼ਨਾਂ ਤੇ ਲਾਇਆ।
ਔਖਾ ਪੇਪਰ ਵੇਖ ਘਬਰਾ ਜਾਇਓ ਨਾ,
ਯਾਦ ਰੱਖਿਓ ਧਿਆਨ ਨਾ ਕਰਿਓ ਭੰਗ।
ਫੇਰ ਕਰ ਲਿਓ ਮਸਤੀ ਬੱਚਿਓ ਜਦੋਂ ਜਾਣਗੇ ਪੇਪਰ ਲੰਘ।

ਜੋ ਮੰਮੀ ਡੈਡੀ ਆਸ ਲਗਾਈ ।
ਪੂਰੀ ਕਰਨੀ ਆਂ ਉਹ ਭਾਈ ।
ਡਾਕਟਰ ਜਾਂ ਇੰਜੀਨੀਅਰ ਬਣਨਾ,
ਤੁਸੀਂ ਉਡਾਉਣੀ ਨਹੀਂ ਪਤੰਗ ।
ਫਿਰ ਕਰਦੇ ਮਸਤੀ ਬੱਚਿਓ ,ਜਦੋਂ ਜਾਣਗੇ ਪੇਪਰ ਲੰਘ।

ਇੱਕ ਮਹੀਨਾ ਪੜ੍ਹ ਲਓ ਦੱਬ ਕੇ ।
ਫਿਰ ਖੇਡਣਾ ਬੱਚਿਓ ਰੱਜ ਕੇ ।
ਮਾਸੀ ਨਾਨੀ ਕੋਲ ਵੀ ਜਾਇਓ,
ਭੈਣ ਭਾਈਆਂ ਦੇ ਖੇਡਣਾ ਸੰਗ।
ਫੇਰ ਕਰ ਲਿਓ ਮਸਤੀ ਬੱਚਿਓ ਜਦੋਂ ਜਾਣਗੇ ਪੇਪਰ ਲੰਘ।


## ਬਾਲ ਗੀਤ (ਯੋਗ)

ਉੱਠੋ ਕਰੋ ਨਿੱਤ ਸੈਰ ਸਵੇਰੇ।
ਦਾਦਾ ਜੀ ਕਹਿੰਦੇ ਨੇ ਮੇਰੇ ।
ਸੂਰਜ ਚੜਨ ਤੋਂ ਪਹਿਲਾਂ ਉੱਠੋ,
ਆਲਸ ਬੱਚਿਓ ਦੂਰ ਭਜਾਓ।
ਰੋਗਮੁਕਤ ਹੋ ਜਾਊ ਸਰੀਰ,
ਯੋਗ ਨੂੰ ਜ਼ਿੰਦਗੀ ਵਿੱਚ ਅਪਣਾਓ ।

ਖਾਓ ਸਿਉ ,ਸੰਤਰਾ, ਅਨਾਰ ਮਸੱਮੀ।
ਗਰਮੀ ਦੇ ਵਿੱਚ ਪੀਓ ਬ੍ਰਹਮੀ।
ਸਭ ਤੋਂ ਬੇਹਤਰ ਨਿੰਬੂ ਪਾਣੀ ,
ਪੀ ਕੇ ਠੰਡ ਕਾਲਜੇ ਪਾਓ।
ਰੋਗਮੁਕਤ ਹੋ ਜਾਊ ਸਰੀਰ ,
ਯੋਗ ਨੂੰ ਜ਼ਿੰਦਗੀ ਵਿੱਚ ਅਪਣਾਓ ।

ਭਿਉ ਕੇ ਕੱਚੇ ਛੋਲੇ ਖਾਓ ।
ਫਾਸਟਫੂਡ ਨੂੰ ਮੂੰਹ ਨਾ ਲਾਓ।
ਹੈ ਚਾਹ ਕੌਫੀ ਵੀ ਹਾਨੀਕਾਰਕ,
ਦੁੱਧ ਪੀਣ ਦੀ ਆਦਤ ਪਾਓ ।
ਰੋਗਮੁਕਤ ਹੋ ਜਾਊ ਸਰੀਰ ,
ਯੋਗ ਨੂੰ ਜ਼ਿੰਦਗੀ ਵਿੱਚ ਅਪਣਾਓ ।

ਹੋ ਸਮਝਦਾਰ ਉਂਝ ਤੁਸੀਂ ਬਥੇਰੇ ।
ਕੁਦਰਤ ਦੇ ਵਿੱਚ ਗੁਣ ਨੇ ਜਿਹੜੇ ।
ਆਕਸੀਜਨ ਸਾਨੂੰ ਮੁੱਲ ਨਹੀਂ ਮਿਲਣੀ ,
"ਵੀਰਪਾਲ" ਘਰਾਂ ਵਿੱਚ ਰੁੱਖ ਲਗਾਓ ।
ਰੋਗਮੁਕਤ ਹੋ ਜਾਓ ਸਰੀਰ ,
ਯੋਗ ਨੂੰ ਜ਼ਿੰਦਗੀ ਵਿੱਚ ਅਪਣਾਓ ।



– ਵੀਰਪਾਲ ਕੌਰ ਭੱਠਲ
91- 97810-13953

# ਡੋਗਰਿਆਂ ਦੀ ਬੁਰਛਾਗਰਦੀ, ਗੋਰਿਆਂ ਦੀ ਕਾਇਰਤਾ ਅਤੇ ਖਾਲਸਾ ਰਾਜ ਦਾ ਪਤਨ

**(ਸੰਖੇਪ ਤੇ ਸਰਲ)**



ਡਾ. ਅਵਤਾਰ ਐਸ. ਸੰਘਾ ਆਸਟ੍ਰੇਲੀਆ

ਮਹਾਰਾਜਾ ਰਣਜੀਤ ਸਿੰਘ ਦੀ ਮੌਤ (1839)
ਮਹਾਰਾਜਾ ਖੜਕ ਸਿੰਘ ਗੱਦੀ ਨਸ਼ੀਨ
ਡੋਗਰਿਆਂ ਦੀ ਚਾਲ ਅਧੀਨ ਖੜਕ ਸਿੰਘ ਸ਼ਾਹੀ ਮਹਿਲ ਵਿਚ ਕੈਦ
ਰਾਜਭਾਗ ਖੜਕ ਸਿੰਘ ਦੇ ਬੇਟੇ ਨੌਨਿਹਾਲ ਸਿੰਘ ਪਾਸ
ਇਕ ਹੋਰ ਸਾਜਿਸ਼ ਤਹਿਤ ਖੜਕ ਸਿੰਘ ਤੇ ਕੰਵਰ ਨੌਨਿਹਾਲ ਸਿੰਘ ਇਕੋ ਹੀ ਦਿਨ ਕਤਲ
2 ਮਹੀਨੇ 9 ਦਿਨ ਕੰਵਰ ਦੀ ਮਾਤਾ ਚੰਦ ਕੌਰ ਰਾਜ ਕਰਦੀ ਰਹੀ।
ਫਿਰ ਮਹਾਰਾਜਾ ਸ਼ੇਰ ਸਿੰਘ ਗੱਦੀ ਤੇ ਬੈਠੇ
ਡੋਗਰਿਆਂ ਨੇ ਸ਼ੇਰ ਸਿੰਘ ਤੇ ਉਸਦੇ ਪੁੱਤਰ ਕੰਵਰ ਪ੍ਰਤਾਪ ਸਿੰਘ ਨੂੰ ਵੀ ਕਤਲ ਕਰਵਾ ਦਿੱਤਾ।

ਆਖਰਕਾਰ ਕੰਵਰ ਦਲੀਪ ਸਿੰਘ (ਉਮਰ 5 ਸਾਲ 11 ਦਿਨ) 15 ਸਤੰਬਰ 1843 ਨੂੰ ਗੱਦੀ ਤੇ ਬੈਠੇ।



ਅਗਲੇ ਦਿਨ ਹੀ ਰਾਜਾ ਹੀਰਾ ਸਿੰਘ ਨੇ ਖਾਲਸਾ ਫੌਜ ਦੀ ਮਦਦ ਨਾਲ ਆਪਣੇ ਪਿਤਾ ਧਿਆਨ ਸਿੰਘ ਡੋਗਰੇ ਦੇ ਕਾਤਲਾਂ ਸੰਧਾਵਲੀਏ ਲਹਿਣਾ ਸਿੰਘ ਤੇ ਅਜੀਤ ਸਿੰਘ ਨੂੰ ਕਤਲ ਕਰਵਾ ਦਿੱਤਾ। ਰਾਜ ਦਰਬਾਰ ਵਿਚ ਖ਼ੂਨ ਨਾਲ ਤਿਲਕ ਲਾ ਕੇ ਰਾਜਾ ਹੀਰਾ ਸਿੰਘ ਨੇ ਤਾਜਮੋਸ਼ੀ ਦੀ ਰਸਮ ਕਰਕੇ 18 ਸਤੰਬਰ 1843 ਨੂੰ ਕੰਵਰ ਦਲੀਪ ਸਿੰਘ ਨੂੰ ਮਹਾਰਾਜਾ ਦਲੀਪ ਸਿੰਘ ਅਤੇ ਆਪਣੇ ਆਪਨੂੰ ਵਜ਼ੀਰ ਹੋਣ ਦਾ ਐਲਾਨ ਕਰ ਦਿੱਤਾ।

ਰਾਣੀ ਜਿੰਦਾਂ ਅਤੇ ਉਸਦੇ ਭਰਾ ਜਵਾਹਰ ਸਿੰਘ ਨੂੰ ਹੀਰਾ ਸਿੰਘ ਦਾ ਵਜੀਰ ਬਣਨਾ ਰਾਸ ਨਾ ਆਇਆ।

ਹੀਰਾ ਸਿੰਘ ਨੇ ਖਾਲਸਾ ਫੌਜਾਂ ਵਿਚ ਅਫਵਾਹ ਫੈਲਾ ਦਿੱਤੀ ਕਿ ਜਵਾਹਰ ਸਿੰਘ ਦਲੀਪ ਸਿੰਘ ਨੂੰ ਅੰਗਰੇਜ਼ਾਂ ਪਾਸ ਵੇਚਣਾ ਚਾਹੁੰਦਾ ਏ।

ਖਾਲਸਾ ਫੌਜ ਨੇ ਜਵਾਹਰ ਸਿੰਘ ਨੂੰ ਗ੍ਰਿਫਤਾਰ ਕਰਕੇ ਹੀਰਾ ਸਿੰਘ ਦੇ ਹਵਾਲੇ ਕਰ ਦਿੱਤਾ। ਉਸਨੇ ਜਵਾਹਰ ਸਿੰਘ ਨੂੰ ਕੈਦ ਕਰ ਲਿਆ।

ਰਾਣੀ ਨੇ ਆਪਣਾ ਰਸੂਖ ਵਰਤ ਕੇ ਜਵਾਹਰ ਸਿੰਘ ਨੂੰ ਛੁਡਾ ਲਿਆ।

21 ਦਸੰਬਰ 1844 ਨੂੰ ਹੀਰਾ ਸਿੰਘ ਵੀ ਸਣੇ ਸਾਥੀਆਂ ਦੇ ਕਤਲ ਕਰ ਦਿੱਤਾ ਗਿਆ।

ਗੋਰਿਆਂ ਨੇ ਉਸਦੀ ਥਾਂ ਜਵਾਹਰ ਸਿੰਘ ਨੂੰ ਵਜ਼ੀਰ ਬਣਾਇਆ।

ਜਵਾਹਰ ਸਿੰਘ ਦੇ ਹੁਕਮ ਨਾਲ 30 ਅਗਸਤ 1945 ਨੂੰ ਮਹਾਰਾਜਾ ਰਣਜੀਤ ਸਿੰਘ ਦੇ ਪੁੱਤਰ ਪਿਸ਼ੌਰਾ ਸਿੰਘ ਨੂੰ ਕਤਲ ਕਰ ਦਿੱਤਾ ਗਿਆ।

ਇਸ ਨਾਲ ਖਾਲਸਾ ਫੌਜਾਂ ਜਵਾਹਰ ਸਿੰਘ ਨਾਲ ਨਾਰਾਜ਼ ਹੋ ਗਈਆਂ।

ਅੰਤ ਕੰਮ ਰਾਣੀ ਨੇ ਆਪਣੇ ਹੱਥ ਲੈ ਲਿਆ ਕਿਉਂਕਿ ਬੁਰਸ਼ਾਗਰਦੀ ਕਾਰਣ ਕੋਈ ਵੀ ਵਜ਼ੀਰ ਬਣਨ ਨੂੰ ਤਿਆਰ ਨਹੀਂ ਸੀ।

ਰਾਣੀ ਦਲੀਪ ਸਿੰਘ ਦੀ ਪ੍ਰਤੀਪਾਲਿਕਾ ਬਣ ਗਈ। ਉਹ ਦੀਵਾਨ ਦੀਨਾ ਨਾਥ, ਭਾਈ ਰਾਮ ਸਿੰਘ ਅਤੇ ਮਿਸ਼ਰ ਲਾਲ ਸਿੰਘ ਦੀ ਸਲਾਹਕਾਰ ਸਭਾ ਬਣਾ ਕੇ ਰਾਜ ਕਰਨ ਲੱਗੀ।

ਓਧਰ ਲਾਲ ਸਿੰਘ ਤੇ ਤੇਜ ਸਿੰਘ ਵੀ ਤਾਕਤ ਹਾਸਲ ਕਰਨ ਲਈ ਤਰਲੋਮੱਛੀ ਹੋ ਰਹੇ ਸਨ ਪਰੰਤੂ ਖਾਲਸਾ ਫੌਜਾਂ ਉਹਨਾਂ ਦੇ ਸਾਜਸ਼ੀ ਹੋਣ ਕਾਰਨ ਉਹਨਾਂ ਦੇ ਖਿਲਾਫ ਸਨ। ਅੰਤ ਨੂੰ ਇਹਨਾਂ ਦੋਹਾਂ ਨੇ ਅੰਗਰੇਜ਼ਾਂ ਨਾਲ ਸਾਜ਼ ਬਾਜ਼ ਕਰਨੀ ਸ਼ੁਰੂ ਕਰ ਦਿੱਤੀ ਤੇ ਫੈਸਲਾ ਕਰ ਲਿਆ ਕਿ ਖਾਲਸਾ ਫੌਜਾਂ ਨੂੰ ਅੰਗਰੇਜ਼ਾਂ ਨਾਲ ਲੜਾ ਕੇ ਤਬਾਹ ਕਰਵਾ ਦਿੱਤਾ ਜਾਵੇ।

ਰਾਣੀ ਜਿੰਦ ਕੌਰ ਤੇ ਸ਼ਾਮ ਸਿੰਘ ਅਟਾਰੀ ਲੜਾਈ ਦੇ ਹੱਕ ਵਿਚ ਨਹੀਂ ਸਨ। ਫੌਜ ਦੀ ਕਮਾਨ ਢਿੱਲੀ ਸੀ। ਦਲੀਪ ਸਿੰਘ ਬਾਲ ਅਵਸਥਾ ਵਿਚ ਸੀ।

ਲੜਾਈ ਟਲ ਨਾ ਸਕੀ। ਅੰਤ ਸਤਲੁਜ ਦੇ ਕੰਢੇ ਮੁਦਕੀ, ਫੈਰੂ ਸ਼ਹਿਰ, ਬੱਦੋਵਾਲ, ਆਲੀਵਾਲ ਤੇ ਸਭਰਾਵਾਂ ਦੀਆਂ ਪੰਜ ਲੜਾਈਆਂ ਹੋਈਆਂ।

ਭਾਵੇਂ ਸ਼ਾਮ ਸਿੰਘ ਨੇ ਅਟਾਰੀਵਾਲੇ ਸਭਰਾਵਾਂ ਦੀ ਲੜਾਈ ਵਿਚ ਅੰਤਾਂ ਦੇ ਜੌਹਰ ਦਿਖਾਏ ਪਰੰਤੂ ਜੰਗ ਨੂੰ ਸਾਜੋ ਸਮਾਨ ਸਪਲਾਈ ਕਰਨ ਵਾਲੇ ਤੇਜ ਸਿੰਘ ਤੇ ਲਾਲ ਸਿੰਘ ਗੱਦਾਰ ਸਨ। ਖਾਲਸਾ ਫੌਜ ਦੀ ਹਾਰ ਹੋ ਗਈ।

18 ਫਰਵਰੀ 1846 ਨੂੰ ਜੇਤੂ ਅੰਗਰੇਜ਼ ਕਸੂਰ ਆ ਬੈਠਾ।

18 ਫਰਵਰੀ 1846 ਨੂੰ ਰਾਜਾ ਗੁਲਾਬ ਸਿੰਘ ਬਾਲਕ ਦਲੀਪ ਸਿੰਘ ਨੂੰ ਨਾਲ ਲੈ ਕੇ ਲਾਰਡ ਹਾਰਡਿੰਗ ਨੂੰ ਲਲਿਆਣੀ ਮਿਲਿਆ। ਲਾਹੌਰ ਦਰਬਾਰ ਦਾ ਜ਼ਬਾਨੀ ਸ਼ਰਤਾਂ ਨਾਲ ਸੌਦਾ ਤੈਅ ਕਰ ਲਿਆ। ਰਾਣੀ ਨੂੰ ਕੁਝ ਦੱਸਿਆ ਹੀ ਨਾ।

26 ਫਰਵਰੀ ਨੂੰ ਲਾਰਡ ਹਰਡਿੰਗ ਨੇ ਲਾਹੌਰ ਵਿਚ ਆਮ ਦਰਬਾਰ ਸੱਦਿਆ। ਅੰਗਰੇਜ਼ ਜੇਤੂ ਸ਼ਕਲ ਵਿਚ ਸੱਜੇ ਤੇ ਸਿੱਖ ਅਧੀਨਗੀ ਦੀ ਹਾਲਤ ਵਿਚ ਖੱਬੇ ਪਾਸੇ ਬੈਠੇ। ਬਾਲਕ ਦਲੀਪ ਸਿੰਘ ਨੂੰ ਸਿੰਘਾਸਣ ਉੱਪਰ ਬਿਠਾਇਆ ਗਿਆ। ਹਾਰਡਿੰਗ ਨੇ ਮਿਸ਼ਰ ਲਾਲ ਸਿੰਘ ਤੇ ਤੇਜ ਸਿੰਘ ਦੇ ਸੈਨਾਪਤੀ ਹੋਣ ਦਾ ਐਲਾਨ ਕੀਤਾ। ਮਹਾਰਾਣੀ ਨੂੰ ਕਿਸੇ ਵੀ ਤਰ੍ਹਾਂ ਵਿਸ਼ਵਾਸ ਵਿਚ ਨਾ ਲਿਆ ਗਿਆ।

16 ਦਸੰਬਰ 1846 ਨੂੰ ਭੈਰੋਵਾਲ ਦੀ ਸਲਾਹ, ਜਿਸ ਉੱਤੇ ਗੱਦਾਰਾਂ ਦੇ ਕਹੇ ਦਲੀਪ ਸਿੰਘ ਦੇ ਦਸਤਖਤ ਕਰਵਾਏ ਗਏ, ਰਾਂਹੀ ਲਾਹੌਰ ਦਰਬਾਰ ਦਾ ਪ੍ਰਬੰਧ ਚਲਾਉਣ ਲਈ ਕੌਂਸਲ ਨਾਮਜ਼ਦ ਕੀਤੀ ਗਈ। ਰਾਣੀ ਨੂੰ ਇਸ ਕੌਂਸਲ ਤੋਂ ਵੀ ਦੂਰ ਹੀ ਰੱਖਿਆ ਗਿਆ।

ਰਾਣੀ ਲਈ ਡੇਢ ਲੱਖ ਰੁਪਏ ਭੱਤੇ ਦੀ ਪ੍ਰਵਾਨਗੀ ਦਿੱਤੀ ਗਈ। ਬਾਦ 'ਚ ਇਹ ਭੱਤਾ ਪਾਸ ਕਰਕੇ ਸਿਰਫ ਚਾਰ ਹਜ਼ਾਰ ਰੁਪਏ ਮਹੀਨਾ ਕਰ ਦਿੱਤਾ ਗਿਆ।

7 ਅਗਸਤ 1847 ਨੂੰ ਰੈਜੀਡੈਂਟ ਨੇ ਇਕ ਦਰਬਾਰ ਲਗਾਇਆ ਜਿਸ ਵਿਚ ਅੰਗਰੇਜ਼ਾਂ ਦੇ ਵਫਾਦਾਰ ਬਣੇ ਕੁਝ ਸਰਦਾਰਾ ਨੂੰ ਖਿਤਾਬ ਦਿੱਤੇ ਗਏ। ਦੇਸ਼ ਧਰੋਹੀ ਤੇਜ ਸਿੰਘ ਨੂੰ ਰਾਜੇ ਦਾ ਖਿਤਾਬ ਦਿੱਤਾ ਜਾਣਾ ਸੀ। ਰਾਣੀ ਇਸ ਪ੍ਰਕਾਰ ਦੇ ਦੇਸ਼ ਧਰੋਹੀਆਂ ਨੂੰ ਖਿਤਾਬ ਦੁਵਾਉਣ ਦੇ ਵਿਰੁਧ ਸੀ ਕਿਉਂਕਿ ਇਹਨਾਂ ਨੇ ਸਭਰਾਓਂ ਦੀ ਲੜਾਈ ਵਿਚ ਬਾਰੂਦ ਦੀ ਥਾਂ ਸਰੋਂ ਭੇਜ ਕੇ ਖਾਲਸਾ ਫੌਜ ਨੂੰ ਹਰਵਾ ਦਿੱਤਾ ਸੀ।

ਰਾਣੀ ਨੇ ਦਲੀਪ ਸਿੰਘ ਨੂੰ ਇਸ ਰਸਮ ਵਿਚ ਹਿੱਸਾ ਲੈਣ ਲਈ ਇਕ ਘੰਟਾ ਲੇਟ ਭੇਜਿਆ।

ਅੰਗਰੇਜ਼ ਨੇ ਦਲੀਪ ਸਿੰਘ ਨੂੰ ਤੇਜ ਸਿੰਘ ਦੇ ਤਿਲਕ ਲਗਾਉਣ ਲਈ ਕਿਹਾ। ਦਲੀਪ ਸਿੰਘ ਨੇ ਇੰਝ ਕਰਨੋਂ ਨਾਂਹ ਕਰ ਦਿੱਤੀ। ਅੰਗਰੇਜ਼ ਨੇ ਇਹ ਰਸਮ ਪਰੋਹਿਤ ਪਾਸੋਂ ਪੂਰੀ ਕਰਵਾ ਲਈ।

ਰਾਤ ਨੂੰ ਆਤਿਸ਼ਬਾਜ਼ੀ ਚਲਾਈ ਗਈ ਪਰੰਤੂ ਮਹਾਰਾਣੀ ਨੇ ਮਹਾਰਾਜੇ ਨੂੰ ਇਸ ਰਸਮ ਵਿਚ ਨਾ ਜਾਣ ਦਿੱਤਾ।

ਅੰਗਰੇਜ਼ ਨੇ ਸੋਚਿਆ ਜੇ ਮਹਾਰਾਣੀ ਬਾਲਕ ਮਹਾਰਾਜੇ ਤੇ ਨਜ਼ਰ ਰੱਖਦੀ ਹੈ ਤਾਂ ਸਰਕਾਰ ਆਪਣਾ ਪ੍ਰਬੰਧ ਨਹੀਂ ਚਲਾ ਸਕੇਗੀ। ਇਸ ਲਈ ਮਹਾਰਾਣੀ ਨੂੰ ਮਹਾਰਾਜੇ ਤੋਂ ਅਲੱਗ ਕਰਕੇ 20 ਕਿ: ਮੀ: ਦੂਰ ਸ਼ੇਖੂਪੁਰੇ ਕੈਦ ਕਰ ਲਿਆ।

## "ਸਰਬੰਸ਼ਦਾਨੀ ਸਾਹਿਬ ਗੁਰੂ ਗੋਬਿੰਦ ਸਿੰਘ"

ਸਾਹਿਬ ਗੁਰੂ ਗੋਬਿੰਦ ਸਿੰਘ ਜੀ ਦੇ , ਅਸ਼ੀ ਹਾਂ ਬੇਟੇ ਰੰਗ ਰੇਟੇ
ਗੁਰੂ ਜੀ ਦੇ ਹੁਕਮ ਨਾਲ ਜ਼ੁਲਮ ਮਿਟਾਦਿਆਂਗੇ
ਪਾਪਾਂ ਜ਼ੁਲਮਾਂ ਦੀ ਗੁਰੂ ਜੀ ਅੱਤ ਹੋ ਗਈ
ਪਾਪਾਂ ਜੁਲਮਾਂ ਦਾ ਗੁਰੂ ਜੀ ਨਾਸ਼ ਕਰਕੇ
ਤੇ ਭਾਰ ਧਰਤੀ ਦੇ ਉਤੋਂ ਘਟਾਦਿਆਂਗੇ
ਜ਼ੁਲਮ ਕਰਨ ਤੋਂ ਆਉਦੇਂ ਨਹੀ ਬਾਜ ਜਿਹੜੇ
ਥੱਰ ਥੱਰ ਉਹਨਾਂ ਦੇ ਤਾਈਂ ਕਰਨ ਲਾਦਿਆਂਗੇ
ਗੁਰੂ ਜੀ ਦੇ ਬੇਟੇ ਰੰਗ ਰੇਟੇ ਦੀ ਧਾੜ ਜਦ ਚੜ ਪੈਣੀ
ਤੋਹਬਾ ਤੋਹਬਾ ਕਹਿ ਕੰਨਾਂ ਨੂੰ ਹੱਥ ਲਗਵਾਦਿਆਂਗੇ
ਤੌਬਾ ਤੌਬਾ ਕਹਿ ਕੰਨਾਂ ਨੂੰ ਹੱਥ ਲਗਵਾਦਿਆਂਗੇ

ਦਸਮੇਸ਼ ਪਿਤਾ ਜੀ ਗੁਰੂ ਦਾ ਨਾਮ ਲੈ ਕੇ
ਚੱੜ੍ਹਦੀ ਕਲਾ ਦੀ ਫ਼ਤਿਹ ਬਲਾਦਿਆਂਗੇ

ਨਹੀ ਡਰਾਂਗੇ ਗੁਰੂ ਜੀ ਕਿਸੇ ਜ਼ੁਲਮੀ ਜਾਲਮ ਕੋਲੋਂ
ਗੁਰੂ ਜੀ ਹੱਥ ਉਸ ਨੂੰ ਕਰੜੇ ਦਿਖਲਾਦਿਆਂਗੇ
ਗੁਰੂ ਜੀ ਦੀ ਫੌਜ ਦੇ ਸ਼ੇਰ ਜਦ ਮੈਦਾਨ ਗੱਜੇ
ਗੁਰੂ ਜੀ ਭਾਜੜਾਂ ਗਿੱਦੜਾਂ ਤਾਈਂ ਪੁਆਦਿਆਂਗੇ
ਸਿਰ ਚੁੱਕੂ ਨਾ ਗੁਰੂ ਜੀ ਫੇਰ ਕੋਈ ਜਾਲਮ
ਇੱਟ ਨਾਲ ਗੁਰੂ ਜੀ ਪੱਥਰ ਖੜਕਾ ਦਿਆਂਗੇ
ਤੌਬਾ ਤੌਬਾ ਕਹਿ ਕੰਨਾਂ ਨੂੰ ਹੱਥ ਲਗਵਾਦਿਆਂਗੇ
ਤੌਬਾ ਤੌਬਾ ਕਹਿ ਕੰਨਾਂ ਨੂੰ ਹੱਥ ਲਗਵਾਦਿਆਂਗੇ

ਗੁਰੂ ਜੀ ਦੇ ਬੇਟੇ ਰੰਗ ਰੇਟਿਆਂ ਨੇ ਜੱਦ ਚੜ੍ਹ ਪੈਣਾ
ਚਾਰਾਂ ਤਰਫ਼ਾਂ ਤੋਂ ਗੁਰੂ ਜੀ ਹਨੇਰੀਆਂ ਲਿਆਦਿਆਂਗੇ
ਹੁਣ ਵਕਤ ਆ ਗਿਆ ਗੁਰੂ ਜੀ ਉਠਣੈਂ ਦਾ
ਗੁਰੂ ਜੀ ਤੇਰੀ ਮਿਹਰ ਨਾਲ ਧੂੜਾਂ ਉਡਾਦਿਆਂਗੇ
ਜਦੋਂ ਚਲ ਪੈਣਾਂ ਗੁਰੂ ਜੀ ਅਸ਼ੀ ਰੁਕਣਾ ਨਹੀਂ
ਗੁਰੂ ਜੀ ਗ਼ਦਾਰਾਂ ਨੂੰ ਵੀ ਗੱਡੀ ਝੜਾਦਿਆਂਗੇ
ਗੁਰੂ ਜੀ ਤੁਸਾਂ ਦੇ ਹੁੰਦਿਆਂ ਡਰ ਕਾਹਦਾ
ਗੁਰੂ ਜੀ ਆਮ ਖਾਸ਼ ਦੇ ਤੋਤੇ ਉਡਾਦਿਆਂਗੇ
ਤੌਬਾ ਤੌਬਾ ਕਹਿ ਕੰਨਾਂ ਨੂੰ ਹੱਥ ਲਗਵਾਦਿਆਂਗੇ
ਤੌਬਾ ਤੌਬਾ ਕਹਿ ਕੰਨਾਂ ਨੂੰ ਹੱਥ ਲਗਵਾਦਿਆਂਗੇ

ਬਹਾਦਰ ਪਿਤਾ ਜੀ ਦੇ ਸਪੁੱਤਰ, ਬਹਾਦਰ ਗੁਰੂ ਗੋਬਿੰਦ ਸਿੰਘ
ਗੁਰੂ ਜੀ ਝੰਡੇ ਤੁਸਾਂ ਦੇ ਤਾਈਂ ਝੁੱਲਾਦਿਆਂਗੇ
ਚੌਹਾਂ ਜੁਗਾਂ ਦੇ ਵਿੱਚ ਗੁਰੂ ਜੀ ਅਮਰ ਹੇਗੈ

ਹਰ ਜਗ੍ਹਾ ਗੁਰਾਂ ਦੇ ਗੁਣਾਂ ਨੂੰ ਗਾਦਿਆਂਗੇ
ਸਾਡੇ ਗੁਰਾਂ ਜੈਸਾ ਕੋਈ ਨਹੀਂ ਹੋਰ ਹੋਇਆ
ਸਾਰੇ ਜੱਗ ਤੇ ਆਵਾਜ ਪਹੁੰਚਾਦਿਆਂਗੇ
'ਚਾਹਲ' ਗੁਰੂ ਜੀ ਦੀ ਜਿੰਨੀ ਵੀ ਸਿਫ਼ਤ ਕਰੀਏ
ਉਹਨੀ ਹੀ ਘੱਟ ਹੈ ਜੀ, ਤੇ ਵਾਹਿਗੁਰੂ ਜੀ ਦੀ ਫ਼ਤਿਹ ਬਲਾ ਦਿਆਂਗੇ
ਤੌਬਾ ਤੌਬਾ ਕਹਿ ਕੰਨਾਂ ਨੂੰ ਹੱਥ ਲਗਵਾ ਦਿਆਂਗੇ
ਤੌਬਾ ਤੌਬਾ ਕਹਿ ਕੰਨਾਂ ਨੂੰ ਹੱਥ ਲਗਵ 'ਦਿਆਂਗੇ।

- ਬਿਹਾਰੀ ਲਾਲ ਚਾਹਲ

## ਕਵਿਤਾ "ਲਲਕਾਰ"

ਦਲਿਤ ਕੌਮ ਦੇ ਏਹ ਨੌਜਵਾਨੋ ਵਕਤ ਰਿਹਾ ਲਲਕਾਰ, ਲਲਕਾਰ ਉੱਠੋ
ਵਾਜਾਂ ਮਾਰਦਾ ਵਿਚ ਅਸਮਾਨ ਦੇਖੋ, ਬਾਬਾ ਸਾਹਿਬ ਦੇ ਰਾਜ ਦੁਲਾਰ ਉਠੋ।

ਸਦੀਆਂ ਹੋ ਗਈਆਂ ਗਮਾਂ ਦੀ ਨੀਂਦ ਅੰਦਰ, ਜਾਗੋ ਹੁਣ ਤੇ ਹੋ ਕੇ ਹੁਸ਼ਿਆਰ ਉਠੋ
ਅੱਜ ਵਕਤ ਹੈ ਵਕਤ ਨੂੰ ਸੰਭਾਲਣੇਦਾ, ਕਦਰ ਵਕਤ ਦੀ ਕਰੋ ਦਲਦਾਰ ਉਠੋ।

ਬਣਾ ਕੇ ਵੋਟ ਜਿਸ ਜਿਊਣ ਦਾ ਹੱਕ ਦਿੱਤਾ, ਉਹਦੀ ਯਾਦ ਵਿਚ ਹੋ ਕੇ ਬੇਜਾਰ ਉਠੋ
ਬੈਠੇ ਰਹਿ ਨਾ ਜਾਵਦਾ ਕਿਤੇ ਯਾਰੋ, ਖੜ੍ਹੇ ਹੋ ਜਾਓ ਵਿਚ ਕਤਾਰ ਉਠੋ।

ਹਰ ਇਕ ਗੱਲ ਦਾ ਸਭ ਨੂੰ ਹੱਕ ਪੂਰਾ, ਦੇ ਗਿਆ ਜੋ ਭੀਮ ਅਵਤਾਰ ਉਠੋ
ਧੰਨ ਹੈ ਧੰਨ ਹੈ ਧੰਨ ਹੈ ਕਲਮ ਉਸਦੀ, ਬਾਬਾ ਸਾਹਿਬ ਦੇ ਜਾਉ ਬਿਲਹਾਰ ਉਠੋ।

ਉਹਦਾ ਨਾਮ ਲੈ ਸੱਜਣੋ ਵਧੋ ਅੱਗੇ, ਨਹੀਂ ਆਵੇਗੀ ਕਦੇ ਵੀ ਹਾਰ ਉਠੋ
ਜਿਸ ਤੇ ਖਿਜ਼ਾ ਨਾ ਕਦੇ ਵੀ ਆ ਸਕੇ, ਐਸੀ ਹਮੇਸ਼ਾ ਲਈ ਬਣਕੇ ਬਹਾਰ ਉਠੋ।
ਜਿਹੜਾ ਕਦਮ ਉਠੇ ਪੱਥਰ ਵਾਂਗ ਹੋਵੇ, ਰਸਤੇ ਕੰਢਿਆਂ 'ਤੇ ਦੇ ਕੇ ਭਾਰ ਉਠੋ

ਜੁਲਮ ਕਰਨ ਤੋਂ ਆਉਂਦੇ ਨਹੀਂ ਵਾਜ ਜਿਹੜੇ, ਬਣ ਕੇ ਉਹਨਾਂ ਦੇ ਲਈ ਲਲਕਾਰ ਉਠੋ
ਜਾਨ ਗਦਾਰਾਂ ਦੀ ਵੀ ਮੁੱਠ ਵਿਚ ਆ ਜਾਵੇ, ਦਲਿਤ ਕੌਮ ਦੇ ਏਹ ਪਹਿਰਦਾਰ ਉਠੋ।



ਅੱਤਿਆਚਾਰ ਤੇ ਜ਼ੁਲਮ ਨੂੰ ਤੋੜਨੇ ਦੇ ਲਈ,
ਦੋ ਚਾਰ ਨਹੀਂ ਲੱਖ ਹਜ਼ਾਰ ਉਠੋ
ਕਿਸਮਤ ਆਪਣੀ ਦਾ ਫੈਸਲਾ ਆਪ ਕਰਨਾ,
ਅੱਜ ਤੁਸੀਂ ਹੋ ਖੁਦ ਮੁਖਤਿਆਰ ਉਠੋ
'ਬਿਹਾਰੀ ਲਾਲ' ਦੀਵਾਰਾਂ ਉਹ ਤੋੜ ਸੁੱਟੋ,
ਜਿਹੜੀਆਂ ਪਈਆਂ ਇਨਸਾਨਾਂ ਵਿਚਕਾਰ ਉਠੋ।

– ਬਿਹਾਰੀ ਲਾਲ ਚਾਹਲ
(ਨਕੋਦਰੀਆ)

ਕੀ ਤੁਸੀਂ ਸੈਕਰਾਮੈਂਟੋ / ਬੇ-ਏਰੀਆ ਵਿਚ ਘਰ ਜਾਂ ਵਪਾਰਕ ਸੰਪਤੀ ਖਰੀਦਣ ਜਾਂ ਵੇਚਣ ਦੇ ਚਾਹਵਾਨ ਹੋ?

Your Honest and Experienced REALTOR



Buying or Selling a Home?
Work With an Agent You Can Trust!

John Singh Banga
(916) 271-5404
Banga.Realtor@gmail.com
Visit My Website:
www.banga.bhhser.com
7412 Elsie Ave.
Sacramento, CA 95828

BERKSHIRE HATHAWAY HomeServices
FOR OVER 15 YEARS A TOP PRODUCER
REALTOR
EQUAL HOUSING OPPORTUNITY

CALBRE #01397975

PURCHASE OR REFINANCE

Low rates and special California loan programs may be able to help you purchase a new home or lower your rate on your existing home. Call me today to see how affordable it can be.



FIRST TIME BUYER? CALL ME TO GET STARTED ON THE PATH TO HOME OWNERSHIP.

| DOWN PAYMENT ASSISTANCE | FHA | REFINANCE | CONV | & MORE |
| --- | --- | --- | --- | --- |

AKASH BANGA
Loan Originator - NMLS #1868842
(916) 705-7837 | abanga@rhloans.com

TOP 25 MORTGAGE LENDER IN SACRAMENTO - 2018 REPORT
SACRAMENTO BUSINESS JOURNAL
EQUAL HOUSING LENDER

Residential Home Loans, a division of Cherry Creek Mortgage Company is not endorsed by, nor acting on behalf of, or at the direction of, the U.S. Department of Housing and Urban Development, Federal Housing Administration, the Veterans Administration, the U.S. Department of A griculture, Fannie Mae, Freddie Mac or the federal government or any state housing agency. This material is informational only. This is not an advertisement to extend credit as defined by Regulation Z, nor an application for credit as defined by RESPA/Regulation X. All applications are subject to underwriting guidelines and approval based upon the credit, assets, value of subject property and borrower's ability to repay. Not all applicants are eligible for or qualify for all loan products offered. All loan programs, terms, and conditions are subject to change without notice. Effective date 8/23/2018. Cherry Creek Mortgage Co., Inc. NMLS #3001 dba Residential Home Loans. Licensed by the Department of Business Oversight under the California Residential Mortgage Lending Act . License #4130289. 5751 Sunrise Blvd., Citrus Heights CA 95610

# ਆਪਣਾ ਪੰਜਾਬ ਸਪੋਰਟਸ ਐਸੋਸੀਏਸ਼ਨ ਕੈਲੇਫੋਰਨੀਆ (ਯੂ.ਐਸ.ਏ.)

## ਵੱਲੋਂ ਗਦਰੀ ਬਾਬਾ ਬਾਬੂ ਮੰਗੂ ਰਾਮ ਮੁੱਗੋਵਾਲੀਆ ਜੀ ਨੂੰ ਕੋਟਿਨ-ਕੋਟਿ ਪ੍ਰਣਾਮ !!!

ਉਘੇ ਮਹਾਨ ਦੇਸ਼ ਭਗਤ ਗਦਰੀ ਬਾਬਾ
ਬਾਬੂ ਮੰਗੂ ਰਾਮ ਮੁੱਗੋਵਾਲੀਆ ਜੀ ਦੇ 134ਵੇਂ
ਜਨਮ ਦਿਨ ਦੇ ਮੌਕੇ ਸਮੂਹ ਮਾਨਵਤਾ ਪ੍ਰੇਮੀਆਂ ਨੂੰ

**ਲੱਖ - ਲੱਖ ਵਧਾਈਆਂ**

*ਨਵਾਂ ਸਾਲ 2020 ਦੀਆਂ ਲੱਖ-ਲੱਖ ਮੁਬਾਰਕਾਂ*
*ਵਾਹਿਗੁਰੂ ਕਰੇ ਨਵਾਂ ਸਾਲ ਸਮੂਹ ਦੇਸ਼ ਵਾਸੀਆਂ*
*ਲਈ ਖੁਸ਼ੀਆਂ ਤੇ ਖੁਸ਼ਹਾਲੀ ਭਰਿਆ ਹੋਵੇ*





## ਵਧੇਰੇ ਜਾਣਕਾਰੀ ਲਈ ਸੰਪਰਕ ਕਰੋ

ਕਸ਼ਮੀਰ ਸਿੰਘ ਧੁੱਗਾ (ਚੇਅਰਮੈਨ) ਫੋਨ: 510-816-9044
ਅਵਤਾਰ ਸਿੰਘ ਤਾਰੀ, ਫੋਨ: 510-750-5152

ਮਨਜੀਤ ਸਿੰਘ ਵਿਰਕ
ਕੁਲਵੰਤ ਸਿੰਘ ਬੰਗਾ
ਜਤਿੰਦਰ ਸਿੰਘ ਤੱਖਰ
ਮਨਜੀਤ ਸਿੰਘ ਗਿੱਲ
ਕਮਲਜੀਤ ਸਿੰਘ ਅਟਵਾਲ
ਮਹਿੰਗਾ ਸਿੰਘ ਸੰਧੂ, ਸਰਪੰਚ

ਜਸਵੰਤ ਸਿੰਘ ਸਰਾਂ
ਬਿਕਰਮਜੀਤ ਸਿੰਘ
ਦਰਸ਼ਨ ਸਿੰਘ ਔਜਲਾ
ਰਣਵੀਰ ਸਿੰਘ ਘੋਲੀਆ
ਮਲਵਿੰਦਰ ਸਿੰਘ ਚਾਹਲ

ਕਵੀ ਰਾਜ ਧੁੱਗਾ
ਕੈਮ ਗਿੱਲ
ਮਨਜੀਤ ਸਿੰਘ ਸੰਧੂ
ਮੋਹਿੰਦਰਪਾਲ ਭੱਟੀ
ਜੌਹਨ ਪਾਲ ਸਿੰਘ
ਗੁਰਿੰਦਰ ਸਿੰਘ ਪੁਰੇਵਾਲ